ISSN: 2277-9930

65-66

ਅਪ੍ਰੈਲ-ਸਤੰਬਰ 2020

# ਪ੍ਰਤਿਮਾਨ

ਮੁੱਲ: 50/-



## ਇੰਜ ਕਿਉਂ ?

ਪਿੰਜਰੇ ਦੀ ਕੈਦ ਚੋਂ ਛੁੱਟ,
ਖੁੱਲ੍ਹੀ ਹਵਾ 'ਚ,
ਭਰਵੀਂ ਉਡਾਰੀ,
ਭਰ ਨਾ ਸਕੇ,
ਉਦਾਸ ਪੰਛੀ ਦੀ ਹਾਲਤ,
ਉਹਦੀ ਹਸਰਤ,
ਪਿੰਜਰੇ ਦਾ ਮੋਹ-ਬੰਧਨ,
ਤਿਆਗ ਨਾ ਸਕੇ,
ਅੰਦਰੇ ਰਹਿਣਾ ਲੋਚੇ।
ਇੰਜ ਕਿਉਂ?

## ਜੁਦਾਈ

ਉਹ ਅਦਾਵਾਂ ਦੀ ਜਾਦੂਗਰਨੀ।
ਉਹ ਸ਼ਬਦਾਂ ਦਾ ਜਾਦੂਗਰ।
ਇੱਕ ਦੂਜੇ ਨੂੰ ਰੋਜ਼,
ਨਵੇਂ-ਨਵੇਂ ਕਰਤੱਵ ਦਿਖਾਉਂਦੇ,
ਮਨ ਬਹਿਲਾਉਂਦੇ,
ਦਿਲਾਂ 'ਚ ਅਹਿਸਾਸ ਜਗਾਉਂਦੇ,
ਜਦ ਵਿੱਛੜਦੇ-
ਮਿਲਣ ਦਾ ਵਾਅਦਾ ਲੈ-
ਦਿਲ ਵਿੰਨ੍ਹਵੀਂ ਕੂੰਜ ਦੀ ਕੂਕ ਵਾਂਗ,
ਮਨ-ਵੇਦਨਾ ਦੀ ਲੰਬੀ ਹੂਕ ਵਾਂਗ।
ਦੋਹੀਂ ਪਾਸੀਂ ਉਦਾਸੀ ਛਾ ਜਾਂਦੀ।
ਦੂਰ ਗਗਨਾਂ 'ਚ ਬੈਠਾ,
ਮਨ ਦੀਆਂ ਤਰੰਗਾਂ 'ਚ ਬੈਠਾਂ
ਪਿਆਰ ਦਾ ਦੇਵਤਾ ਮੁਸਕਰਾਉਂਦਾ।

ਅਦਾਵਾਂ ਦੀ ਜਾਦੂਗਰਨੀ,
ਅੱਜ ਉਦਾਸ ਮਿਲੀ,
ਦਿਲ ਖੋਲ੍ਹਦੀ ਡੁਸਕੀ-
'ਸ਼ਬਦਾਂ ਦੇ ਜਾਦੂਗਰਾ,
ਤੈਨੂੰ ਦਰਦ ਦੇਣ ਦੀ
ਫ਼ਿਤਰਤ ਹੈ ਨਹੀਂ,
ਸਾਂਝੇ ਸੁਪਨੇ ਬੁਣਨ ਦੀ
ਹਿੰਮਤ ਹੈ ਨਹੀਂ,
ਖ਼ਤਾਵਾਂ ਦੀ ਪੰਡ, ਸਿਰ 'ਤੇ ਸਾਡੇ,
ਜਾਣ ਦੇ, ਬੱਸ ਹੁਣ ਦੂਰ ਦੁਰਾਡੇ।'



ਸ਼ਬਦਾਂ ਦਾ ਜਾਦੂਗਰ ਚੁੱਪ, ਗੁੰਮ-ਸੁੰਮ।
ਅਜੀਬ ਕਸ਼ਮਕਸ਼ 'ਚ ਗ੍ਰਿਫ਼ਤਾਰ,
ਉਹਦੇ ਅੰਦਰ 'ਰੇਸ਼ਮਾ' ਦੀ ਪੁਕਾਰ-
'ਹਾਏ, ਲੰਬੀ ਜੁਦਾਈ,
ਚਾਰ ਦਿਨੋਂ ਕਾ ਪਿਆਰ, ਓ ਰੱਬਾ,
ਬੜੀ ਲੰਬੀ ਜੁਦਾਈ, ਲੰਬੀ ਜੁਦਾਈ।'
ਫਿਰ ਉਹ ਕੂਕ ਉੱਠਿਆ,
ਹਾਏ ਓ ਰੱਬਾ,
ਬਣ ਨਾ ਜਾਏ ਇਹ ਕਿਧਰੇ-
ਸਦੀਵੀ ਜੁਦਾਈ!

## ਅਲਵਿਦਾ

ਤੇਰੇ ਸ਼ਹਿਰ ਵਿਚੋਂ ਦੀ ਲੰਘ ਰਿਹਾ ਸੀ
ਨਾ ਚਾਹੁੰਦੇ ਹੋਏ ਵੀ
ਤੇਰੇ ਘਰ ਵਲ ਮੁਹਾਰਾਂ ਮੋੜ ਲਈਆਂ
ਤੇ ਆ ਰੁਕਿਆ
ਤੇਰੇ ਘਰ ਦੇ ਮੁੱਖ ਦੁਆਰ ਅੱਗੇ।

ਮੇਰੇ ਸੁੰਦਰ ਰਸੀਆ!
ਸ਼ਰੀਂਹ ਦੇ ਫੁੱਲ-ਪੱਤਿਆਂ ਦਾ
ਨੱਚਦਾ ਸਹਿਰਾ ਦੇਖ
ਅਸੀਸਾਂ ਦਿੰਦਾ ਹੋਇਆ
ਮੈਂ ਆਪਣੇ ਮਨ ਦੇ
ਅਣਗਿਣਤ ਸੁਪਨੇ ਸਮੇਟਦਾ
ਤੇਰੇ ਬਾਰੇ ਤੇ ਸ਼ਹਿਰ ਬਾਰੇ
ਨਵਾਂ ਸੰਕਲਪ ਲੈਂਦਾ, ਪਰਤ ਆਇਆ।

ਮੇਰੇ ਪਿਆਰੇ ਪਿਆਰ,
ਤੈਨੂੰ ਮੇਰੀ ਅਣਕਹੀ ਤੇ
ਅਣਸੁਣੀ ਮੋਹ ਭਰੀ
ਅਲਵਿਦਾ।

## ਉੱਡਦੀ ਬਦਲੀ

ਮੈਨੂੰ ਤੇਰੀ ਕੋਈ ਚਿੰਤਾ ਨਹੀਂ
ਭਾਵੇਂ ਤੂੰ ਗਗਨ 'ਚ ਤਾਰੀਆਂ ਲਾ
ਤੇ ਚਾਹੇ ਹਵਾਵਾਂ 'ਚ ਉਡਾਰੀਆਂ।
ਮੈਨੂੰ ਪਤਾ,
ਤੂੰ ਆਪਣੇ ਅੰਦਰ
ਜਜ਼ਬਿਆਂ ਦੀਆ
ਮਸ਼ਕਾਂ ਭਰੀ ਬੈਠੀ ਹੈਂ।
ਸ਼ਾਇਦ ਤੂੰ
ਇਸ ਤੋਂ ਅਣਜਾਣ ਹੋਵੇਂ।
ਪਰ ਮੈਨੂੰ ਵਿਸ਼ਵਾਸ ਹੈ
ਮੇਰੀ ਉੱਡਦੀ ਬਦਲੀਏ,
ਤੂੰ ਇੱਕ ਦਿਨ ਵਰ੍ਹਨਾ ਤਾਂ ਹੈ
ਕਿਸੇ ਦਿਲ ਦੀ ਜ਼ਮੀਨ ਤੇ।
ਸੁਣ-ਮੇਰੀਏ ਬਦਲੀਏ,
ਉਹ ਭੋਇ ਮੇਰੇ ਹੀ ਦਿਲ ਦੀ ਹੈ।
ਤੈਨੂੰ ਇੱਕ ਦਿਨ ਵਰ੍ਹਨਾ ਤੇ ਪੈਣਾ ਹੀ ਹੈ
ਇਸ ਬੰਜਰ ਦਿਲ ਦੀ ਧਰਤ ਦੀ
ਪਿਆਸ ਬੁਝਾਉਣ ਲਈ।
ਇਹ ਮੇਰਾ ਵਿਸ਼ਵਾਸ ਹੈ।
ਮੇਰਾ ਵਿਸ਼ਵਾਸ।
ਮੇਰੀ ਉੱਡਦੀ ਬਦਲੀਏ।

## ਮੇਰੀ ਪਿਆਰੀ ਧਰਤੀਏ

ਮੇਰੀ ਪਿਆਰੀ ਧਰਤੀਏ !
ਤੂੰ ਮੈਨੂੰ ਆਪਣੇ ਘੇਰੇ 'ਚ ਲੈ
ਸਦਾ ਰੁੱਤਾਂ ਦੀ ਖੇਡ ਖੇਡਦੀ ਰਹਿੰਦੀ ਏਂ।
ਮਨ ਮੌਜਾਂ ਕਰਦੀ ਰਹਿਣੀ ਏਂ।
ਕਾਸ਼! ਕਦੇ ਤੂੰ ਇਹ ਤਾਂ ਸੋਚ
ਤੇਰਾ ਇਹ ਸੂਰਜ ਅਜ਼ਲਾਂ ਤੋਂ
ਤੇਰੇ ਲਈ ਬਲ ਰਿਹਾ ਹੈ।
ਹਿਜਰ ਦੀ ਅੱਗ 'ਚ ਜਲ ਰਿਹਾ ਹੈ।
ਮੇਰੀ ਪਿਆਰੀ ਧਰਤੀਏ!
ਕਦੇ ਤਾਂ ਤੂੰ ਇਸ ਬਾਰੇ ਸੋਚ !!

# ਪ੍ਰਤਿਮਾਨ

ਪੰਜਾਬੀ ਸਾਹਿਤ, ਸੱਭਿਆਚਾਰ ਅਤੇ ਭਾਸ਼ਾ ਦੇ ਬਦਲਦੇ ਰੁਝਾਨਾਂ ਨੂੰ ਰੇਖਾਂਕਿਤ ਕਰਦਾ ਤ੍ਰੈਮਾਸਿਕ ਮੈਗਜ਼ੀਨ

ਅਪ੍ਰੈਲ-ਸਤੰਬਰ 2020 (ਅੰਕ:65-66)

ISSN: 2277-9930

RNI No. PUNPUN/2006/16230



ਸੰਪਾਦਕ (ਆਨਰੇਰੀ)

ਡਾ. ਅਮਰਜੀਤ ਕੌਂਕੇ

ਪ੍ਰਬੰਧ ਸੰਪਾਦਕ

ਗਗਨਦੀਪ ਸਿੰਘ

ਰਚਨਾਵਾਂ ਭੇਜਣ ਲਈ ਪਤਾ

ਡਾ. ਅਮਰਜੀਤ ਕੌਂਕੇ
718, ਰਣਜੀਤ ਨਗਰ-ਏ
ਪਟਿਆਲਾ-147001 (ਪੰਜਾਬ)
98142-31698
E-mail: pratimaan@yahoo.co.in
www.pratimaan.in



OUR PEERS

ਡਾ. ਜਸਵਿੰਦਰ ਸਿੰਘ, ਡਾ. ਰਵੇਲ ਸਿੰਘ, ਡਾ. ਦਰਿਆ, ਡਾ. ਸਰਬਜੀਤ ਸਿੰਘ, ਡਾ. ਆਤਮ ਰੰਧਾਵਾ, ਸੁਰਿੰਦਰ ਗੀਤ (ਕੈਨੇਡਾ)



TITLE PAINTING BY

KUNWAR RAVINDRA

ਕਨਸੈਪਟ, ਕੰਪੋਜ਼ਿੰਗ ਅਤੇ ਡੀਜ਼ਾਈਨਿੰਗ

ਰਾ ਡੀਜ਼ਾਇਨਜ਼,ਪਟਿਆਲਾ।
97810-33133
E-mail: raadesigns89@gmail.com

ਸਹਿਯੋਗ ਰਾਸ਼ੀ

ਇੱਕ ਅੰਕ: 50/-, ਵੀਹ ਅੰਕ (5 ਸਾਲ): 1000/-
ਜੀਵਨ ਮੈਂਬਰਸ਼ਿਪ: 2500/-, ਵਿਦੇਸ਼: $200

ਸਹਿਯੋਗ ਰਾਸ਼ੀ 'ਪ੍ਰਤਿਮਾਨ' ਦੇ ਨਾਂ 'ਤੇ ਭੇਜੀ ਜਾਵੇ

PRATIMAAN
718-Ranjit Nagar-A
Patiala. (Punjab) India
Mob. 098142-31698
E-mail: pratimaan@yahoo.co.in

Hon. Editor : Dr. Amarjeet Kaunke


## ਤਰਤੀਬ


**ਸੰਪਾਦਕੀ - ਇਹਨਾਂ ਕੋਰੋਨਾ ਸਮਿਆਂ ਵਿੱਚ / ਅਮਰਜੀਤ ਕੌਂਕੇ / 2**

**ਜੀਵਨ ਯਾਦਾਂ** / ਗੁਰਸ਼ਰਨ ਸਿੰਘ ਰੰਧਾਵਾ / 18

**ਕਹਾਣੀਆਂ**

ਗ਼ੈਰਤ ਦੀਆਂ ਪੈੜਾਂ / ਨਿਰੰਜਨ ਬੋਹਾ / 5, ਸੋਚ / ਸੁਰਿੰਦਰ ਗੀਤ / 13, ਅਹਮ ਦੀ ਜਿੱਤ / ਡਾ. ਹੰਸਾ ਦੀਪ / 22, ਮਿੰਨੀ ਕਹਾਣੀਆਂ / ਜਸਵੀਰ ਢੰਡ / 26, ਚੁਟਕਲਾ / ਹਰਦੀਪ ਸੱਭਰਵਾਲ / 33, ਸੱਟ / ਪੂਨਮ ਗੁਪਤਾ / 47

**ਇਸ ਅੰਕ ਦਾ ਸ਼ਾਇਰ / ਮਹਿੰਦਰ ਸਾਥੀ / 28-29**

**ਕਵਿਤਾਵਾਂ / ਗ਼ਜ਼ਲਾਂ / ਗੀਤ**

ਗੁਰਦੇਵ ਚੌਹਾਨ / 3, ਅਮਰਜੀਤ ਕਸਕ, ਪ੍ਰਭਜੋਤ ਸੋਹੀ / 4, ਰੁਪਿੰਦਰ ਸ਼ੇਖਰ ਸੁਮਨ / 10, ਸ਼ਹੰਸ਼ਾਹ ਆਲਮ / 11, ਸ਼ੰਕਰ ਨੰਦ / 12, ਮਨਮੋਹਨ ਕੌਰ / 14, ਮਲਵਿੰਦਰ, ਸਰਿਤਾ ਤੇਜੀ / 15, ਗਣੇਸ਼ ਗਨੀ, ਸੰਜੀਵ ਕੌਸ਼ਲ / 16, ਮਨਦੀਪ ਔਲਖ / 17, ਡਾ. ਲਖਵਿੰਦਰ ਕੌਰ / 21, ਸੀਮਾ ਵਰਮਾ / 24, ਸਤਨਾਮ ਚੌਹਾਨ, ਰਾਕੇਸ਼ ਆਨੰਦ / 25, ਗੁਰਪ੍ਰੀਤ ਧਰਮਕੋਟ / 27, ਸੁਰਜੀਤ ਸਿੰਘ ਕਾਉਂਕੇ, ਧਾਮੀ ਗਿੱਲ / 30, ਸੁਧਾ ਓਮ ਢੀਂਗਰਾ, ਨੇਚਰਦੀਪ ਕਾਹਲੋਂ / 31, ਗੁਰਪ੍ਰੀਤ ਕੌਰ ਧਾਲੀਵਾਲ, ਗੁਰਦੀਪ ਗਿੱਲ / 32, ਡਾ. ਸੁਨੀਤਾ / 34, ਸੁਮਨਦੀਪ ਸਿਘ, ਰਮਿੰਦਰ ਕੌਰ ਰੰਮੀ, ਰਿਸ਼ੀ ਹਿਰਦੇਪਾਲ / 35, ਡਾ. ਮੇਹਰ ਮਾਣਕ / 36, ਕੁਲ ਰਾਜੀਵ ਪੰਤ, ਬਚਨ ਸਿੰਘ ਗੁਰਮ / 37, ਸੁਸ਼ੀਲ ਕੁਮਾਰ ਅਜ਼ਾਦ / 38, ਸ਼ਾਲਿਨੀ ਰਾਵਤ, ਦੀਪਤੀ ਸਾਰਸਵਤ / 39, ਮੀਠੇਸ਼ ਨਿਰਮੋਹੀ, ਪਰਮਿੰਦਰ ਕੌਰ ਅਮਨ / 40, ਨੀਤੂ ਰਾਮਪੁਰ, ਰਾਜੀਵ ਸੇਠ / 41, ਕੋਮਲਦੀਪ, ਪ੍ਰੀਤੀ ਸ਼ਰਮਾ ਅਸੀਮ / 42, ਜਗਜੀਤ ਗਿੱਲ / 52, ਬੇਬੀ ਕੌਰ / 55

**ਆਲੋਚਨਾ ਨਿਬੰਧ / ਰੀਵੀਊ**

ਬਲਬੀਰ ਪਰਵਾਨਾ ਦੇ ਨਾਵਲ: ਪਛਾਣ ਚਿੰਨ੍ਹ / ਪਰਮਿੰਦਰ ਕੌਰ / 43, ਭਗਤ ਕਬੀਰ ਅਤੇ ਉਨ੍ਹਾਂ ਦੀ ਬਾਣੀ / ਹਰਿੰਦਰਪਾਲ ਕੌਰ / 45, ਸਵਰਾਜਬੀਰ ਦੇ ਨਾਟਕ ਮੇਦਨੀ ਦਾ ਸ਼ੈਲੀਗਤ ਅਧਿਐਨ / ਜਸਦੀਪ ਕੌਰ / 48, ਰਿਸ਼ਤਿਆਂ ਦਾ ਕੀ ਰਖੀਏ ਨਾਂ' ਨਾਟਕ ਦੀ ਨਾਟਕੀ ਵਿਧੀ / ਡਾ. ਗੁਰਮੋਹਿੰਦਰ ਸਿੰਘ / 50, ਇਸਤਰੀ ਕਹਾਣੀਕਾਰਾਂ ਦਾ ਪੰਜਾਬੀ ਵਿੱਚ ਯੋਗਦਾਨ / ਹਰਜਿੰਦਰ ਪਾਲ ਕੌਰ / 53

**ਸਵਾਗਤ ਜ਼ਿੰਦਗੀ** / ਡਾ. ਪੁਸ਼ਵਿੰਦਰ ਕੌਰ / 56



ਡੀ.ਪੀ.ਆਈ (ਸਕੂਲਜ਼), ਪੰਜਾਬ ਦੇ ਪੱਤਰ ਨੰਬਰ 4/2-2006, ਐਡੀਟਰ ਪੰਜਾਬੀ, ਮਿਤੀ 18/8/2006 ਅਨੁਸਾਰ 'ਪ੍ਰਤਿਮਾਨ' ਸਾਰੇ ਸਕੂਲਾਂ ਅਤੇ ਕਾਲਜਾਂ ਲਈ ਪ੍ਰਵਾਨਿਤ ਹੈ।



*ਪ੍ਰਤਿਮਾਨ ਦੇ ਸੰਪਾਦਕ ਅਤੇ ਸਾਰੇ ਸਹਿਯੋਗੀ ਆਨਰੇਰੀ ਹਨ।
*ਪ੍ਰਤਿਮਾਨ ਵਿੱਚ ਪ੍ਰਕਾਸ਼ਿਤ ਰਚਨਾਵਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
* ਲੇਖਕ ਆਪਣੀਆਂ ਲਿਖਤਾਂ ਲਈ ਖ਼ੁਦ ਜਿੰਮੇਵਾਰ ਹਨ।
*ਪ੍ਰਤਿਮਾਨ ਦਾ ਪ੍ਰਕਾਸ਼ਨ ਗੈਰ ਵਪਾਰਕ ਹੈ।



ਪ੍ਰਿੰਟਰ, ਮਾਲਕ ਅਤੇ ਪਬਲਿਸ਼ਰ ਪਰਮਜੀਤ ਕੌਰ ਨੇ ਸ਼ਹੀਦ-ਏ-ਆਜ਼ਮ ਪ੍ਰਿੰਟਿੰਗ ਪ੍ਰੈਸ,ਪਟਿਆਲਾ ਤੋਂ ਛਪਵਾ ਕੇ 718,ਰਣਜੀਤ ਨਗਰ-ਏ, ਪਟਿਆਲਾ ਤੋਂ ਜਾਰੀ ਕੀਤਾ।

## ਸੰਪਾਦਕੀ / ਇਹਨਾਂ ਕੋਰੋਨਾ ਸਮਿਆਂ ਵਿੱਚ

ਦੋਸਤੋ ! ਜਦੋਂ ਅਸੀਂ ਇਹ ਸਤਰਾਂ ਲਿਖ ਰਹੇ ਰਹੇ ਹਾਂ ਅਤੇ ਇਸ ਮੈਗਜ਼ੀਨ ਦੀ ਤਿਆਰੀ ਕਰ ਰਹੇ ਹਾਂ, ਤਾਂ ਸਾਰੀ ਦੁਨੀਆਂ ਲਾਕਡਾਊਨ ਵਿਚ ਫਸੀ ਆਪਣੇ ਆਪਣੇ ਘਰਾਂ ਵਿਚ ਰਹਿਣ ਲਈ ਮਜਬੂਰ ਹੈ। ਹੌਲੀ ਹੌਲੀ ਕਰਕੇ ਲਾਕਡਾਊਨ ਵਧਾਇਆ ਜਾ ਰਿਹਾ ਹੈ, ਕਰਫਿਊ ਵੀ ਲੱਗਿਆ ਹੋਇਆ ਹੈ, ਸਰਕਾਰੀ ਸਖਤੀ ਵੀ ਜਾਰੀ ਹੈ ਪਰ ਇਸ ਦੇ ਬਾਵਜੂਦ ਕੋਰੋਨਾ ਦਾ ਕਹਿਰ ਘਟ ਨਹੀਂ ਰਿਹਾ। ਨਵੇਂ ਕੇਸਾਂ ਵਿਚ ਰੋਜ਼ ਵਾਧਾ ਹੋਰ ਰਿਹਾ ਹੈ। ਕਦੇ ਤਬਲੀਗੀ ਜਮਾਤ, ਕਦੇ ਨੰਦੇੜ ਸਾਹਿਬ ਦੀ ਸੰਗਤ ਦੇ ਸਿਰ ਕਰੋਨਾ ਫੈਲਾਉਣ ਦੇ ਠੀਕਰੇ ਭੰਨ ਕੇ ਰਾਜਨੀਤਕ ਰੋਟੀਆਂ ਸੇਕਣ ਦੀ ਪੁਰਾਣੀ ਖੇਡ ਵੀ ਪੂਰੇ ਸਿਖਰਾਂ ਤੇ ਹੈ। ਪ੍ਰਵਾਸੀ ਮਜਦੂਰਾਂ ਦੇ ਲਾਕਡਾਊਨ ਵਿਚ ਫਸਣ, ਲੰਗਰ ਛਕਣ ਤੇ ਮੁੜ ਲੱਖਾਂ ਦੀ ਗਿਣਤੀ ਵਿਚ ਆਪਣੇ ਦੇਸ ਵੱਲ ਨੂੰ ਪਰਤਣ ਨਾਲ ਇੰਡਸਟਰੀ ਅਤੇ ਖੇਤੀ ਦੇ ਖੇਤਰ ਵਿਚ ਮਜਦੂਰਾਂ ਦੀ ਘਾਟ ਕਾਰਨ ਪੈਦਾ ਹੋਣ ਵਾਲਾ ਸੰਕਟ ਵੀ ਸਿਰ ਤੇ ਮੰਡਰਾ ਰਿਹਾ ਹੈ, ਇਸ ਦੇ ਨਾਲ ਨਾਲ ਹੀ ਕੁਦਰਤ ਆਪਣੇ ਆਪ ਨੂੰ ਰਿਫਰੈਸ਼ ਕਰ ਰਹੀ ਹੈ। ਨਿੱਕੀਆਂ ਨਿੱਕੀਆਂ ਚਿੜੀਆਂ ਫੇਰ ਵਾਪਿਸ ਪਰਤ ਆਈਆਂ ਨੇ। ਸਾਫ ਵਾਤਾਵਰਨ ਵਿਚ ਉਨ੍ਹਾਂ ਦੀ ਚਹਿਚਿਹਾਟ ਵਧੇਰੇ ਸਾਫ ਸੁਣਾਈ ਸੁਣਨ ਲਗੀ ਹੈ। ਅਕਾਸ਼ ਹੋਰ ਵਧੇਰੇ ਸਾਫ ਅਤੇ ਨੇੜੇ ਨਜ਼ਰ ਆਉਣ ਲੱਗਿਆ ਹੈ। ਜਾਨਵਰ ਸੜਕਾਂ ਤੇ ਤੁਰੇ ਫਿਰਦੇ ਹਨ ਅਤੇ ਬੰਦੇ ਦੇ ਗੁਆਚ ਜਾਣ ਤੇ ਹੈਰਾਨ ਹਨ। ਬਰਾਂਸਿੰਘੇ, ਹਾਥੀ ਕਦੇ ਕਦੇ ਜੰਗਲਾਂ ਚੋਂ ਨਿਕਲ ਕੇ ਸ਼ਹਿਰਾਂ ਦੇ ਦ੍ਰਿਸ਼ ਦੇਖਣ ਲਈ ਸੜਕਾਂ ਤੇ ਮਸਤ ਘੁੰਮਦੇ ਦੇਖੇ ਜਾ ਰਹੇ ਹਨ। ਦੁਖਾਵੇਂ ਸੁਖਾਵੇਂ ਇਨ੍ਹਾਂ ਮੰਜਰਾਂ ਦੇ ਵਿਚ ਕਈ ਸਵਾਲ ਜ਼ਹਿਨ ਵਿਚ ਗੂੰਜਦੇ ਹਨ ਜਿਨ੍ਹਾਂ ਦਾ ਕੋਈ ਜਵਾਬ ਨਹੀਂ ਮਿਲਦਾ। ਆਖਿਰ ਜਿਸ ਤਰੀਕੇ  ਨਾਲ ਇਹ ਸਭ ਚੱਲ ਰਿਹਾ ਹੈ ਉਸਨੂੰ ਦੇਖ ਕੇ ਪਤਾ ਨਹੀਂ ਲੱਗਦਾ ਕਿ ਕੀ ਇਹ ਅਲਾਮਤ ਕਦੇ ਖਤਮ ਹੋਵੇਗੀ ? ਕੀ ਅਸੀਂ ਪੂਰੀ ਤਰਾਂ ਇਸ ਤੋਂ ਭੈ-ਮੁਕਤ ਹੋ ਕੇ ਅਸੀਂ ਉਸੇ ਤਰਾਂ ਜ਼ਿੰਦਗੀ ਵਿਚ ਵਿਚਰ ਸਕਾਂਗੇ ਜਿਵੇਂ ਇਸ ਬਿਮਾਰੀ ਤੋਂ ਪਹਿਲਾਂ ਕਦੇ ਵਿਚਰਦੇ ਹੁੰਦੇ ਸੀ। ਇਸ ਬਾਰੇ ਸ਼ਾਇਦ ਕੋਈ ਵੀ ਕਿਆਸ ਅਰਾਈ ਕਰਨੀ ਸਮੇਂ ਤੋਂ ਬਹੁਤ ਪਹਿਲਾਂ ਅਤੇ ਬੇਹੱਦ ਨਿਰਮੂਲ ਹੋਵੇਗੀ। ਇਸ ਬਿਮਾਰੀ ਕਾਰਨ ਪੈਦਾ ਹੋਇਆ, ਆਰਥਿਕ ਮੰਦਾ ਦੁਨੀਆਂ ਨੂੰ ਕਿਸ ਕਗਾਰ ਤੇ ਲੈ ਜਾਵੇਗਾ। ਕਿੰਨਿਆਂ ਲੋਕਾਂ ਦੇ ਰੁਜ਼ਗਾਰ ਖੁਸ ਜਾਣਗੇ ਅਤੇ ਕਿੰਨੇ ਲੋਕ ਬੇਰੁਜਗਾਰ ਹੋ ਜਾਣਗੇ, ਕਿੰਨਿਆਂ ਦੇ ਛੋਟੇ ਉਦਯੋਗ ਬੰਦ ਹੋ ਜਾਣਗੇ, ਸਾਡੀਆਂ ਸਰਕਾਰਾਂ ਜੋ ਪਹਿਲਾਂ ਹੀ ਆਰਥਿਕ ਮੰਦੀ ਦਾ ਰੋਣਾ ਰੋਂਦੀਆਂ ਸ਼ਰਾਬ ਦੇ ਠੇਕਿਆਂ ਨੂੰ ਖੋਲਣ ਦੇ ਜਾਨਲੇਵਾ ਰਿਸਕ ਲੈਣ ਨੂੰ ਤਿਆਰ ਹੋਈਆਂ ਬੈਠੀਆਂ ਹਨ ਇਹ ਆਰਥਿਕ ਰਸਾਤਲ ਵਿਚ ਗਰਕ ਹੋ ਰਹੀ ਜਨਤਾ ਦੀ ਬਾਂਹ ਕਿਵੇਂ ਫੜਨਗੀਆਂ। ਸਕੂਲਾਂ ਵਿਚ ਬੱਚਿਆਂ ਦੀ ਪੜ੍ਹਾਈ ਕਿਵੇਂ ਹੋਵੇਗੀ, ਜਿਥੇ ਇਕ ਇਕ ਜਮਾਤ ਵਿਚ ਸੱਠ ਸੱਠ ਬੱਚੇ ਬੈਠਦੇ ਹਨ ਉਥੇ ਸੋਸ਼ਲ ਡਿਸਟੈਂਸ ਨੂੰ ਕਿਸ ਤਰਾਂ ਕਾਇਮ ਰੱਖਿਆ ਜਾ ਸਕੇਗਾ ਜਾਂ ਉਸਦੇ ਬਦਲਵੇਂ ਪ੍ਰਬੰਧ ਕਿਵੇਂ ਕੀਤੇ ਜਾ ਸਕਣਗੇ ? ਕਿਸੇ ਨੂੰ ਬਿਮਾਰੀ ਹੋਣ ਉਪਰੰਤ ਉਸ ਦੇ ਵਾਰਸਾਂ ਵੱਲੋਂ ਉਸਦੀ ਲਾਸ਼ ਦਾ ਸਸਕਾਰ ਕਰਨ ਤੋਂ ਵੀ ਕੰਨੀ ਕਤਰਾਉਣ ਦੀਆਂ ਘਟਨਾਵਾਂ ਨੇ ਸਮਾਜਿਕ ਰਿਸ਼ਤਿਆਂ ਵਿਚਲੀ ਬੇਗਾਨਗੀ ਨੂੰ ਜਿਸ ਤਰਾਂ ਉਜਾਗਰ ਕਰ ਦਿੱਤਾ ਹੈ, ਇਸ ਦੇ ਦੂਰ ਰਸੀ ਸਿੱਟੇ ਕੀ ਨਿਕਲਣਗੇ ?

ਦੁਨੀਆਂ ਭਰ ਦੇ ਚਿੰਤਕ ਇਹਨਾਂ ਪੋਸਟ-ਕਰੋਨਾ ਸਮਿਆਂ ਬਾਰੇ ਕਈ ਤਰਾਂ ਦੇ ਕਿਆਫ਼ੇ ਪੇਸ਼ ਕਰ ਰਹੇ ਹਨ, ਉਨ੍ਹਾਂ ਅਨੁਸਾਰ ਹੁਣ ਦੁਨੀਆਂ ਪਹਿਲਾਂ ਵਾਂਗ ਨਹੀਂ ਰਹੇਗੀ। ਆਰਥਿਕ ਮੰਦਵਾੜਾ ਵੱਧ ਜਾਵੇਗਾ ਅਤੇ ਹਥਿਆਰਾਂ ਦੀ ਦੌੜ ਵਿਚ ਕਮੀ ਦੇਖਣ ਨੂੰ ਮਿਲੇਗੀ। ਜਿਸ ਵਿਗਿਆਨ ਵਿਚ ਦੁਨੀਆਂ ਨੂੰ ਰੱਬ ਤੋਂ ਵੀ ਵੱਡਾ ਵਿਸ਼ਵਾਸ ਸੀ ਉਹ ਸਮੁੱਚਾ ਵਿਗਿਆਨ ਇਸ ਛੋਟੇ ਜਿਹੇ ਵਾਇਰਸ ਦੇ ਸਾਹਮਣੇ ਕਿਸ ਤਰਾਂ ਗੋਡੇ ਟੇਕ ਗਿਆ ਹੈ, ਇਸ ਨਾਲ ਕੁਦਰਤ ਵਿਚ (ਰੱਬ ਵਿਚ ਨਹੀਂ) ਲੋਕਾਂ ਦਾ ਵਿਸ਼ਵਾਸ ਹੋਰ ਵੀ ਪਕੇਰਾ ਹੋਵੇਗਾ। ਧਾਰਮਿਕ ਸਥਾਨਾਂ ਪ੍ਰਤੀ ਸ਼ਰਧਾ ਉਹੋ ਜਿਹੀ ਨਹੀਂ ਰਹੇਗੀ ਜਿਹੋ ਜਿਹੀ ਕਰੋਨਾ ਕਾਲ ਤੋਂ ਪਹਿਲਾਂ ਸੀ। ਘਰਾਂ ਵਿਚੋਂ ਕੰਮ ਕਰਨ, ਔਨਲਾਈਨ ਪੜ੍ਹਾਈ ਕਰਨ, ਮੀਟਿੰਗਾਂ ਕਰਨ, ਡਿਜੀਟਲ ਜਾਂ ਵੀਡੀਓ ਕਾਨਫਰੰਸ ਕਰਨ ਦਾ ਜੋ ਪ੍ਰਚਲਨ ਇਨ੍ਹਾਂ ਕਰੋਨਾ ਡੇਅਜ਼ ਵਿਚ ਸ਼ੁਰੂ ਹੋ ਚੁੱਕਿਆ ਹੈ, ਇਹ ਰੁਝਾਨ ਹੋਰ ਵਧੇਰਾ ਵਧੇਗਾ। ਸੈਰ ਸਪਾਟੇ, ਸਮਾਜਿਕ ਥਾਵਾਂ, ਹਵਾਈ ਯਾਤਰਾਵਾਂ ਵੱਲ ਲੋਕਾਂ ਦਾ ਰੁਝਾਨ ਘਟੇਗਾ। ਮਨੁੱਖ ਹੋਰ ਇਕੱਲਤਾ ਵੱਲ ਵਧੇਗਾ ਤੇ ਰਿਸ਼ਤਿਆਂ ਵਿਚਲੀਆਂ ਦੂਰੀਆਂ ਹੋਰ ਵੱਧ ਜਾਣਗੀਆਂ। ਮਨੁੱਖ ਦੀ ਇਸ ਇਕੱਲਤਾ ਵਿਚ ਫ਼ਿਲਮਾਂ, ਸੰਗੀਤ, ਕਿਤਾਬਾਂ ਵਿਚ ਲੋਕਾਂ ਦਾ ਰੁਝਾਨ ਵਧੇਗਾ। ਵਿਸ਼ਵ ਭਰ ਦੇ ਚਿੰਤਕਾਂ ਵੱਲੋਂ ਇਹ ਲਾਏ ਜਾ ਰਹੇ ਕਿਆਫ਼ੇ ਕਿੰਨੇ ਕੁ ਠੀਕ ਜਾਂ ਗ਼ਲਤ ਸਾਬਤ ਹੁੰਦੇ ਹਨ ਇਹ ਆਉਣ ਵਾਲਾ ਸਮਾਂ ਹੀ ਦੱਸੇਗਾ ਪਰ ਇਕ ਗੱਲ ਜਰੂਰ ਨਿਸ਼ਚਿਤ ਹੈ ਕਿ ਕਰੋਨਾ ਕਾਲ ਤੋਂ ਬਾਅਦ ਦੀ ਦੁਨੀਆਂ, ਕਰੋਨਾ ਕਾਲ ਤੋਂ ਪਹਿਲਾਂ ਦੀ ਦੁਨੀਆਂ ਤੋਂ ਬਹੁਤ ਵੱਖਰੀ ਹੋਵੇਗੀ...

**-ਅਮਰਜੀਤ ਕੌਂਕੇ**



## ਕਲਾ ਅਤੇ ਰੋਟੀ

ਕਲਾ ਜ਼ਰੂਰੀ ਹੈ ਜਾਂ ਰੋਟੀ
ਲਗਦਾ ਹੈ ਜਿਵੇਂ ਜਿੱਤ ਲਈ ਹੋਵੇ
ਇਸ ਪ੍ਰਸ਼ਨ ਵਿਚ ਆਖਰ
ਰੋਟੀ ਨੇ ਲੰਗੋਟੀ

ਭਾਵੇਂ ਰੋਟੀ ਦਾ ਸਵਾਲ
ਮੋਟਾ ਹੈ ਅਤੇ ਕਲਾ ਤੋਂ
ਪਹਿਲਾਂ ਆਉਂਦਾ ਹੈ
ਪਰ ਕਲਾ ਰੋਟੀ ਤੋਂ
ਪਹਿਲਾਂ ਆਉਂਦੀ ਹੈ
ਘਟੋ ਘੱਟ ਇਸ ਕਵਿਤਾ
ਦੇ ਸ਼ੀਰਸ਼ਕ ਵਿਚ
ਮਨ ਵਿਚੋਂ ਆਵਾਜ਼ ਆਈ

ਪਰ ਰੋਟੀ ਤਾਂ ਕਲਾ ਤੋਂ ਪਹਿਲਾਂ
ਧਰਤ ’ਤੇ ਆਈ
ਜਾਨ ਹੈ ਤਾਂ ਜਹਾਨ ਹੈ
ਜ਼ਿੰਦਗੀ ਦੇ ਢਿੱਡ ਵਿਚੋਂ
ਅਵਾਜ਼ ਆਈ

ਪਰ ਰੋਟੀ ਤਾਂ ਖ਼ੁੱਦ
ਇਕ ਕਲਾ ਹੈ
ਇਹ ਨਾ ਕਣਕ ਹੈ
ਨਾ ਆਟਾ ਹੈ
ਇਹ ਤਾਂ ਧਰਤੀ
ਵਾਂਗ ਚਪਟੀ ਹੈ
ਅਤੇ ਗੋਲ ਹੈ
ਮੱਥਾ ਟਣਕਿਆ

ਰੋਟੀ ਖਾਣ ਵਿਚ
ਸਵਾਦ ਹੈ ਪਰ
ਅਕਲ ਦੀ ਮੋਟੀ ਹੈ
ਕਲਾ ਸੂਖਮ ਹੈ
ਅਤੇ ਛੋਟੀ ਹੈ

ਪਰ ਭੁੱਖ ਦੀ ਵੀ
ਤਾਂ ਇਕ ਕਸੌਟੀ ਹੈ
ਰੇਖਾ ਵਿਗਿਆਨ ਸੁਹਜ ਵਿਗਿਆਨ
ਦੀਆਂ ਐਨਕਾਂ ’ਚੋਂ ਬੋਲਿਆ

ਰੋਟੀ ਸਾਡਾ ਜਿਸਮ ਹੈ
ਕਲਾ ਸਾਡਾ ਮਸਤਕ ਹੈ
ਜਿਸਮ ਅਤੇ ਰੂਹ ਦਾ ਕਿਤਨਾ
ਗੂੜ੍ਹਾ ਸਾਥ ਹੈ
ਦੋਹਾਂ ਵਿਚ ਇਕ ਦੂਜੇ
ਦਾ ਵਾਸ ਹੈ
ਕਹਿੰਦੀ ਹੋਈ
ਭੁੱਖ ਦੀ ਜੀਵੰਤ ਦਲੀਲ
ਕਲਾ ਨੂੰ ਚੀਰਦੀ ਆਈ ਅਤੇ
ਜ਼ਿੰਦਗੀ ਦੇ ਦਸਤਰਖ਼ਾਨ ’ਤੇ
ਰੋਟੀ ਦੇ ਹੱਕ ਵਿਚ
ਬੈਠ ਗਈ।

## ਕਬਾੜਖ਼ਾਨਾ

ਹਰ ਰੋਜ ਉਹ ਘਰ ਵਿਚੋਂ
ਕਿਸੇ ਚੀਜ਼ ਨੂੰ ਲੱਭਦਾ ਹੈ
ਘਰ ਦੀਆਂ ਚੀਜ਼ਾਂ ਵਿਚੋਂ
ਜਿਹੜੀਆਂ ਆਪਣੀ ਥਾਹੇਂ
ਟਿਕੀਆਂ ਹਨ
ਜਾਂ ਕੁਝ ਕੁ ਆਪਣੀ ਥਾਹੋਂ
ਗਈਆਂ ਹਨ, ਖਿਸਕ
ਕਮੀਜ਼ਾਂ ਦਿਆਂ ਤੈਹਾਂ ਵਿਚੋਂ
ਖੀਸੇ ਦੀ ਭਾਨ ਵਿਚੋਂ
ਉਹ ਚੀਜ਼ ਨਹੀਂ ਮਿਲਦੀ
ਜਿਸ ਦੀ ਉਸ ਨੂੰ ਭਾਲ ਸੀ
ਘਰੋਂ ਬਾਹਰ ਆ
ਆਖਦਾ ਹੈ ‘ਕਬਾੜਖ਼ਾਨਾ’

ਮਿੱਤਰ ਪਾਸ ਜਾਂਦਾ ਹੈ
ਗੁਆਚੀ ਚੀਜ਼ ਦੀ ਕਰਦਾ ਹੈ ਗੱਲ
ਮਿੱਤਰ ਪਾਸੋਂ ਨਹੀਂ ਮਿਲਦੀ
ਮਿੱਤਰ ਵਿਚ ਬੰਦ ਹੋ ਜਾਂਦਾ ਹੈ
ਮਿੱਤਰ ਦਿਸਣਾ
ਬਾਹਰ ਆ ਕਹਿੰਦਾ ਹੈ
‘ਕਬਾੜਖ਼ਾਨਾ’

ਪੁਰਾਣੇ ਦਫ਼ਤਰ ਜਾਂਦਾ ਹੈ
ਵੇਖਦਾ ਹੈ ਫਿਰਕੀਆਂ ਵਾਂਗ
ਘੁੰਮਦੇ ਕਰਮਚਾਰੀ
ਗੁਆਚੀ ਚੀਜ਼ ਨਹੀਂ ਲੱਭਦੀ
ਬਾਹਰ ਆਉਂਦਾ ਹੈ, ਚਲਾਉਂਦਾ ਹੈ
‘ਕਬਾੜਖ਼ਾਨਾ’

ਫਿਰ ਸ਼ਰਾਬ ਦੀ ਸ਼ੀਸ਼ੀ ਖਰੀਦਦਾ ਹੈ
ਇਕੋ ਸਾਹੇ ਪੀਂਦਾ ਹੈ
ਸ਼ੀਸ਼ੀ ਚੁੱਪ ਦੀ ਚੁੱਪ ਰਹਿੰਦੀ ਹੈ
ਗੁਆਚੀ ਚੀਜ਼ ਗੁਆਚੀ ਰਹਿੰਦੀ ਹੈ
ਸ਼ੀਸ਼ੀ ਵਗਾਹ ਮਾਰਦਾ ਹੈ
ਸਭ ਨੂੰ ਸੁਣਾਉਣ ਦੀ ਮੁਦਰਾ ਵਿਚ
ਚੀਕਦਾ ਹੈ ‘ਕਬਾੜਖ਼ਾਨਾ’

ਘਰ ਵੜਦਿਆਂ ਸਾਰ
ਪਤਨੀ ਅਤੇ ਬੱਚੇ
ਯਾਦ ਆ ਜਾਂਦੇ ਹਨ
ਪਤਾ ਨਹੀਂ ਪਹਿਲਾਂ
ਕਿਉਂ ਯਾਦ ਨਹੀਂ ਸਨ ਆਏ
ਨਾਲ ਹੀ ਉਸ ਨੂੰ ਰੋਟੀ ਦਾ
ਆ ਜਾਂਦਾ ਹੈ ਖਿਆਲ
ਮਕਾਨ ਦੇ ਕਿਰਾਏ ਦਾ ਸਵਾਲ
ਮਕਾਨ ਮਾਲਕ ਦੀ
ਅੜਬਾਈ ਦਾ ਬਵਾਲ
ਇਹਨਾਂ ਸਾਰੇ ਸਵਾਲਾਂ
ਦੀ ਬੁੱਕਲ ਮਾਰ
ਮੰਜੇ ’ਤੇ ਡਿੱਗ ਪੈਂਦਾ ਹੈ, ਚੌਫਾਲ
ਪਤਨੀ ਚਿੱਲਾ ਕੇ ਆਖਦੀ ਹੈ
“ਕਬਾੜਖ਼ਾਨਾ”

## ਅਮਰਜੀਤ ਕਸਕ ਦੀਆਂ ਕਵਿਤਾਵਾਂ



### ਮੋੜਿਆ ਹੋਇਆ ਪੰਨਾਂ

ਉਸਨੇ
ਇੱਕ ਕਿਤਾਬ ਪੜ੍ਹਦਿਆਂ
ਪੰਨਾਂ ਜੋ ਮੋੜਿਆ ਸੀ
ਦੱਸਦੈ
ਕਿ ਕਿਤਾਬ
ਪੂਰੀ ਨਹੀਂ ਪੜ੍ਹੀ ਸੀ ਅਜੇ

ਕੋਈ ਵੀ ਕਿਤਾਬ ਆਪਣੇ ਆਪ 'ਚ
ਪੂਰੀ ਨਹੀ ਹੁੰਦੀ ਕਦੇ

ਜੇ ਪੂਰੀ ਹੋ ਜਾਏ ਕੋਈ ਕਿਤਾਬ
ਤਾਂ ਰੁਕ ਹੀ ਜਾਏ
ਸਿਰਜਣਾ ਦਾ ਸਿਲਸਿਲਾ।

### ਸੰਭਲ ਅੜੀਏ

ਸਰਕਸ ਵਿੱਚ
ਲੋਹੇ ਦੇ ਚੱਕਰ 'ਚ
ਘੁੰਮ ਰਹੀ ਕੁੜੀ

ਕਿੰਨੇ ਕਰਤੱਬ ਦਿਖਾਉਂਦੀ
ਜਾਣਦੀ
ਖੇਲ ਦੀਆਂ ਬਾਰੀਕੀਆਂ

ਚੱਕਰ ਦੇ ਉੱਪਰ
ਹੋਰ ਚੱਕਰ
ਵੇਖਦੀ ਮੇਰੀ ਅੱਖ

ਬਾਜ਼ੀਗਰ ਦੀ
ਅਦਿੱਖ ਉਂਗਲ 'ਚ ਘੁੰਮ ਰਿਹਾ

ਖੇਲ ਵਿੱਚ ਖੇਲ ਹੈ!

ਹਰ ਖ਼ਤਰਨਾਕ ਮੋੜ 'ਤੇ
ਤੋੜ 'ਤੇ
'ਕੁੜੀ' ਨੂੰ ਆਖਦਾ ਹਾਂ
ਸੰਭਲ ਅੜੀਏ !

### ਕਿਤਾਬ ਬਣਿਆ ਰੁੱਖ

ਪੁਰਖਿਆਂ ਦੇ ਮੱਥਿਆਂ 'ਚ

ਜਗਮਗਾਉਂਦੇ ਸੀ
ਜੋ ਜੁਗਨੂੰ

ਕਿਤਾਬ ਬਣਿਆ ਰੁੱਖ
ਮੇਰੇ ਹਿੱਸੇ 'ਚ ਲੈ ਆਇਆ

ਨਹੀ ਤਾਂ
ਖਰਬਾਂ ਹੀ ਰੁੱਖ ਨੇ
ਜੋ ਰਾਖ ਬਣੇ ਨੇ!

### ਅੱਜ ਅਸਮਾਨ ਕਿਸ ਰੰਗ ਦਾ ਹੈ

ਦੁਨੀਆਂ ਦੀ ਛੱਤ ਨਾਲ

ਕਿੰਨੇਂ ਹੀ ਚਮਗਿੱਦੜ
ਉਲਟੇ ਲਟਕ ਰਹੇ ਨੇ!

ਇੱਕੀਵੀਂ ਸਦੀ ਦੇ ਕਲਾਕ ਦਾ
ਪੈਂਡੂਲਮ ਹਵਾ 'ਚ ਡੋਲ ਰਿਹੈ

ਘਰਾਂ 'ਚ ਬੰਦ ਲੋਕ
ਸਵੇਰੇ ਉੱਠਦਿਆਂ ਹੀ
ਖਿੜਕੀਆਂ 'ਚੋਂ ਬਾਹਰ ਵੇਖਦੇ ਨੇ

ਅੱਜ ਅਸਮਾਨ
ਕਿਸ ਰੰਗ ਦਾ ਹੈ!

## ਮੂਕ ਸੰਵਾਦ / ਪ੍ਰਭਜੋਤ ਸੋਹੀ

ਜਸ਼ਨ ਦਾ ਮੌਕਾ ਹੈ
ਡੀ. ਜੇ. ਪਾ ਰਿਹੈ ਖੌਰੂ...
ਸਰਦਾਰਾਂ ਦਾ ਛੋਟਾ
'ਬੇਟਾ' ਲੁਟਾ ਰਿਹੈ ਨੋਟ
ਧੜਾ ਧੜ
ਤੇ ਸਰਦਾਰਾਂ ਦੀਆਂ ਲੱਤਾਂ
ਨਾਲ ਖਹਿੰਦਾ ਹੋਇਆ
ਬੂਟਾਂ ਤੋਂ ਉਂਗਲਾਂ ਬਚਾਉਂਦਾ
ਚੁੱਗ ਰਿਹੈ ਨੋਟ
ਡੀ. ਜੇ. ਵਾਲਿਆਂ
ਨਾਲ ਆਇਆ
ਮਜ਼ਦੂਰਾਂ ਦਾ ਛੋਟਾ
'ਮੁੰਡਾ'
ਅਚਾਨਕ !
ਦੋਹਾਂ ਦੀਆਂ ਅੱਖਾਂ
ਮਿਲਦੀਆਂ ਨੇ...
ਇਕ ਮੂਕ ਸੰਵਾਦ ਵਾਪਰਦੈ
ਦੋਹਾਂ ਦਰਮਿਆਨ...
ਛੋਟੇ ਜਿਹੇ
ਅੰਤਰਾਲ 'ਚ ਵਾਪਰੇ
ਇਸ ਸੰਵਾਦ ਦੇ
ਬਹੁਤ ਗਹਿਰੇ ਨੇ ਅਰਥ
ਬੜਾ ਹੀ ਮਹੱਤਵਪੂਰਨ ਹੈ
ਸੰਵਾਦ 'ਚੋਂ ਉਪਜਿਆ ਸਵਾਲ
ਤੇ ਇਹ ਸਵਾਲ
ਖੜ੍ਹਾ ਹੀ ਰਹੇਗਾ
ਜਦ ਤੱਕ
ਮਿੱਟ ਨੀ ਜਾਂਦਾ
ਡੌਂਗੇ ਤੇ ਠੂਠੇ
ਵਿੱਚਲਾ ਅੰਤਰ ।।



## ਕਹਾਣੀ / ਗ਼ੈਰਤ ਦੀਆਂ ਪੈੜਾਂ / ਨਿੰਰਜਨ ਬੋਹਾ

ਬਲਦੇਵ ਸਿੰਘ ਪਹਿਲੀ ਵਾਰ ਦੋ ਮਹੀਨੇ ਦੀ ਛੁੱਟੀ ਆਇਆ ਤਾਂ ਉਹਦੇ ਨਾਲ ਹੀ ਘਰ ਦੀ ਰੁੱਸੀ ਰੌਣਕ ਵੀ ਪਰਤ ਆਈ ਸੀ। ਬਾਪੂ ਬੇਬੇ ਉਸਨੂੰ ਵਾਰ ਵਾਰ ਸੀਨੇ ਲਾਉਂਦੇ ਖ਼ੁਸ਼ੀ ਨਾਲ ਖੀਵੇ ਹੋ ਰਹੇ ਸਨ। ਭਾਵੇਂ ਆਪਣੇ ਸੱਸ ਸਹੁਰੇ ਤੇ ਨਿਨਾਣ ਦੀ ਹਾਜ਼ਰੀ ਵਿਚ ਮੈਂ ਆਪਣੇ ਅੰਦਰਲੀ ਖ਼ੁਸ਼ੀ ਦਾ ਉਨ੍ਹਾਂ ਵਾਂਗ ਖੁਲ੍ਹ ਕੇ ਪ੍ਰਗਟਾਵਾ ਨਹੀਂ ਸਾਂ ਕਰ ਸਕੀ ਪਰ ਆਪਣੇ 'ਫੌਜੀ' ਨੂੰ ਸਤਿ ਸ੍ਰੀ ਅਕਾਲ ਬੁਲਾਦਿਆਂ ਮੇਰੇ ਚਿਹਰੇ ਦੇ ਸਾਰੇ ਹਾਵ ਭਾਵ ਮੇਰੇ ਦਿਲ ਦੀ ਗੱਲ ਉਸ ਤੱਕ ਪਹੁੰਚਾ ਰਹੇ ਸਨ। ਅਜੇ ਦੋ ਸਾਲ ਹੀ ਤਾਂ ਹੋਏ ਸਨ ਸਾਡੇ ਵਿਆਹ ਨੂੰ ਕਿ ਚੰਦਰੇ ਰੁਜ਼ਗਾਰ ਨੇ ਮੇਰੇ ਚੰਨ ਮਾਹੀਂ ਦੇ ਹੱਥ ਵਿਚ ਬੰਦੂਕ ਫੜ੍ਹਾ ਕੇ ਉਸਨੂੰ ਸਰਹੱਦ 'ਤੇ ਖੜ੍ਹਾ ਕਰ ਦਿੱਤਾ ਸੀ। ਜਦੋਂ ਮੈਂ ਵਿਆਹੀ ਆਈ ਸਾਂ ਤਾ ਬਲਦੇਵ ਵਿਹਲਿਆਂ ਵਰਗਾ ਹੀ ਸੀ, ਬੱਸ ਪਿੰਡ ਵਿਚ ਹੀ ਖੁਲ੍ਹੇ ਇਕ ਪ੍ਰਾਈਵੇਟ ਸਕੂਲ ਵਿਚ ਨਾ ਮਾਤਰ ਤਨਖਾਹ ਤੇ ਛੋਟੇ ਬੱਚਿਆਂ ਨੂੰ ਪੜ੍ਹਾਉਂਦਾ ਸੀ। ਸੜਕਾਂ ਤੇ ਬੇਲਦਾਰ ਮੇਰੇ ਸਹੁਰੇ ਦੀ ਕਮਾਈ ਐਨੀ ਨਹੀਂ ਸੀ ਕਿ ਵਿਆਹੇ ਵਰ੍ਹੇ ਮੁੰਡੇ ਦਾ ਵਿਹਲੇ ਰਹਿਣਾ ਬਰਦਾਸ਼ਤ ਕੀਤਾ ਜਾ ਸਕੇ। ਭਾਵੇਂ ਮੇਰਾ ਦਿਉਰ ਚਰਨਾ ਵੀ ਸਰਦਾਰਾਂ ਦੇ ਟਰੱਕ 'ਤੇ ਡਰਾਇਵਰ ਸੀ, ਪਰ ਉਸਦੇ ਆਪਣੇ ਖਰਚੇ ਇਸ ਕਿਸਮ ਦੇ ਸਨ ਕਿ ਪਰਿਵਾਰ ਨੂੰ ਉਸਤੋਂ ਬਹੁਤੀ ਉਮੀਦ ਨਹੀਂ ਸੀ। ਉਹ ਆਪਣੀ ਮਰਜ਼ੀ ਨਾਲ ਤਾਂ ਭਾਵੇਂ ਆਪਣੀ ਤਨਖਾਹ ਵਿਚੋ ਕੁਝ ਹਿੱਸਾ ਘਰ ਦੇ ਖਰਚੇ ਲਈ ਦੇ ਦੇਵੇ ਪਰ ਜੇ ਕੋਈ ਉਸਨੂੰ ਅਜਿਹਾ ਕਰਨ ਲਈ ਕਹਿ ਦੇਂਦਾ ਤਾਂ ਅੱਗੋਂ ਖਾਣ ਨੂੰ ਪੈਂਦਾ ਸੀ। ਪਟਿਆਲੇ ਫੌਜ ਦੀ ਭਰਤੀ ਖੁਲ੍ਹੀ ਤਾਂ ਬਲਦੇਵ ਨੇ ਭਰਤੀ ਲਈ ਟ੍ਰਾਈਲ ਦੇਣ ਦੀ ਗੱਲ ਮੇਰੇ ਨਾਲ ਸਾਂਝੀ ਕੀਤੀ। ਪਹਿਲਾਂ ਤਾਂ ਮੈਂ ਨਾਂਹ ਹੀ ਕੀਤੀ ਸੀ ਪਰ ਫਿਰ ਘਰ ਦੀ ਸਾਰੀ ਸਥਿਤੀ ਨੂੰ ਵੇਖਦਿਆਂ ਮੈਨੂੰ ਹਾਮੀ ਭਰਨੀ ਪੈ ਗਈ ਸੀ। ਉਸਦੇ ਪਟਿਆਲਾ ਜਾਣ ਵੇਲੇ ਵੀ ਮੇਰੀਆਂ ਅੱਖਾਂ ਭਰ ਆਈਆਂ ਸਨ ਤੇ ਮੈਂ ਮਨ ਹੀ ਮਨ ਅਰਦਾਸ ਕੀਤੀ ਸੀ ਉਹ ਟ੍ਰਾਈਲ ਵਿਚੋਂ ਹੀ ਫੇਲ੍ਹ ਹੋ ਜਾਵੇ। ਮੇਰੀ ਅਰਦਾਸ ਨਿਹਫਲ ਹੀ ਰਹੀ ਸੀ ਤੇ ਉਹ ਫੌਜ ਵੱਲੋਂ ਨਿਰਧਾਰਤ ਸਾਰੇ ਫਿਜ਼ੀਕਲ ਟੈਸਟ ਪਾਸ ਕਰਨ ਤੋਂ ਬਾਅਦ ਤਿੰਨ ਮਹੀਨੇ ਦੀ ਟ੍ਰੇਨਿੰਗ ਲਾਈ ਮੇਰਠ ਛਾਉਣੀ ਚਲਾ ਗਿਆ ਸੀ।



ਇਹ ਤਾਂ ਮੈਨੂੰ ਹੀ ਪਤਾ ਹੈ ਮੈਂ ਉਸ ਬਿਨਾਂ ਸਿਆਲਾਂ ਦੀਆਂ ਲੰਮੀਆਂ ਰਾਤਾਂ ਕਿਸ ਤਰਾਂ ਬਿਤਾਈਆਂ ਸਨ। ਭਾਵੇਂ ਹਰ ਪੰਦਰਾਂ ਦਿਨ ਬਾਦ ਉਸਦਾ ਖ਼ਤ ਆ ਜਾਂਦਾ ਸੀ ਪਰ ਮਨ ਨੂੰ ਪੂਰਾ ਟਿਕਾਅ ਨਹੀਂ ਸੀ ਆਉਂਦਾ। ਦਿਨੇ ਤਾਂ ਮੈਂ ਘਰ ਦੇ ਕੰਮਾਂ ਵਿਚ ਰੁੱਝੀ ਹੋਈ ਤੇ ਕੁਝ ਆਪਣੀ ਸਹੇਲੀਆਂ ਵਰਗੀ ਨਿਨਾਣ ਸ਼ਿੰਦਰ ਨਾਲ ਗੱਲਾਂ ਕਰਕੇ ਪਰਚੀ ਰਹਿੰਦੀ ਸਾਂ ਪਰ ਰਾਤ ਨੂੰ ਇੱਕ ਵਾਰ ਜਾਗ ਖੁਲ੍ਹ ਜਾਂਦੀ ਤਾਂ ਫਿਰ ਸਾਰੀ ਰਾਤ ਜਾਗਦਿਆਂ ਹੀ ਲੰਘਦੀ। ਫੌਜੀ ਜਦੋਂ ਟ੍ਰੇਨਿੰਗ ਪੂਰੀ ਕਰਕੇ ਪਹਿਲੀ ਵਾਰ ਛੁੱਟੀ 'ਤੇ ਆਇਆ ਤਾਂ ਮੈਨੂੰ ਲੱਗਿਆ ਸੀ ਜਿਵੇਂ ਮੇਰੇ ਅੱਧਮੋਏ ਸਰੀਰ ਵਿਚ ਪੂਰੀ ਜਾਨ ਪੈ ਗਈ ਹੋਵੇ। ਦੋ ਮਹੀਨਿਆਂ ਦੀ ਛੁੱਟੀ ਦੌਰਾਨ ਉਸ ਮੇਰੇ ਨਾਲ ਵੱਧ ਤੋਂ ਵੱਧ ਸਮਾਂ ਬਿਤਾਉਣ ਦੀ ਕੋਸ਼ਿਸ਼ ਕੀਤੀ। ਉਹ ਰਿਸ਼ਤੇਦਾਰੀ ਵਿਚ ਵੀ ਕਿਸੇ ਨੂੰ ਮਿਲਣ ਗਿਆ ਤਾਂ ਮੈਨੂੰ ਨਾਲ ਲੈ ਕੇ ਜਾਂਦਾ ਰਿਹਾ। ਖ਼ੁਸ਼ੀ ਭਰੇ ਮਾਹੌਲ ਵਿਚ ਮੈਨੂੰ ਪਤਾ ਹੀ ਨਾ ਲੱਗਾ ਕਿ ਉਸਦੀ ਛੁੱਟੀ ਦਾ ਡੇਢ ਮਹੀਨਾ ਕਦੋਂ ਬੀਤ ਗਿਆ ਪਰ ਜਦੋਂ ਪੰਦਰਾਂ ਕੁ ਦਿਨ ਰਹਿ ਗਏ ਤਾਂ ਮੇਰੇ ਦਿਲ ਵਿਚ ਖੋਹ ਜਿਹੀ ਪੈਣ ਲੱਗ ਪਈ ਸੀ। ਮੇਰਾ ਦਿਲ ਤਾਂ ਕਰਦਾ ਸੀ ਕਿ ਫੌਜੀ ਹੁਣ ਕਦੇ ਵੀ ਨੌਕਰੀ 'ਤੇ ਨਾ ਜਾਵੇ ਪਰ ਦਿਲ ਦੇ ਚਾਹੁਣ ਨਾਲ ਕੀ ਬਣਦਾ ਸੀ।ਆਖਿਰ ਇੱਕ ਇੱਕ ਦਿਨ ਘੱਟਦਿਆਂ ਫੌਜੀ ਦੇ ਵਾਪਸ ਜਾਣ ਦਾ ਸਮਾਂ ਆ ਹੀ ਗਿਆ। ਮੈਂ ਉਸਦੇ ਗਲ ਲੱਗ ਕੇ ਕਿੰਨਾ ਹੀ ਚਿਰ ਰੋਂਦੀ ਰਹੀ ਤੇ ਉਹ ਹਰ ਹਫਤੇ ਖ਼ਤ ਲਿਖਣ ਤੇ ਰੋਜ਼ਾਨਾ ਫੋਨ ਕਰਨ ਦਾ ਵਾਅਦਾ ਕਰਕੇ ਗੱਡੀ ਚੜ੍ਹ ਗਿਆ ਸੀ।

ਫੌਜੀ ਦੇ ਜਾਣ ਤੋਂ ਬਾਅਦ ਘਰ ਫਿਰ ਸੁੰਨਾਂ ਸੁੰਨਾਂ ਸੁੰਨਾ ਲੱਗਣ ਲੱਗਾ। ਭਾਵੇ ਬਲਦੇਵ ਨੇ ਖ਼ਤ ਵਿਚ ਦਿਲਾਸਾ ਦਿੱਤਾ ਸੀ ਕਿ ਪੰਜ ਸਾਲ ਦੀ ਨੌਕਰੀ ਤੋਂ ਬਾਅਦ ਉਸਦੀ ਤਰੱਕੀ ਵੀ ਹੋ ਜਾਵੇਗੀ ਤੇ ਉਸਨੂੰ ਆਪਣਾ ਪਰਿਵਾਰ ਨਾਲ ਰੱਖਣ ਦੀ ਆਗਿਆ ਵੀ ਮਿਲ ਜਾਵੇਗੀ...... ਪਰ ਪੰਜ ਸਾਲ ਕਦੋਂ ਆਏ...... ਮੈਨੂੰ ਤਾਂ ਉਸ ਤੋਂ ਬਗੈਰ ਇੱਕ ਇੱਕ ਦਿਨ ਲੰਘਾਉਣਾ ਔਖਾ ਹੋ ਗਿਆ ਸੀ। ਮੈਂ ਇਕ ਮਹੀਨਾ ਪੇਕੇ ਤੇ ਇਕ ਮਹੀਨਾ ਸਹੁਰੇ ਰਹਿ ਕੇ ਮਸਾਂ ਦਿਨ ਕੱਢਦੀ। ਬਲਦੇਵ ਦੇ ਜਾਣ ਤੋਂ ਬਾਅਦ ਮੇਰਾ ਸੱਸ ਸਹੁਰਾ ਮੇਰਾ ਪੂਰਾ ਖਿਆਲ ਰੱਖਦੇ। ਉਹ ਦੋਹੇਂ ਜੀਅ ਹੈਣ ਵੀ ਸਾਧੂ ਸੁਭਾਅ ਦੇ ਸਨ। ਮੇਰੀ ਨਿਨਾਣ ਸ਼ਿੰਦਰ ਰਾਤ ਨੂੰ ਮੇਰੇ ਕੋਲ ਹੀ ਪੈਂਦੀ। ਦਿਉਰ ਚਰਨਾ ਵੀ ਮੇਰੇ ਨੇੜੇ ਨੇੜੇ ਫਿਰਦਾ ਪਰ ਪਤਾ ਨਹੀਂ ਕਿਉਂ ਮੈਨੂੰ ਉਸਦੀ ਨੇੜਤਾ ਤੋਂ ਭੈਅ ਜਿਹਾ ਆਉਂਦਾ। ਜਦੋਂ ਦੀ ਵਿਆਹੀ ਆਈ ਹਾਂ ਮੈਨੂੰ ਉਹਦੇ ਲੱਛਣ ਕਦੇ ਵੀ ਚੰਗੇ ਨਹੀਂ ਸਨ ਲੱਗੇ। ਮੈਂ ਲੱਗਦੀ ਵਾਹ ਉਸ ਤੋਂ ਦੂਰ ਰਹਿਣ ਦੀ ਹੀ ਕੋਸ਼ਿਸ਼ ਕਰਦੀ ਪਰ ਉਹ ਮੈਨੂੰ ਛੋਟੇ ਛੋਟੇ ਮਜ਼ਾਕ ਕਰਨ ਤੋਂ ਬਾਜ ਨਾ ਆਉਂਦਾ। ਕਈ ਵਾਰੀ ਮੇਰਾ ਦਿਲ ਕਰਦਾ ਕਿ ਉਸਨੂੰ ਝਿੜਕ ਦੇਵਾਂ ਪਰ

ਇਹ ਸੋਚ ਕਿ ਚੁੱਪ ਕਰ ਜਾਂਦੀ ਕਿ ਆਖਿਰ ਮੇਰਾ ਦਿਉਰ ਹੈ ਤੇ ਦਿਉਰ ਭਰਜਾਈ ਵਿਚ ਥੋੜ੍ਹਾ ਬਹੁਤਾ ਹਾਸਾ ਖੇਡਾ ਤਾਂ ਚਲਦਾ ਹੀ ਰਹਿੰਦਾ ਹੈ। ਜਦੋਂ ਚਰਨਾਂ ਮੈਨੂੰ ਆਪਣੀ ਹੱਦ ਤੋਂ ਬਾਹਰ ਜਾਂਦਾ ਵਿਖਾਈ ਦੇਂਦਾ ਤਾਂ ਮੈਂ ਸਹਿੰਦੇ ਜਿਹੇ ਢੰਗ ਨਾਲ ਉਸਨੂੰ ਝਿੜਕ ਵੀ ਦੇਂਦੀ, "ਵੇਖ ਚਰਨਿਆਂ ਤੂੰ ਥੋੜ੍ਹਾ ਮੂੰਹ ਸੰਭਾਲ ਕੇ ਗੱਲ ਕਰਿਆ ਕਰ, ਇਹ ਸਭ ਮੈਨੂੰ ਚੰਗਾ ਨਹੀਂ ਲੱਗਦਾ।" ਮੇਰੀ ਸੱਸ ਨੇ ਕਈ ਵਾਰ ਮੈਨੂੰ ਠੋਹਕਰਿਆ ਵੀ ਸੀ ਕਿ ਮੈਂ ਚਰਨੇ ਲਈ ਆਪਣੇ ਚਾਚੇ ਦੀ ਧੀ ਦੀਪੀ ਦਾ ਰਿਸ਼ਤਾ ਲੈ ਆਵਾਂ ਪਰ ਚਰਨੇ ਦੇ ਲੱਛਣ ਵੇਖ ਕੇ ਮੈਂ ਚੁੱਪ ਵੱਟ ਜਾਂਦੀ । ਜਰਦੇ ਤੋਂ ਲੈ ਕੇ ਭੁੱਕੀ ਅਫੀਮ ਕਿਹੜਾ ਨਸ਼ਾ ਸੀ ਜਿਹੜਾ ਉਹ ਨਹੀਂ ਸੀ ਕਰਦਾ। ਮੈਂ ਸਾਰੀ ਉਮਰ ਲਈ ਦੀਪੀ ਦਾ ਸਰਾਪ ਕਿਉਂ ਲਵਾਂ। ਬਲਦੇਵ ਨੂੰ ਛੁੱਟੀ ਕੱਟ ਕੇ ਗਿਆ ਛੇ ਮਹੀਨੇ ਹੋ ਗਏ ਸਨ। ਫੌਜੀ ਦੇ ਵਿਛੋੜੇ ਦੀ ਪੀੜ ਤਾਂ ਕਿਵੇਂ ਨਾ ਕਿਵੇਂ ਸਹਿਣ ਕਰ ਹੀ ਰਹੀ ਸਾਂ ਨਾਲ ਹੁਣ ਮੇਰੇ ਲਈ ਇਕ ਹੋਰ ਨਵੀ ਸੱਮਸਿਆ ਖੜ੍ਹੀ ਹੋ ਗਾਈ ਸੀ। ਇਕ ਦਿਨ ਮੇਰੀ ਸੱਸ ਤੇ ਸਹੁਰਾ ਪਿੰਡ ਵਿਚ ਕਿਸੇ ਮਰਗਤ ਵਾਲੇ ਘਰ ਅਫਸੋਸ ਕਰਨ ਗਏ ਸਨ ਤੇ ਮੇਰੀ ਨਿਨਾਣ ਸ਼ਿੰਦਰ ਵੀ ਸਕੂਲ ਚੱਲੀ ਗਈ ਸੀ। ਬਾਥ ਰੂਮ ਵਿਚ ਨਹਾਉਂਦਿਆਂ ਮੈਂ ਦੋਂ ਗੜਵੀਆਂ ਹੀ ਆਪਣੇ ਪਿੰਡੇ ਤੇ ਪਾਈਆਂ ਸਨ ਕਿ ਮੈਨੂੰ ਸ਼ੱਕ ਜਿਹਾ ਪਿਆ ਕੋਈ ਲਕੜ ਦੇ ਦਰਵਾਜ਼ੇ ਦੀ ਝੀਤ ਵਿਚੋ ਅੰਦਰ ਨਜ਼ਰ ਮਾਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਮੈਂ ਬਿਨਾਂ ਨਹਾਤੇ ਤੇਜੀ ਨਾਲ ਕਪੜੇ ਪਾਉਣੇ ਸ਼ੁਰੂ ਕਰ ਦਿੱਤੇ ਤਾਂ ਮੈਨੂੰ ਕਿਸੇ ਦੇ ਬਾਥਰੂਮ ਕੋਲੋਂ ਹੱਟਣ ਦੀ ਤੇਜ ਪੈੜ ਚਾਲ ਵੀ ਸੁਣਾਈ ਦਿੱਤੀ ਸੀ। ਕਪੜੇ ਪਾ ਕੇ ਮੈਂ ਬਾਹਰ ਨਿਕਲੀ ਤਾਂ ਚਰਨਾਂ ਘਰ ਦਾ ਦਰਵਾਜਾ ਲੰਘ ਕੇ ਬਾਹਰ ਜਾ ਰਿਹਾ ਸੀ। ਮੈਨੂੰ ਗੁੱਸਾ ਤਾਂ ਬਹੁਤ ਆਇਆ ਪਰ ਮੇਰੇ ਕੋਲ ਉਸਦੀ ਇਸ ਗੰਦੀ ਹਰਕਤ ਨੂੰ ਸਾਬਤ ਕਰਨ ਲਈ ਕੋਈ ਸਬੂਤ ਨਹੀਂ ਸੀ। ਬਿਨਾਂ ਸਬੂਤ ਤੋਂ ਸੱਸ ਸਹੁਰੇ ਕੋਲ ਵੀ ਉਸਦੀ ਸ਼ਿਕਾਇਤ ਵੀ ਕਿਵੇਂ ਕਰਦੀ ? ਉਸਨੇ ਕਿਹੜਾ ਆਪਣੇ ਪੈਰਾਂ ਤੇ ਪਾਣੀ ਪੈਣ ਦੇਣਾ ਸੀ। ਮੈਨੂੰ ਪੱਕਾ ਯਕੀਨ ਪੱਕਾ ਹੋ ਗਿਆ ਸੀ ਕਿ ਫੌਜੀ ਭਰਾ ਦੀ ਗੈਰ ਹਾਜ਼ਰੀ ਵਿਚ ਉਸਦੀ ਨੀਤ ਵਿਗੜ ਰਹੀ ਹੈ। ਉਸ ਦਿਨ ਮੇਰਾ ਉਖੜਿਆ ਮੂਡ ਵੇਖ ਕੇ ਚਰਨਾ ਵੀ ਸਾਰਾ ਦਿਨ ਮੇਰੇ ਨਾਲ ਅੱਖ ਮਿਲਾਉਣ ਤੋਂ ਬੱਚਦਾ ਰਿਹਾ। ਅਗਲੇ ਦਿਨ ਉਹ ਸਵੇਰੇ ਹੀ ਟਰੱਕ ਲੈ ਕੇ ਇਕ ਮਹੀਨੇ ਲਈ ਕੱਲਕਤੇ ਵੱਲ ਨਿਕਲ ਗਿਆ। ਮੈਂ ਰਾਹਤ ਦੀ ਸਾਹ ਲਈ। ਸੋਚਿਆ ਜਦੋਂ ਪਾਣੀ ਹੱਦ ਤੋਂ ਲੰਘਿਆ ਤਾਂ ਮੈਂ ਚੁੱਪ ਨਹੀਂ ਰਹਾਂਗੀ। ਮੇਰੇ ਵੀ ਦੋ ਹੱਥ ਨੇ .....ਐਂ ਕੀ ਉਹ ਮੂੰਹ 'ਚ ਪਾ ਲੂ ਮੈਨੂੰ। ਜੇ ਮੈਂ ਬਿਨਾਂ ਸਬੂਤ ਤੋਂ ਬੋਲਦੀ ਹਾਂ ਤਾਂ ਘਰ ਵਿਚ ਲੜਾਈ ਪੈ ਜਾਵੇਗੀ ਤੇ ਪਰਿਵਾਰ ਨੂੰ ਤੋੜਣ ਦਾ ਸਾਰਾ ਇਲਜ਼ਾਮ ਮੇਰੇ ਤੇ ਆ ਜਾਵੇਗਾ। ਸੋਚਿਆ ਸੀ...ਚੱਲੋ ਅਜੇ ਇਕ ਮਹੀਨੇ ਲਈ ਤਾਂ ਬਲਾਂ ਟਲੀ। ਘਰ ਮਹੀਨੇ ਬਾਦ ਵਾਪਸ ਆਉਣ ਲਈ ਕਹਿ ਗਿਆ ਚਰਨਾਂ ਦਸ ਦਿਨ ਪਹਿਲਾਂ ਹੀ ਪਿੰਡ ਪਰਤ ਆਇਆ। ਇਕ ਦਿਨ ਤਾਂ ਉਸ ਮਾਹੌਲ ਦਾ ਜਾਇਜ਼ਾ ਜਿਹਾ ਲਿਆ ਤੇ ਦੂਸਰੇ ਦਿਨ ਸਭ ਕੁਝ ਸਾਂਵਾ ਵੇਖ ਕੇ ਉਸ ਮੈਨੂੰ ਬੜੀ ਅਜੀਬ ਜਿਹੀ ਗੱਲ ਕਹਿ ਦਿੱਤੀ ਸੀ, "ਭਾਬੀ ਬਾਹਰ ਤੇਰੀ ਬਹੁਤ ਯਾਦ ਆਉਂਦੀ ਰਹੀ ...... ਤੂੰ ਵੀ ਮੈਨੂੰ ਕਦੇ ਯਾਦ ਕੀਤਾ ਐ ਕਿ ਨਹੀ?" ਚਰਨੇ ਦੀ ਗਲ ਸੁਣ ਕੇ ਮੈਨੂੰ ਲੱਗਿਆ ਸੀ ਕਿ ਉਹ ਸਾਡੇ ਦਿਉਰ ਭਾਬੀ ਦੇ ਰਿਸ਼ਤੇ ਦੀ ਮਰਿਆਦਾ ਦਾ ਸ਼ਰੇਆਮ ਉਲੰਘਣ ਕਰ ਰਿਹਾ ਹੈ। ਉਸ ਦਿਨ ਮੈਨੂੰ ਚੁੱਪ ਰਹਿਣ ਤੇ ਮੈਨੂੰ ਆਪਣੇ ਆਪ 'ਤੇ ਹਿਰਖ ਵੀ ਆਇਆ ਕਿ ਮੇਰੀ ਚੁੱਪ ਕਾਰਨ ਹੀ ਉਸਦੀ ਐਨਾ ਕਹਿਣ ਦੀ ਹਿੰਮਤ ਪਈ ਹੈ। ਇਸ ਵਾਰ ਵਾਰ ਮੇਰਾ ਸਬਰ ਜਵਾਬ ਦੇ ਗਿਆ ਤੇ ਮੈਂ ਆਪਣੀਆਂ ਅੱਖਾਂ ਵਿਚ ਗੁੱਸਾ ਤੇ ਜ਼ੁਬਾਨ ਵਿਚ ਤਲਖੀ ਭਰ ਕੇ ਉਸ ਨੂੰ ਕਹਿ ਵੀ ਦਿੱਤਾ , "ਚਰਨਿਆਂ ਯਾਦ ਰੱਖ , ਮੈਂ ਤੇਰੀ ਵੱਡੀ ਭਾਬੀ ਹਾਂ ...ਤੇਰੇ ਫੌਜੀ ਭਰਾ ਦੀ ਘਰ ਵਾਲੀ ......। ਮੈਨੂੰ ਯਾਦ ਕਰਨ ਦਾ ਹੱਕ ਕੇਵਲ ਤੇਰੇ ਭਰਾ ਕੋਲ ਹੈ।"

'ਭਾਬੀ... ਮੈਨੂੰ ਤਾਂ ਤੇਰੇ ਤੇ ਤਰਸ ਆਉਂਦੈ..... ਫੌਜੀ ਤਾਂ ਸਾਲ ਤੋਂ ਪਹਿਲਾਂ ਛੁੱਟੀ ਨਹੀਂ ਆਉਂਦਾ।"ਚਰਨਾ ਪੂਰੀ ਤਰ੍ਹਾ ਬੇਸ਼ਰਮੀ ਤੇ ਉਤਰ ਆਇਆ ਸੀ।

"ਆਉਣ ਦੇ ਤੇਰੇ ਵੀਰ ਨੂੰ ..... ਤੇਰੀਆਂ ਕਰਤੂਤਾਂ ਦਸੂੰ ਉਸਨੂੰ। ਕਰਦੀ ਹਾਂ ਮੈਂ ਅੱਜ ਹੀ ਉਸ ਨਾਲ ਫੋਨ ਤੇ ਗੱਲ....... ਤੈਂ ਲੱਛਣ ਕੀ ਫੜ੍ਹੇ ਨੇ .... ਮੈਂ ਸ਼ਰਮ ਦੀ ਮਾਰੀ ਚੁੱਪ ਹਾਂ ਤੇ ਅੱਗੇ ਹੀ ਅੱਗੇ ਵਧੀ ਜਾਂਦਾ ਹੈਂ" ਮੈਂ ਉਸ ਨੂੰ ਡਰਾਵਾ ਜਿਹਾ ਦਿੱਤਾ ਤਾਂ ਉਹ ਸੱਚ ਮੁਚ ਹੀ ਚੁੱਪ ਕਰ ਗਿਆ ਸੀ। ਉਹ ਆਪਣੇ ਫੌਜੀ ਦੇ ਗੁੱਸੈਲੇ ਸੁਭਾਅ ਨੂੰ ਵੀ ਚੰਗੀ ਤਰ੍ਹਾ ਜਾਣਦਾ ਸੀ।

ਪੂਰੇ ਸਾਲ ਬਾਅਦ ਜਦੋਂ ਬਲਦੇਵ ਤੀਜੀ ਵਾਰ ਛੁੱਟੀ ਆਇਆ ਤਾਂ ਮੇਰੇ ਸੁਪਨਿਆਂ ਦੀ ਦੁਨੀਆਂ ਇਕ ਵਾਰ ਫਿਰ ਆਬਾਦ ਹੋ ਗਈ। ਬਲਦੇਵ ਇਸ ਵਾਰ ਪੁਰਾਣੇ ਘਰ ਨੂੰ ਢਾਹ ਕੇ ਪੱਕੇ ਫਰਸ਼ਾਂ ਵਾਲਾ ਨਵਾਂ ਮਕਾਨ ਬਣਾਉਣ ਦੀ ਸਕੀਮ ਬਣਾ ਕੇ ਆਇਆ ਸੀ ਤੇ ਉਸ ਦੀ ਤਜਵੀਜ਼ ਸੁਣ ਕੇ ਪਰਿਵਾਰ ਦੇ ਸਾਰੇ ਜੀਆਂ ਤੋਂ ਆਪਣਾ ਚਾਅ ਸੰਭਾਲਿਆ ਨਹੀਂ ਸੀ ਜਾ ਰਿਹਾ। ਇਹਨਾਂ ਦਿਨੀਂ ਮੈਂ ਕਈ ਵਾਰ ਮਨ ਬਣਾਇਆ ਤੇ ਕਈ ਵਾਰ ਚਾਹਿਆ ਕਿ ਚਰਨੇ ਦੀ ਕਰਤੂਤ ਉਸਨੂੰ ਦੱਸਾਂ ਜਾਂ ਨਾ ਦੱਸਾਂ। ਉਸਦੇ ਗੁੱਸੇ ਵਾਲੇ ਸੁਭਾਅ ਤੋਂ ਡਰ ਵੀ ਮੈਨੂੰ ਵੀ ਲੱਗਦਾ ਸੀ, ਪਤਾ ਨਹੀਂ ਮੇਰੀ ਗੱਲ ਸੁਣ ਕੇ ਉਹ ਗੁੱਸੇ ਵਿਚ ਆਇਆ ਕੀ ਕਰ ਬੈਠੇ। ਇਹ ਸੋਚ ਕਿ ਮੈ ਚੁੱਪ ਰਹਿਣ ਦਾ

ਫੈਸਲਾ ਹੀ ਕੀਤਾ ਕਿ ਉਸ ਦਿਨ ਦੇ ਡਰਾਵੇ ਤੋਂ ਬਾਦ ਚਰਨੇ ਨੇ ਮੁੜ ਕੇ ਮੇਰੇ ਨਾਲ ਕੋਈ ਉੱਚੀ ਨੀਵੀ ਗੱਲ ਵੀ ਨਹੀਂ ਕੀਤੀ। ਜੇ ਵੈਰੀ ਗੁੜ ਦਿੱਤਿਆਂ ਮਰਦਾ ਹੋਵੇ ਤਾਂ ਜ਼ਹਿਰ ਦੇਣ ਦੀ ਕੀ ਲੋੜ ਹੈ।

ਬਲਦੇਵ ਨੂੰ ਛੁੱਟੀ ਆਇਆਂ ਅਜੇ ਪੰਦਰਾਂ ਹੀ ਦਿਨ ਹੋਏ ਸਨ, ਘਰ ਸਰਕਾਰੀ ਸੂਚਨਾ ਪਹੁੰਚ ਗਈ ਕਿ ਉਸਦੀ ਸਾਰੀ ਯੂਨਿਟ ਨੂੰ ਕਸ਼ਮੀਰ ਬੁਲਾ ਲਿਆ ਗਿਆ ਤੇ ਉਸਦੀ ਰਹਿੰਦੀ ਛੁੱਟੀ ਰੱਦ ਕਰ ਦਿਤੀ ਗਈ ਹੈ। ਛੁੱਟੀ ਰੱਦ ਹੋਣ ਦੀ ਖਬ਼ਰ ਸੁਣ ਕੇ ਘਰ ਵਿਚ ਪੂਰੀ ਤਰ੍ਹਾਂ ਮਾਤਮ ਪਸਰ ਗਿਆ। ਬਲਦੇਵ ਨੇ ਦੱਸਿਆ ਕਿ ਉਸਦੇ ਛੁੱਟੀ ਆਉਣ ਤੋਂ ਪਹਿਲਾਂ ਉਸਦੀ ਯੂਨਿਟ ਵਿਚ ਇਹ ਚਰਚਾ ਤਾਂ ਚਲਦੀ ਰਹਿੰਦੀ ਸੀ ਕਿ ਨਵੀਂ ਆਈ ਸਰਕਾਰ ਕਸ਼ਮੀਰ ਬਾਰੇ ਕੋਈ ਵੱਡੀ ਯੋਜਨਾ ਬਣਾਈ ਬੈਠੀ ਹੈ, ਪਰ ਇਹ ਯੋਜਨਾ ਕੀ ਹੈ ਸਾਡੀ ਯੂਨਿਟ ਵਿਚੋਂ ਕੋਈ ਨਹੀਂ ਜਾਣਦਾ। ਅਜੇ ਬਲਦੇਵ ਦੀ ਛੁੱਟੀ ਵਿਚ ਡੇਢ ਮਹੀਨੇ ਦਾ ਵਕਤ ਪਿਆ ਸੀ ਪਰ ਸਰਕਾਰੀ ਹੁਕਮਾਂ ਨੂੰ ਕਿਸੇ ਵੀ ਤਰ੍ਹਾਂ ਟਾਲਿਆ ਵੀ ਤਾਂ ਨਹੀਂ ਸੀ ਜਾ ਸਕਦਾ। ਮੈਂ, ਮੇਰੀ ਸੱਸ ਤੇ ਮੇਰੀ ਨਿਨਾਣ ਉਸਦੇ ਸਾਹਮਣੇ ਰੋ ਕੇ ਉਸਦਾ ਹੌਂਸਲਾ ਨਹੀ ਸਾਂ ਡੇਗਣਾ ਚਾਹੁੰਦੀਆਂ ਪਰ ਆਨੇ ਬਹਾਨੇ ਅੰਦਰ ਜਾ ਕੇ ਹੰਝੂ ਜ਼ਰੂਰ ਪੂੰਝ ਲੈਂਦੀਆਂ ਸਾਂ।

"ਵਾਹਿਗੁਰੂ ਭਲੀ ਕਰੂ" ਮੇਰੀ ਸੱਸ ਮਾਂ ਰੱਬ ਤੇ ਆਪਣਾ ਵਿਸਵਾਸ਼ ਵਾਰ ਵਾਰ ਦੁਹਰਾਉਂਦੀ। "ਐਂ ਸਾਰਿਆਂ ਨੇ ਮੂੰਹ ਕਿਉਂ ਲਟਕਾਏ ਨੇ, ਕੁਝ ਦਿਨਾਂ ਦੀ ਗੱਲ ਹੈ ਮੈਂ ਛੇਤੀ ਹੀ ਵਾਪਸ ਪਰਤ ਆਵਾਂਗਾ। ਬਲਦੇਵ ਨੇ ਸਾਨੂੰ ਹੌਂਸਲਾ ਦੇਣ ਲਈ ਹੱਸਦਿਆਂ ਕਿਹਾ ਸੀ ਪਰ ਉਸਦੇ ਹਾਸੇ ਵਿਚ ਛੁੱਪੀ ਗੰਭੀਰਤਾ ਵੀ ਸ਼ਰੇਆਮ ਜ਼ਾਹਿਰ ਹੋ ਰਹੀ ਸੀ।

"ਸੁੱਖ ! ਆਪਣਾ ਪੂਰਾ ਖਿਆਲ ਰੱਖੀਂ...... ਵਾਹਿਗੁਰੂ ਅੱਗੇ ਅਰਦਾਸ ਕਰੀਂ..... ਮੈਂ ਛੇਤੀ ਘਰ ਪਰਤਾਂ.....ਜੇ ਕੋਈ ਨੀਮ ਖੀਮ ਹੋ ਜਾਵੇ ਤਾਂ ਹੌਂਸਲਾ ਨਾ ਡੇਗੀਂ.... ਤੂੰ ਫੌਜੀ ਦੀ ਪਤਨੀ ਹੈਂ... ਕੋਈ ਆਮ ਔਰਤ ਨਹੀਂ।" ਬਲਦੇਵ ਨੇ ਆਪਣਾ ਹੱਥ ਮੇਰੇ ਮੋਢੇ ਤੇ ਰੱਖ ਦਿਤਾ ਸੀ।

"ਅਜਿਹੇ ਭੈੜੇ ਬੋਲ ਮੂੰਹੋਂ ਕਿਉਂ ਕੱਢਦੇ ਹੋ ....ਨੀਮ ਖੀਮ ਹੋਵੇ ਤੁਹਾਡੇ ਦੁਸ਼ਮਣਾਂ ਨਾਲ।" ਮੇਰੀਆ ਅੱਖਾਂ ਉਸਦੀ ਗੱਲ ਸੁਣ ਕੇ ਭਰ ਆਈਆਂ ਸਨ। " ਸੁੱਖ ! ਸਾਡੀ ਯੂਨਿਟ ਨੂੰ ਕਸ਼ਮੀਰ ਭੇਜਿਆ ਗਿਆ ਹੈ ਤੇ ਉਥੋਂ ਦੇ ਹਲਾਤ ਅੱਜ ਕੱਲ ਬਹੁਤ ਵਿਗੜੇ ਹੋਏ ਨੇ ....... ਦੁਸ਼ਮਣ ਤਾਂ ਮਰਨਗੇ ਹੀ, ਸਾਨੂੰ ਵੀ ਨੁਕਸਾਨ ਪਹੁੰਚ ਸਕਦਾ ਹੈ। ਇਕ ਫੌਜੀ ਤੇ ਉਸਦੇ ਪਰਿਵਾਰ ਨੂੰ ਹਰ ਤਰ੍ਹਾਂ ਦੇ ਹਲਾਤ ਦਾ ਸਾਹਮਣਾ ਕਰਨ ਲਈ ਮਾਨਸਿਕ ਤੌਰ ਤੇ ਤਿਆਰ ਰਹਿਣਾ ਚਾਹੀਦਾ ਹੈ......।" ਬਲਦੇਵ ਦੇ ਬੋਲਾਂ ਵਿਚ ਹੁਣ ਅੰਤਾਂ ਦੀ ਗੰਭੀਰਤਾ ਸੀ ।

ਤੇ ਉਹ ਇਕ ਵਾਰ ਫਿਰ ਉਹ ਸਾਨੂੰ ਫਿਰ ਸਾਰੇ ਪਰਿਵਾਰ ਨੂੰ ਰੋਂਦਿਆਂ ਛੱਡ ਕੇ ਗੱਡੀ ਚੜ੍ਹ ਗਿਆ ਸੀ। ਉਸਦੇ ਗਏ ਨੂੰ ਅਜੇ ਹਫਤਾ ਹੀ ਬੀਤਿਆ ਸੀ ਕਿ ਖਬ਼ਰ ਆ ਗਈ ਕਿ ਸਰਕਾਰ ਨੇ ਕਸ਼ਮੀਰ ਨੂੰ ਵਿਸ਼ੇਸ਼ ਦਰਜ਼ਾ ਦੇਂਦੀ ਧਾਰਾ 370 ਰੱਦ ਕਰਦਿਆਂ ਸਾਰੇ ਕਸ਼ਮੀਰ ਵਿੱਚ ਕਰਫਿਊ ਲਾ ਦਿੱਤਾ ਹੈ। ਫੌਜੀ ਸਰਗਰਮੀਆਂ ਤੋਂ ਇਲਾਵਾ ਹੁਣ ਕਸ਼ਮੀਰ ਵਿਚ ਸਭ ਕੁਝ ਠੱਪ ਸੀ ।

ਸਾਡਾ ਕਈ ਦਿਨਾਂ ਤੋਂ ਬਲਦੇਵ ਨਾਲ ਫੋਨ ਤੇ ਸੰਪਰਕ ਨਹੀਂ ਸੀ ਹੋ ਰਿਹਾ, ਜਿਸ ਕਾਰਨ ਸਾਰਾ ਪਰਿਵਾਰ ਚਿੰਤਾ ਵਿਚ ਸੀ। ਅਸੀਂ ਸਾਰਾ ਦਿਨ ਟੈਲੀਵੀਜਨ ਮੂਹਰੇ ਬੈਠ ਕੇ ਖਬ਼ਰਾਂ ਸੁਣਦੇ ਮੈਂ ਅਖ਼ਬਾਰ ਵਿੱਚੋਂ ਕਸ਼ਮੀਰ ਨਾਲ ਸਬੰਧਤ ਸਾਰੀਆਂ ਖਬਰਾਂ ਆਪਣੇ ਸੱਸ ਸਹੁਰੇ ਨੂੰ ਸੁਣਾਉਂਦੀ। ਉੱਥੇ ਕਰਫਿਊ ਲੱਗਿਆਂ ਮਹੀਨਾ ਹੋਣ ਵਾਲਾ ਸੀ ਤੇ ਕਿਤੇ ਨਾ ਕਿਤੇ ਫੌਜ ਤੇ ਕਸ਼ਮੀਰੀਆਂ ਜ਼ਿਹਾਦੀਆਂ ਵਿਚਕਾਰ ਟਕਰਾਅ ਹੋਣ ਦੀਆਂ ਖਬਰਾਂ ਵੀ ਆਉਣ ਲੱਗ ਪਈਆਂ ਸਨ। ਅਸੀਂ ਜੇ ਕਿਸੇ ਫੌਜੀ ਜਵਾਨ ਦੇ ਮਾਰੇ ਜਾਣ ਦੀ ਖਬਰ ਪੜ੍ਹਦੇ ਸੁਣਦੇ ਤਾਂ ਸਾਰੇ ਪਰਿਵਾਰ ਦਾ ਤਰਾਹ ਨਿਕਲ ਜਾਂਦਾ। ਕਿਸੇ ਕਸ਼ਮੀਰੀ ਅੱਤਵਾਦੀ ਦੇ ਮਾਰੇ ਜਾਣ ਦੀ ਖਬ਼ਰ ਸੁਣ ਵੀ ਅਸੀਂ ਖੁਸ਼ ਨਹੀਂ ਸਾਂ ਹੁੰਦੇ। ਹੁਣ ਸਵੇਰੇ ਵੇਲੇ ਸੱਸ ਮਾਂ ਵੱਲੋਂ ਕੀਤੇ ਪਾਠ ਤੋਂ ਬਾਅਦ ਦੀ ਅਰਦਾਸ ਵਿਚ 'ਕਸ਼ਮੀਰ ਵਿਚ ਸੁੱਖ ਵਰਤਾਈਂ ਮੇਰੇ ਮਾਲਕਾਂ... ਬਲਦੇਵ ਛੇਤੀ ਘਰ ਪਰਤ ਆਵੇ' ਦੇ ਨਵੇਂ ਸ਼ਬਦ ਵੀ ਸ਼ਾਮਿਲ ਹੋ ਗਏ ਸਨ ।

ਕਸ਼ਮੀਰ ਚਲੇ ਜਾਣ ਤੋਂ ਪੂਰੇ ਦੋ ਮਹੀਨੇ ਬਾਦ ਬਲਦੇਵ ਦਾ ਖ਼ਤ ਆਇਆ। ਮੇਰੇ ਲਈ ਵੱਖਰਾ ਤੇ ਬੇਬੇ ਬਾਪੂ ਲਈ ਵੱਖਰਾ। ਉਸ ਮੇਰੇ ਵਾਲੇ ਖ਼ਤ ਵਿਚ ਅੱਤਵਾਦੀਆਂ ਨਾਲ ਹੋਈ ਇਕ ਮੁੱਠ ਭੇੜ ਦਾ ਜ਼ਿਕਰ ਕੀਤਾ ਸੀ ਤੇ ਦੋ ਅੱਤਵਾਦੀ ਮਾਰ ਦੇਣ ਦੀ ਗੱਲ ਵੀ ਲਿਖੀ ਸੀ। ਉਸ ਇਹ ਵੀ ਲਿਖਿਆ ਸੀ ਕਿ ਹਲਾਤ ਪਹਿਲਾਂ ਨਾਲੋਂ ਕੰਟਰੋਲ ਵਿਚ ਨੇ ਤੇ ਸਰਕਾਰ ਨੇ ਤਿੰਨ ਕੁ ਮਹੀਨਿਆਂ ਬਾਅਦ ਸੂਬੇ ਵਿਚੋਂ ਫੌਜ ਦੀ ਨਫਰੀ ਘਟਾਉਣ ਦੇ ਸੰਕੇਤ ਦਿੱਤੇ ਹਨ। ਅਸੀਂ ਪਰਿਵਾਰ ਦੇ ਮੈਂਬਰ 'ਇਕ ਦਿਨ ਹੋਰ ਘੱਟ ਗਿਆ' ਕਹਿ ਕੇ ਇੱਕ ਦੂਜੇ ਨੂੰ ਤਸੱਲੀ ਦੇਂਦੇ ਰਹਿੰਦੇ।

ਬਲਦੇਵ ਦੇ ਇਸ ਖ਼ਤ ਨੇ ਮੈਨੂੰ ਰਾਹਤ ਪਹੁੰਚਾਉਣ ਦੀ ਬਜਾਇ ਹੋਰ ਵੀ ਬੇਚੈਨ ਕਰ ਦਿੱਤਾ ਸੀ, ਜਿਸ ਫੌਜਣ ਦਾ ਫੌਜੀ ਹਰ ਰੋਜ਼ ਅਣਦੇਖੇ ਗੁਰੀਲੇ ਦੁਸ਼ਮਣਾਂ ਨਾਲ ਮੌਤ ਨੂੰ ਧੋਖਾ ਦੇਣ ਵਾਲਾ ਯੁੱਧ ਲੜ ਰਿਹਾ ਹੋਵੇ ਉਹ ਸਹਿਜ ਰਹਿ ਵੀ ਕਿਵੇਂ ਸਕਦੀ ਹੈ। ਦਿਲ ਵਿਚ ਕਈ ਤਰ੍ਹਾਂ ਦੀਆਂ ਸ਼ੰਕਾਵਾਂ ਉੱਠਦੀਆਂ ਪਰ ਮਨ ਨੂੰ ਜ਼ਬਰੀ ਹੋਰ ਪਾਸੇ ਲਾ ਕੇ ਮੈਂ ਇਨ੍ਹਾਂ ਸੰਕਾਵਾਂ ਤੋਂ

ਖਹਿੜਾ ਛੁਡਾਉਣ ਦਾ ਅਸਫਲ ਯਤਨ ਕਰਦੀ। ਇਹਨਾਂ ਦਿਨੀ ਮੇਰੇ ਅੰਦਰ ਬਲਦੇਵ ਦੇ ਪਿਆਰ ਦੀ ਨਿਸ਼ਾਨੀ ਨੇ ਵੀ ਆਪਣੀ ਹੋਂਦ ਦੀ ਸੂਚਨਾ ਪਰਿਵਾਰ ਨੂੰ ਦੇ ਦਿੱਤੀ ਸੀ।ਇਸ ਲਈ ਪੇਟ ਅੰਦਰਲੇ ਭਰੂਣ ਦੀ ਸਲਾਮਤੀ ਲਈ ਮੇਰਾ ਖੁਸ਼ ਰਹਿਣਾ ਜ਼ਰੂਰੀ ਸੀ, ਪਰ ਕੀ ਕਰਦੀ, ਮੈਂ ਕਿਹੜਾ ਜਾਣ ਬੁਝ ਕੇ ਡਰਾਉਣੀਆਂ ਸੋਚਾਂ ਨੂੰ ਆਪਣੇ ਕੋਲ ਸੱਦਦੀ ਸਾਂ।

ਉਸ ਵੇਲੇ ਮੇਰੀਆ ਸੰਕਾਵਾਂ ਸੱਚ ਹੋ ਨਿਬੜੀਆਂ, ਜਦੋਂ ਲੱਕੜ ਦੇ ਤਾਬੂਤ ਵਿਚ ਬੰਦ ਬਲਦੇਵ ਦੀ ਲਾਸ਼ ਸਾਡੇ ਘਰ ਆ ਅਪੜੀ ਸੀ। ਅੱਤਵਾਦੀਆਂ ਨਾਲ ਮੁੱਠਭੇੜ ਸਮੇਂ ਉਹ ਇਸ ਵਾਰ ਮੌਤ ਨੂੰ ਝਕਾਨੀ ਨਹੀਂ ਸੀ ਦੇ ਸਕਿਆ ਤੇ ਲੇਹ ਸੈਕਟਰ ਵਿਚ ਇਕ ਸਰਚ ਅਪਰੇਸ਼ਨ ਦੌਰਾਨ ਫੌਜ ਦੇ ਇਕ ਮੇਜਰ ਤੇ ਦੋ ਹੋਰ ਜਵਾਨਾਂ ਨਾਲ ਉਹ ਵੀ ਸ਼ਹੀਦ ਹੋ ਗਿਆ ਸੀ। ਬੇਬੇ ਬਾਪੂ ਨੂੰ ਗਸ਼ੀਆਂ ਪੈ ਗਈਆਂ ਸਨ ਤੇ ਮੇਰੀ ਆਪਣੀ ਹਲਾਤ ਵੀ ਬਹੁਤ ਖਰਾਬ ਸੀ। ਉਸ ਵੇਲੇ ਚਰਨਾ ਹੀ ਥੋੜੀ ਬਹੁਤੀ ਹੋਸ਼ ਵਿਚ ਸੀ। ਉਹ ਕਦੇ ਬੇਬੇ ਬਾਪੂ ਤੇ ਸ਼ਿੰਦਰ ਨੂੰ ਸੰਭਾਲਦਾ ਤੇ ਕਦੇ ਮੈਨੂੰ। ਸਾਰੇ ਪਿੰਡ ਦੇ ਲੋਕ ਵਹੀਰਾਂ ਘੱਤ ਕੇ ਸ਼ਹੀਦ ਦੇ ਅੰਤਿਮ ਦਰਸ਼ਨ ਕਰਨ ਲਈ ਪਹੁੰਚ ਰਹੇ ਸਨ। ਪਰਿਵਾਰ ਦੇ ਹਮਦਰਦ ਮੈਨੂੰ ਵਾਰ ਵਾਰ ਮੈਨੂੰ ਬਲਦੇਵ ਦੀ ਦੇਹ ਨਾਲੋਂ ਵੱਖ ਕਰਦੇ ਤੇ ਅਰਧ ਸੁਰਤੀ ਦੀ ਹਾਲਤ ਵਿਚ ਮੈਂ ਫਿਰ ਉਸ ਉੱਤੇ ਡਿੱਗ ਪੈਂਦੀ। ਬਲਦੇਵ ਦੇ ਅੰਤਿਮ ਸਸਕਾਰ ਵੇਲੇ ਜ਼ਿਲ੍ਹੇ ਦੇ ਡੀ. ਸੀ, ਸਮੇਤ ਸਾਰੇ ਉੱਚ ਅਧਿਕਾਰੀ ਪਹੁੰਚੇ ਹੋਏ ਸਨ। ਇਲਾਕੇ ਦਾ ਐਮ. ਐਲ.ਏ ਵੀ ਸਾਡੇ ਪਰਿਵਾਰ ਦਾ ਦੁੱਖ ਵੰਡਾਉਣ ਲਈ ਆਇਆ ਸੀ। ਲੀਡਰਾਂ ਤੇ ਸਰਕਾਰੀ ਅਫਸਰਾਂ ਵੱਲੋਂ ਬੋਲੇ ਜਾ ਰਹੇ ਮੇਰੇ ਲਈ ਹਮਦਰਦੀ ਬੋਲ ਮੈਨੂੰ ਰਾਹਤ ਦੇਣ ਦੀ ਬਜਾਇ ਮੇਰੇ ਕੰਨਾਂ ਵਿਚ ਵਿਹੁ ਘੋਲ ਰਹੇ ਸਨ। ਠੀਕ ਹੈ... ਮੇਰਾ ਪਤੀ ਦੇਸ਼ ਲਈ ਸ਼ਹੀਦ ਹੋਇਆ ਹੈ ਪਰ ਸਾਰਾ ਦੇਸ਼ ਮਿਲ ਕੇ ਵੀ ਮੇਰੇ ਲਈ ਬਲਦੇਵ ਨਹੀਂ ਬਣ ਸਕਦਾ .... ਤੇ ਫਿਰ ਇਹ ਫੋਕੀ ਹਮਦਰਦੀ ਵੀ ਕਿੰਨੇ ਚਿਰ ਲਈ ਹੈ .... ਬਾਕੀ ਜ਼ਿੰਦਗੀ ਤਾਂ ਮੈਂ ਆਪਣੇ ਸਿਰ 'ਤੇ ਹੀ ਕੱਟਣੀ ਹੈ।

ਬਲਦੇਵ ਦੀ ਅੰਤਿਮ ਅਰਦਾਸ ਸਮੇਂ ਵੀ ਪਿੰਡ ਵਿਚ ਇਤਿਹਾਸਕ ਪੱਧਰ ਦਾ ਇੱਕਠ ਜੁੜਿਆ। ਮੰਤਰੀਆਂ ਵਿਧਾਇਕਾਂ ਤੇ ਸਰਕਾਰੀ ਅਫਸਰਾਂ ਨੇ ਹਰ ਦੁਖ ਸੁੱਖ ਵਿਚ ਸ਼ਹੀਦ ਦੇ ਪਰਿਵਾਰ ਨਾਲ ਖੜ੍ਹਣ ਦਾ ਵਿਸਵਾਸ਼ ਦਿਵਾਇਆ ਪਰ ਮੈਨੂੰ ਇਹ ਸਭ ਕੁਝ ਪਖੰਡ ਜਿਹਾ ਹੀ ਜਾਪ ਰਿਹਾ ਸੀ।

ਬਲਦੇਵ ਦੇ ਭੋਗ ਤੋਂ ਬਾਅਦ ਮੈਂ ਇਕ ਮਹੀਨਾ ਤਾਂ ਸਹੁਰੇ ਘਰ ਰਹੀ ਤੇ ਫਿਰ ਪੇਕੇ ਘਰ ਚਲੀ ਗਈ। ਬਲਦੇਵ ਦੀ ਨਿਸ਼ਾਨੀ ਨੇ ਹੁਣ ਸਪਸ਼ਟ ਰੂਪ ਵਿਚ ਮੇਰੇ ਪੇਟ ਵਿਚ ਪੈਰ ਪਸਾਰਣੇ ਸ਼ੁਰੂ ਕਰ ਦਿੱਤੇ ਸਨ ਇਸ ਲਈ ਮੇਰੇ ਪੇਕੇ ਸਹੁਰੇ ਪਰਿਵਾਰ ਨੇ ਇਹ ਮਿਲ ਕੇ ਰਾਇ ਬਣਾਈ ਸੀ ਗ਼ਮਗੀਨ ਮਾਹੌਲ ਵਿਚ ਨਿਕਲਣ ਲਈ ਮੈਨੂੰ ਪੇਕੇ ਘਰ ਹੀ ਰਹਿਣਾ ਚਾਹੀਦਾ ਹੈ। ਪੇਕੇ ਪਹੁੰਚ ਕੇ ਵੀ ਮੇਰਾ ਮਨ ਲਗਾਤਾਰ ਉਚਾਟ ਤੇ ਉਦਾਸ ਹੀ ਰਿਹਾ। ਹਰ ਵੇਲੇ ਬਲਦੇਵ ਦੇ ਹੱਸਦੇ ਚਿਹਰੇ ਦੀ ਤਸਵੀਰ ਮੇਰੀਆਂ ਅੱਖਾਂ ਦੇ ਸਾਹਮਣੇ ਰਹਿੰਦੀ। ਆਪਣਾ ਮਨ ਹੋਰ ਪਾਸੇ ਲਾਉਣ ਲਈ ਮੈਂ ਆਂਢ ਗੁਆਂਢ ਦੇ ਛੋਟੇ ਬੱਚਿਆਂ ਨੂੰ ਪੜ੍ਹਾਉਣਾ ਸ਼ੁਰੂ ਕਰ ਦਿੱਤਾ ਸੀ ਤੇ ਘਰ ਬੈਠੇ ਈ. ਟੀ. ਟੀ. ਦਾ ਕੋਰਸ ਕਰਾਉਣ ਵਾਲੇ ਨੇੜਲੇ ਸ਼ਹਿਰ ਦੇ ਕਾਲਜ ਵਿਚ ਦਾਖਲਾ ਵੀ ਭਰ ਦਿੱਤਾ ਸੀ। ਕਾਲਜ ਨਾਲ ਕਲਾਸਾਂ ਨਾ ਲਾਉਣ ਦੀ ਗੱਲ ਮੈ ਕੁਝ ਵਾਧੂ ਪੈਸੇ ਦੇ ਕੇ ਨਿਬੇੜ ਲਈ ਸੀ ਤੇ ਘਰੇ ਹੀ ਈ. ਟੀ. ਟੀ. ਦੀ ਤਿਆਰੀ ਸ਼ੁਰੂ ਕਰ ਦਿੱਤੀ ਸੀ। ਚੰਗਾ ਜਾਂ ਮਾੜਾ ਵਕਤ ਤਾਂ ਲੰਘ ਹੀ ਜਾਂਦਾ ਹੈ..... ਉਹ ਦਿਨ ਵੀ ਆ ਪਹੁੰਚਿਆ ਜਦੋਂ ਮੇਰੇ ਜੰਮਣ ਪੀੜਾਂ ਸ਼ੁਰੂ ਹੋ ਗਈਆਂ

ਰਜਿੰਦਰ ਦੇ ਜਨਮ ਨੇ ਮੈਨੂੰ ਜਿਉਣ ਲਈ ਨਵਾਂ ਆਹਰ ਦੇ ਦਿੱਤਾ। ਮੇਰੇ ਲਈ ਪੰਜੀਰੀ ਲੈ ਕੇ ਮੇਰਾ ਸਾਰਾ ਸਹੁਰਾ ਪਰਿਵਾਰ ਆਇਆ...ਜਿਹੜਾ ਵੀ ਰਜਿੰਦਰ ਵੱਲ ਵੇਖਦਾ ਕਹੇ ਬਿਨਾਂ ਨਾ ਰਹਿੰਦਾ ਕਿ ਇਹ ਤਾਂ ਬਣਿਆ ਤਣਿਆ ਬਲਦੇਵ ਹੀ ਹੈ। ਰਾਤ ਨੂੰ ਰਜਿੰਦਰ ਨੂੰ ਛਾਤੀ ਨਾਲ ਲਾ ਕੇ ਸੌਂਦੀ ਤਾਂ ਮੈਨੂੰ ਲੱਗਦਾ ਕਿ ਬਲਦੇਵ ਹੀ ਮੇਰੇ ਸੀਨੇ ਨਾਲ ਲੱਗਿਆ ਹੋਇਆ ਹੈ।

ਦਿਨ ਹਫਤੇ ਤੇ ਹਫਤੇ ਮਹੀਨੇ ਬਣ ਕੇ ਲੰਘ ਰਹੇ ਸਨ। ਬਲਦੇਵ ਦੀ ਸ਼ਹਾਦਤ ਨੂੰ ਸਾਲ ਤੋਂ ਉਪਰ ਦਾ ਸਮਾਂ ਬੀਤ ਗਿਆ ਸੀ। ਮੈਂ ਇਕ ਵਾਰ ਰਜਿੰਦਰ ਨੂੰ ਲੈ ਕੇ ਸਹੁਰੇ ਘਰ ਵੀ ਜਾ ਆਈ ਸਾਂ ਪਰ ਈ. ਟੀ. ਟੀ. ਦੇ ਪੇਪਰਾਂ ਲਈ ਤਿਆਰੀ ਕਰਨ ਲਈ ਉੱਥੇ ਮਾਹੌਲ ਠੀਕ ਨਾ ਹੋਣ ਕਾਰਨ ਮੈਂ ਫਿਰ ਪੇਕੇ ਪਰਤ ਆਈ ਸਾਂ। ਉਂਜ ਵੀ ਸਹੁਰੇ ਘਰ ਚਰਨੇ ਦੀ ਹਾਜਰੀ ਮੈਨੂੰ ਪ੍ਰੇਸ਼ਾਨ ਕਰਦੀ ਸੀ। ਮੈਨੂੰ ਸਹੁਰੇ ਘਰੋਂ ਆਇਆਂ ਅਜੇ ਪੰਦਰਾਂ ਹੀ ਦਿਨ ਹੀ ਹੋਏ ਸਨ ਕਿ ਪੰਚਾਇਤੀ ਚੋਣਾਂ ਦਾ ਐਲਾਣ ਹੋ ਗਿਆ। ਸਰਕਾਰ ਦੀ ਨਵੀਂ ਨੀਤੀ ਅਨੁਸਾਰ ਮੇਰੇ ਸਹੁਰੇ ਪਿੰਡ ਦੀ ਸਰਪੰਚੀ ਦਲਿਤ ਕੈਟਾਗਿਰੀ ਲਈ ਰਾਖਵੀਂ ਸੀ। ਪਿੰਡ ਦੇ ਜਿੰਨ੍ਹਾਂ ਸਰਦਾਰਾਂ ਕੋਲ ਚਰਨਾ ਡਰਾਈਵਰ ਸੀ ਪੁਰਾਣੀ ਸਰਪੰਚੀ ਉਨ੍ਹਾਂ ਕੋਲ ਹੀ ਸੀ। ਸਰਦਾਰਾਂ ਨੇ ਚਰਨੇ ਨੂੰ ਹੀ ਸਰਪੰਚੀ ਦਾ ਉਮੀਦਵਾਰ ਬਣਾ ਦਿੱਤਾ। ਉਨ੍ਹਾਂ ਨੂੰ ਉਮੀਦ ਸੀ ਕਿ ਉਨ੍ਹਾਂ ਦਾ ਡਰਾਇਵਰ ਚਰਨਾ ਜੇ ਪਿੰਡ ਸਰਪੰਚ ਬਣ ਜਾਂਦਾ ਹੈ ਤਾਂ ਸਾਰੀ ਉਮਰ ਉਹਨਾਂ ਦੇ ਅੱਗੇ ਸਿਰ ਨਹੀਂ ਚੁੱਕੇਗਾ ਤੇ ਉਹਨਾਂ ਦੀ ਚੌਧਰ ਉਸੇ ਤਰ੍ਹਾਂ ਬਰਕਰਾਰ ਰਹੇਗੀ। ਚਰਨੇ ਦੀ ਸਰਪੰਚੀ ਤੇ ਆਉਣ ਵਾਲਾ ਦਾਰੂ ਪਿਆਲੇ ਦਾ ਖਰਚਾ ਵੀ ਸਰਦਾਰਾਂ ਨੇ ਓਟ ਲਿਆ ਸੀ।

ਮੈਨੂੰ ਸ਼ਰਮੋ ਸ਼ਰਮੀ ਚਰਨੇ ਨੂੰ ਵੋਟ ਪਾਉਣ ਜਾਣਾ ਤਾਂ

ਪਿਆ ਪਰ ਵੋਟ ਪਾਉਣ ਸਾਰ ਪੜ੍ਹਾਈ ਦਾ ਬਹਾਨਾ ਬਣਾ ਕੇ ਮੈਂ ਪੇਕੇ ਘਰ ਦੇ ਪਿੰਡ ਵਾਲੀ ਬੱਸ ਪਕੜ ਲਈ ਸੀ। ਸਰਦਾਰਾਂ ਦੀ ਹਿਮਾਇਤ ਤੇ ਫੌਜੀ ਭਰਾ ਦੇ ਸ਼ਹੀਦ ਹੋਣ ਦੀ ਹਮਦਰਦੀ ਚਰਨੇ ਦੇ ਕੰਮ ਆਈ ਤੇ ਉਹ ਧੌਣਾ ਪੱਤੀ ਦੇ ਸੀਤੇ ਨੂੰ ਹਰਾ ਕੇ ਪਿੰਡ ਦਾ ਨਵਾਂ ਸਰਪੰਚ ਬਣ ਗਿਆ। ਚਰਨੇ ਦੇ ਸਰਪੰਚ ਬਣਨ 'ਤੇ ਮੈਂ ਫੋਨ ਤੇ ਆਪਣੇ ਸੱਸ ਸਹੁਰੇ ਨੂੰ ਰਸਮੀ ਵਧਾਈਆਂ ਦਿੱਤੀਆਂ। ਬਲਦੇਵ ਦੀ ਮੌਤ ਤੋਂ ਬਾਅਦ ਮੇਰੀ ਸਹੁਰੇ ਘਰ ਵਿਚ ਬਹੁਤੀ ਦਿਲਚਸਪੀ ਨਹੀਂ ਸੀ ਰਹੀ, ਹਾਂ ਸਾਧੂ ਸੁਭਾਅ ਦੇ ਸੱਸ ਸਹੁਰੇ ਦਾ ਮੈਨੂੰ ਹੁਣ ਵੀ ਮੋਹ ਮਾਰਦਾ ਸੀ ਤੇ ਉਨ੍ਹਾ ਕਰਕੇ ਹੀ ਮੇਰਾ ਸਹੁਰੇ ਪਰਿਵਾਰ ਨਾਲ ਤੱਕ ਵਾਹ ਵਾਸਤਾ ਬਣਿਆ ਹੋਇਆ ਸੀ। ਬਲਦੇਵ ਦੀ ਪੈਨਸ਼ਨ ਮੇਰੇ ਬੈਂਕ ਖਾਤੇ ਵਿਚ ਆਉਣੀ ਸ਼ੁਰੂ ਹੋ ਗਈ ਸੀ ਤੇ ਮੈਂ ਆਪਣੇ ਖਰਚੇ ਲਈ ਕੁਝ ਰਕਮ ਰੱਖ ਕੇ ਬਾਕੀ ਰਕਮ ਆਪਣੀ ਸੱਸ ਨੂੰ ਭੇਜ ਦੇਂਦੀ ਸਾਂ।

ਚਰਨੇ ਦੇ ਸਰਪੰਚ ਬਣਨ 'ਤੇ ਮੇਰੀ ਸੱਸ ਨੇ ਮੈਨੂੰ ਫੋਨ ਤੇ ਤਾਗੀਦ ਕੀਤੀ ਸੀ ਕਿ ਮੈਂ ਇਕ ਵਾਰ ਪਿੰਡ ਜ਼ਰੂਰ ਆਵਾਂ ਪਰ ਮੈਂ ਢਿੱਲੀ ਹੋਣ ਦਾ ਬਹਾਨਾ ਬਣਾ ਕੇ ਨਾਂਹ ਕਰ ਦਿੱਤੀ ਸੀ। ਭਲਾ ਚਰਨੇ ਦੀ ਸਰਪੰਚੀ ਤੋਂ ਮੈਂ ਕੀ ਲੈਣਾ ਸੀ। ਅਗਲੇ ਦਿਨ ਮੇਰੀ ਸੱਸ ਆਪ ਹੀ ਮੇਰੇ ਪੇਕੇ ਪਿੰਡ ਪਹੁੰਚ ਗਈ ਸੀ।

"ਕੁੜੇ ਤੂੰ ਤਾਂ ਜਵਾਂ ਈਂ ਮੋਹ ਤੋੜ ਗਈ...।" ਮੈਨੂੰ ਗਲੇ ਲਾਉਦਿਆਂ ਸੱਸ ਦੀਆਂ ਅੱਖਾਂ ਭਰ ਆਈਆਂ ਤੇ ਜਵਾਬ ਵਿਚ ਮੇਰੀਆਂ ਅੱਖਾਂ ਵੀ ਸੁੱਕੀਆਂ ਨਹੀ ਸਨ ਰਹਿ ਸਕੀਆਂ।

"ਆਪਣਾ ਚਰਨਾ ਸੁੱਖ ਨਾਲ ਸਰਪੰਚ ਬਣਿਐ ...ਤੂੰ ਤਾਂ ਫੋਨ ਤੇ ਵਧਾਈ ਦੇ ਕੇ ਹੀ ਸਾਰ ਦਿੱਤਾ... ਸੋਚਿਆ, ਖੁਸ਼ੀ ਦੇ ਮੌਕੇ ਮੈਂ ਆਪ ਹੀ ਆਪਣੀ ਧੀ ਨੂੰ ਜਾ ਕੇ ਲੈ ਆਵਾਂ। ਸੱਸ ਨੇ ਮੋਹ ਤੇ ਅਪਣੱਤ ਦੀ ਭਾਵਨਾਂ ਨਾਲ ਮੇਰੇ 'ਤੇ ਦਾਅਵਾ ਜਮਾਉਂਦਿਆਂ ਕਿਹਾ। ਮੇਰੇ ਆਪਣੇ ਬੇਬੇ ਬਾਪੂ ਦੀ ਵੀ ਸਲਾਹ ਸੀ ਕਿ ਮੈਂ ਇਕ ਵਾਰ ਆਪਣੇ ਸਹੁਰੇ ਘਰ ਜ਼ਰੂਰ ਜਾ ਆਵਾਂ।

ਮੈਂ ਆਪਣੀ ਸੱਸ ਮਾਂ ਨਾਲ ਆਪਣੇ ਸਹੁਰੇ ਘਰ ਪਹੁੰਚੀ ਤਾਂ ਉੱਥੇ ਪੂਰੀ ਰੌਣਕ ਸੀ। ਗੇਹਲੇ ਪਹੁੰਚਦਿਆਂ ਸਾਰ ਮੇਰੀ ਸੱਸ ਨੇ ਉਹ ਗੱਲ ਕਹਿ ਦਿੱਤੀ ਜਿਸ ਤੋਂ ਮੈਂ ਕਈ ਦਿਨਾਂ ਦੀ ਡਰ ਰਹੀ ਸਾਂ, "ਕੁੜੇ ਇਕ ਵਾਰ ਤਾਂ ਤੂੰ ਬੇਸ਼ੱਕ ਪੇਕੇ ਚਲੀ ਜਾਈਂ...ਫਿਰ ਅਸੀਂ ਤੈਨੂੰ ਸ਼ਗਨਾਂ ਨਾਲ ਦੁਬਾਰਾ ਲੈ ਆਵਾਂਗੇ... ਆਪਣੇ ਚਰਨੇ ਲਈ ਕਈ ਰਿਸ਼ਤੇ ਆਏ ਨੇ ਪਰ ਮੈਂ ਆਖਿਆ ਕਿ ਮੈਂ ਤਾਂ ਆਪਣੀ ਧੀ ਨੂੰ ਹੀ ਆਪਣੇ ਘਰ ਰਖੂੰ। ਸੱਸ ਦੇ ਬੋਲਾਂ ਵਿਚ ਮੋਹ ਦੇ ਨਾਲ ਅਹਿਸਾਨ ਕਰਨ ਦੀ ਭਾਵਨਾ ਵੀ ਰਲੀ ਸੀ। ਜਿਵੇਂ ਸਰਪੰਚ ਬਣਨ ਨਾਲ ਉਸਦੇ ਪੁੱਤ ਦਾ ਮੁੱਲ ਬਹੁਤ ਵੱਧ ਗਿਆ ਹੋਵੇ। ਮੈਨੂੰ ਪਤਾ ਹੈ ਇਸ ਨਸ਼ੇੜੀ ਨੂੰ ਕਿੰਨੇ ਕੁ ਰਿਸ਼ਤੇ ਆਏ ਹੋਣਗੇ... ਹੁਣ ਤੱਕ ਤਾਂ ਨਿਤ ਦਿਹਾੜੀ ਦੀਪੀ ਦਾ ਰਿਸ਼ਤਾ ਲਿਆਉਣ ਲਈ ਮੇਰੇ ਤੇ ਜ਼ੋਰ ਪਾਉਂਦੀ ਰਹੀ ਹੈ।

ਸੱਸ ਦੀ ਗੱਲ ਸੁਣ ਕੇ ਮੈਂ ਅੰਦਰ ਤੱਕ ਹਲੂਣੀ ਗਈ ਸਾਂ.....ਚਰਨਾ ਤੇ ਉਸਦੀਆਂ ਵਿਗੜੀਆਂ ਆਦਤਾਂ ਨਾਲ ਮੈਨੂੰ ਸ਼ੁਰੂ ਤੋਂ ਹੀ ਨਫਰਤ ਸੀ। ਕਿੱਥੇ ਬਲਦੇਵ ਤੇ ਕਿੱਥੇ ਚਰਨਾ। ਭਲਾ ਮੈਂ ਚਰਨੇ ਨੂੰ ਬਲਦੇਵ ਦੀ ਥਾਂ ਕਿਵੇਂ ਦੇ ਦਿਆਂ.....ਨਾਲੇ ਹੁਣ ਤਾਂ ਮੈਨੂੰ ਜਿਉਣ ਲਈ ਨਵਾਂ ਸਹਾਰਾ ਵੀ ਮਿਲ ਗਿਐ.. ਜੇ ਸੱਸ ਮੇਰੇ ਪੇਕੇ ਘਰ ਹੀ ਇਹ ਗੱਲ ਮੇਰੇ ਕੰਨੀ ਪਾ ਦੇਂਦੀ ਤਾਂ ਮੈਂ ਉਸਦੇ ਜ਼ੋਰ ਪਾਉਣ ਤੇ ਵੀ ਇਸ ਘਰ ਨਹੀਂ ਸੀ ਆਉਣਾ।

"ਮੈਂ ਤੇਰੇ ਬੇਬੇ ਬਾਪੂ ਨਾਲ ਵੀ ਗੱਲ ਕਰ ਲਈ ਹੈ... ਉਨ੍ਹਾਂ ਦੀ ਵੀ ਇਹੋ ਰਾਇ ਹੈ।' ਸੱਸ ਨੇ ਨਵੀਂ ਗੱਲ ਦਾ ਖੁਲਾਸਾ ਕੀਤਾ ਤਾਂ ਮੈਨੂੰ ਅਹਿਸਾਸ ਹੋਇਆ ਕਿ ਕਿਉਂ ਮੇਰੀ ਬੇਬੇ ਮੈਨੂੰ ਸਹੁਰੇ ਘਰ ਮਿਲ ਆਉਣ ਲਈ ਜ਼ੋਰ ਪਾ ਰਹੀ ਸੀ। ਬੇਬੇ ਨੇ ਤਾਂ ਆਨੀ ਬਹਾਨੀ ਬਲਦੇਵ ਦੇ ਪਰਿਵਾਰ ਨੂੰ ਸਰਕਾਰ ਵੱਲੋਂ ਮਿਲਣ ਵਾਲੇ ਬਕਾਏ ਦੀ ਗੱਲ ਵੀ ਮੇਰੀ ਸੱਸ ਨਾਲ ਛੇੜੀ ਸੀ।

ਸੱਸ ਮਾਂ ਦੀ ਗੱਲ ਸੁਣ ਕਿ ਮੈਂ ਗੰਭੀਰ ਜਿਹੀ ਹੋ ਗਈ......ਹੁਣ ਇਹ ਗੱਲ ਵੀ ਮੇਰੇ ਦਿਮਾਗ ਵਿਚ ਆ ਰਹੀ ਸੀ ਕਿ ਮਸਲਾ ਕੇਵਲ ਘਰ ਦੀ ਨੂੰਹ ਨੂੰ ਘਰ ਰੱਖਣ ਦਾ ਨਹੀਂ ਹੈ ਸਗੋਂ ਫੌਜੀ ਦੀ ਪੈਨਸ਼ਨ ਤੇ ਮਿਲਣ ਵਾਲੇ ਬਕਾਏ ਨੂੰ ਵੀ ਘਰ ਰੱਖਣ ਦਾ ਵੀ ਹੈ। ....ਬੇਸ਼ਕ ਰਜਿੰਦਰ ਵੀ ਉਨ੍ਹਾਂ ਦਾ ਹੀ ਖ਼ੂਨ ਹੈ..... ਪਰ ਮੈਂ ਜੇ ਉਨ੍ਹਾਂ ਤੋਂ ਵੱਖਰੀ ਰਹਿਨੀ ਹਾਂ ਤਾਂ ਪਰਿਵਾਰ ਨੂੰ ਆਰਥਿਕ ਸੇਕ ਤਾਂ ਲੱਗੇਗਾ ਹੀ ।

ਜਦੋਂ ਮੈਂ ਘਰ ਆਈ ਸਾਂ ਤਾਂ ਚਰਨਾ ਉਸ ਵੇਲੇ ਨੇੜਲੇ ਸ਼ਹਿਰ ਸਰਪੰਚੀ ਦੀ ਸੌਂਹ ਚੁੱਕਣ ਗਿਆ ਹੋਇਆ ਸੀ। ਸ਼ਾਮੀਂ ਜਦੋਂ ਉਸ ਨਾਲ ਟਾਕਰਾ ਹੋਇਆ ਤਾਂ ਉਸ ਮੁਸਕਰਾਉਂਦੇ ਹੋਏ ਪੁੱਛਿਆ,"ਹੋਰ ਕੀ ਹਾਲ ਹੈ ਸੁੱਖ ਤੇਰਾ?" ਭਾਬੀ ਦੀ ਬਜਾਇ ਪਹਿਲੀ ਵਾਰ ਉਸਦੇ ਮੂੰਹੋ ਸੁੱਖ ਸੰਬੋਧਨ ਸੁਣ ਕੇ ਮੈਂ ਅਚੰਭਿਤ ਜਿਹੀ ਰਹਿ ਗਈ ਤਾਂ। ਮੈਨੂੰ ਸੁੱਖ ਕਹਿਣ ਦਾ ਅਧਿਕਾਰ ਤਾਂ ਕੇਵਲ ਬਲਦੇਵ ਕੋਲ ਸੀ। ਇਸ ਮੇਰੀ ਸਹਿਮਤੀ ਬਿਨਾਂ ਆਪਣੇ ਆਪ ਹੀ ਇਹ ਅਧਿਕਾਰ ਕਿਵੇਂ ਲੈ ਲਿਆ ਹੈ । ਮੇਰਾ ਦਿਲ ਕੀਤਾ ਕਿ ਪਹਿਲਾਂ ਵਾਂਗ ਹੀ ਚਰਨੇ ਨੂੰ ਝਿੜਕ ਦੇਵਾਂ ਪਰ ਹੁਣ ਹਲਾਤ ਏਨੇ ਬਦਲ ਗਏ ਸਨ ਕਿ ਮੈਂ ਕੁਝ ਬੋਲਣ ਤੋਂ ਪਹਿਲਾਂ ਮੈਨੂੰ ਸੌ ਵਾਰ ਸੋਚਣਾ ਪੈਣਾ ਸੀ। ਮੈਨੂੰ ਲੱਗਿਆ ਜਿਵੇ ਚਰਨੇ ਦੀ ਗੁੱਝੀ ਮੁਸਕਰਾਹਟ ਸਾਫ ਤੌਰ 'ਤੇ ਮੈਨੂੰ ਚੈਲਿੰਜ ਕਰ ਰਹੀ ਹੋਵੇ, " ਓਦੋਂ ਤਾਂ ਹੱਥ ਨਹੀਂ ਸੀ

ਟਿਕਣ ਦੇਂਦੀ ... ਹੁਣ ਭੱਜ ਕਿੱਥੇ ਭੱਜੇਂਗੀ?

ਰਾਤੀਂ ਨਵੇਂ ਬਣੇ ਸਰਪੰਚ ਵੱਲੋਂ ਸਰਦਾਰਾਂ ਦੇ ਉਸ ਵਿਚਕਾਰੇ ਕਾਕੇ ਨੂੰ ਪਾਰਟੀ ਦਿੱਤੀ ਜਾਣੀ ਸੀ ਜਿਸਦਾ ਆਪਣੀ ਪਤਨੀ ਨਾਲ ਤਲਾਕ ਦਾ ਕੇਸ ਅਦਾਲਤ ਵਿਚ ਚੱਲ ਰਿਹਾ ਸੀ। ਸ਼ਾਮ ਤੋਂ ਹੀ ਸ਼ਰਾਬ ਦਾ ਦੌਰ ਸ਼ੁਰੂ ਹੋ ਗਏ ਸਨ। "ਸੁੱਖ ! ਅੰਦਰੋ ਅੰਬ ਦਾ ਅਚਾਰ ਲਿਆਈ ਥੋੜ੍ਹਾ ਜਿਹਾ।" ਚਰਨੇ ਨੇ ਇਸ ਤਰਾਂ ਉੱਚੀ ਆਵਾਜ਼ ਮਾਰੀ ਜਿਵੇਂ ਉਸ ਮੇਰੇ ਪਤੀ ਹੋਣ ਦਾ ਪੂਰਾ ਅਧਿਕਾਰ ਹਾਸਿਲ ਕਰ ਲਿਆ ਹੋਵੇ। ਇਕ ਵਾਰ ਤਾਂ ਮੈ ਸਾਫ ਨਾਂਹ ਕਰ ਦਿੱਤੀ ਪਰ ਬੇਬੇ ਤੇ ਜ਼ੋਰ ਪਾਉਣ ਤੇ ਉਸਦਾ ਮਾਣ ਰੱਖਣ ਲਈ ਮੈਨੂੰ ਉੱਥੇ ਜਾਣਾ ਪਿਆ ਹੀ ਪਿਆ ਸੀ ।

"ਬਈ ਭਾਬੀ ਸਾਹਿਬਾਂ ਤਾਂ ਨਿਰਾ ਚੰਦ ਦਾ ਟੁੱਕੜੈ...ਸਾਡੇ ਧੰਨ ਭਾਗ, ਇਹਦੇ ਦਰਸ਼ਨ ਹੋਗੇ....ਦੋ ਪਲ ਸਾਡੇ ਕੋਲ ਵੀ ਬਹਿ ਜਾਓ ਭਾਬੀ ਸਾਹਿਬਾ।" ਸ਼ਰਾਬੀ ਹੋਏ ਕਾਕੇ ਸਮਸ਼ੇਰ ਨੇ ਖਚਰੀ ਜਿਹੀ ਹਾਸੀ ਹੱਸਦਿਆਂ ਕਿਹਾ ਤਾਂ ਮੇਰੇ ਸਾਰੇ ਤਨ ਬਦਨ ਨੂੰ ਅੱਗ ਲੱਗ ਗਈ। ਮੈਂ ਸ਼ਮਸੇਰ ਦੀ ਗੱਲ ਦਾ ਪ੍ਰਤੀਕ੍ਰਮ ਵੇਖਣ ਲਈ ਚਰਨੇ ਵੱਲ ਝਾਕੀ ਤਾਂ ਉਹ ਬੇਸ਼ਰਮਾਂ ਵਾਂਗ ਖਿੜ ਖਿੜ ਕੇ ਹੱਸ ਰਿਹਾ ਸੀ ਜਿਵੇਂ ਸਮਸ਼ੇਰ ਨੇ ਕੋਈ ਬਹੁਤ ਹੀ ਸੁਆਦਲਾ ਚੁਟਕਲਾ ਸੁਣਾਇਆ ਹੋਵੇ।

"ਤੁਸੀਂ ਆਪਣੀ ਲਿਹਾਜ ਨੂੰ ਆਪਣੇ ਤੱਕ ਹੀ ਸੀਮਤ ਰੱਖੋ।" ਮੈਂ ਤਲਖੀ ਨਾਲ ਦੋਹਾਂ ਨੂੰ ਸੁਣਾ ਕੇ ਕਿਹਾ ਤੇ ਬਾਹਰ ਨਿਕਲ ਆਈ। ਰਾਤ ਸਮੇਂ ਮੈਂ ਪੇਕੇ ਨਹੀ ਸਾਂ ਜਾ ਸਕਦੀ, ਇਸ ਲਈ ਸਾਰੀ ਰਾਤ ਜਾਗਦਿਆਂ ਤੇ ਪਾਸੇ ਮਾਰਦਿਆਂ ਹੀ ਕੱਟੀ। ਸਵੇਰ ਹੁੰਦਿਆਂ ਹੀ ਮੈਂ ਆਪਣੇ ਆਪਣੇ ਕਪੜੇ ਅਟੈਚੀ ਵਿਚ ਸੰਭਾਲਣੇ ਸ਼ੁਰੂ ਕਰ ਦਿੱਤੇ। ਮੈਨੂੰ ਅਜਿਹਾ ਕਰਦਿਆਂ ਵੇਖ ਮੇਰੀ ਨਿਨਾਣ ਨੇ ਪ੍ਰੇਸ਼ਾਨ ਤੇ ਹੈਰਾਨ ਹੁੰਦਿਆ ਪੁੱਛਿਆ "ਭਾਬੀ ਸਵੇਰੇ ਸਵੇਰੇ ਕੱਪੜੇ ਸਾਂਭ ਰਹੀ ਹੈ , ਜਿਵੇਂ ਕਿਤੇ ਜਾਣਾ ਹੋਵੇ ?"

"ਹਾਂ, ਸ਼ਿੰਦਰ ਮੈਂ ਵਾਪਸ ਆਪਣੇ ਘਰ ਜਾ ਰਹੀ ਹਾਂ ।" ਮੈਂ ਸੰਖੇਪ ਜਵਾਬ ਦਿੱਤਾ ਕੀ ਗੱਲ ਹੋ ਗਈ ਭਾਬੀ ਕਿਤੇ ਵੀਰ ਚਰਨੇ ਨੇ ਤਾਂ ਕੁਝ ਨਹੀ ਕਹਿ ਦਿੱਤਾ? ਉਸ ਮੋੜਵਾਂ ਸੁਆਲ ਕੀਤਾ।

"ਉਹ ਕੀ ਕਹਿਣ ਜੋਗਾ ਐ.... ਤੇਰਾ ਵੱਡਾ ਵੀਰ ਤਾਂ ਦੇਸ਼ ਦੀ ਅਣਖ ਪਿੱਛੇ ਆਪਣੀ ਜਾਨ ਵਾਰ ਗਿਆ ਪਰ ਇਸਨੇ ਤਾਂ ਆਪਣੀ ਅਣਖ ਵੀ ਸ਼ਰਾਬ ਵਿਚ ਘੋਲ ਕੇ ਪੀਤੀ ਹੋਈ ਹੈ।" ਇਕ ਹੱਥ ਨਾਲ ਗੋਦੀ ਚੁੱਕੇ ਰਜਿੰਦਰ ਨੂੰ ਸੰਭਾਲਦੀ ਤੇ ਦੂਜੇ ਹੱਥ ਅਟੈਚੀ ਚੁੱਕੀ ਮੈਂ ਬਾਹਰ ਵੱਲ ਵੱਧੀ ਹਾਂ ।

"ਕਮਲੀ ਨਹੀਂ ਬਣੀਦਾ ਸੁੱਖ..... ਆਪਣੇ ਨਹੀਂ ਤਾਂ ਰਜਿੰਦਰ ਦੇ ਭੱਵਿਖ ਬਾਰੇ ਸੋਚ।" ਸਾਡੀ ਗੱਲ ਵਿਚ ਸ਼ਰੀਕ ਹੁੰਦਿਆਂ ਮੇਰੀ ਸੱਸ ਨੇ ਮੈਨੂੰ ਰੋਕਣ ਦੀ ਕੋਸ਼ਿਸ਼ ਕੀਤੀ ਹੈ।

"ਬਹੁਤ ਸੋਚਿਆ ਹੈ ਮਾਂ ਜੀ... ਰਜਿੰਦਰ ਦੀ ਪੜ੍ਹਾਈ ਲਈ ਉਸਦੇ ਫੌਜੀ ਪਿਓ ਦੀ ਪੈਨਸ਼ਨ ਤੇ ਮੇਰੇ ਹਿੱਸੇ ਦਾ ਬਕਾਇਆ ਬਹੁਤ ਹੈ ਤੇ ਦੇਰ ਸਵੇਰ ਮੈਨੂੰ ਵੀ ਨੌਕਰੀ ਮਿਲ ਜਾਵੇਗੀ" ਮੈਂ ਹੁਣ ਸਾਰੀ ਪੈਨਸ਼ਨ ਆਪਣੇ ਕੋਲ ਰੱਖਣ ਤੇ ਬਕਾਏ ਵਿਚੋਂ ਆਪਣਾ ਹਿੱਸਾ ਲੈਣ ਦਾ ਇਸ਼ਾਰਾ ਵੀ ਕਰ ਦਿੱਤਾ ਸੀ ।

ਰਾਤੀਂ ਵਧੇਰੇ ਸ਼ਰਾਬ ਪੀ ਜਾਣ ਕਾਰਨ ਉਂਘਲਾਏ ਜਿਹੇ ਚਰਨੇ ਨੇ ਬਰਾਂਡੇ ਵਿਚ ਖੜ੍ਹੇ ਹੋਏ ਨੇ ਮੇਰੇ ਤਲਖ ਬੋਲ ਸੁਣ ਤਾਂ ਲਏ ਹਨ ਪਰ ਉਹ ਮੇਰਾ ਰਾਹ ਰੋਕਣ ਦਾ ਹੌਸਲਾ ਨਹੀਂ ਸੀ ਕਰ ਸਕਿਆ ।

**89682-82700**

## ਦਰਦ ਚੰਗੇ ਵੀ ਹੁੰਦੇ ਹਨ / ਰੁਪਿੰਦਰ ਸ਼ੇਖਰ ਸੁਮਨ



ਹਸਪਤਾਲ ਦੇ ਬੈੱਡ ਤੇ
ਜੀਵਨ-ਮਰਨ ਦੇ
ਡੂੰਘੇ ਖੂਹ ਵਿਚਕਾਰ
ਪ੍ਰਸੂਤਾ ਪੀੜਾਂ ਨਾਲ
ਰੂਬਰੂ ਹੁੰਦਿਆਂ
ਜਦ ਕੈਂਚੀਆਂ ਸੂਈਆਂ
ਕਰ ਰਹੀਆਂ ਸੀ ਕਸੀਦਕਾਰੀ
ਵਰ੍ਹਿਆਂ ਦੇ ਪਾਲੇ ਜਿਸਮ ਤੇ
ਦਰਦ ਤਾਂ ਬਹੁਤ ਹੋਇਆ ਸੀ
ਪਰ ਜਦ ਉਹ ਮਾਸੂਮ, ਪਾਕ ਜਿਹਾ
ਰੂੰ ਦਾ ਫੰਬਾ ਮੇਰੀ ਛਾਤੀ ਨਾਲ ਜੁੜਿਆ
ਤਾਂ ਸੱਚ ਜਾਣਿਓ, ਸਾਰੀ ਪੀੜ
ਜਿੱਦਾਂ ਛੂ-ਮੰਤਰ ਹੋ ਗਈ
ਲਹੂ ਦੇ ਡੂੰਘੇ ਵਹਿਣ ਨਾਲ
ਮਮਤਾ ਦਾ ਅਸੀਮ ਖੂਹ
ਵੀ ਪੁੱਟਿਆ ਗਿਆ ਸੀ
ਜੋ ਪਰਤ-ਦਰ-ਪਰਤ
ਅੱਲੇ ਫੱਟ ਭਰਦਾ ਗਿਆ ਤੇ
ਮੈਂ ਕਿਸ਼ਤ-ਦਰ-ਕਿਸ਼ਤ
ਸੋਹਲ ਚਿੜੀ ਤੋਂ ਚੱਟਾਨ
ਜਿਹੀ ਢਾਲ ਬਣਦੀ ਗਈ
ਹਾਂ, ਜਿਗਰ ਦੇ ਟੋਟੇ ਦੇ
ਸੂਈ ਲੱਗਦਿਆਂ ਜ਼ਰੂਰ ਲੱਗਦਾ
ਕਿ ਕੋਈ ਤੀਰ ਮੇਰੇ ਸੀਨੇ
ਪਰੁੰਨ੍ਹਿਆ ਗਿਆ ਹੋਵੇ
ਉਹਦੇ ਤੁਰਦਿਆਂ ਡਿੱਗਣ ਤੇ
ਫੱਟ ਮੇਰੇ ਪਹਿਲਾਂ ਲੱਗਦਾ
ਤੇ ਆਪਣਾ ਦਰਦ ਕਦੇ
ਮਹਿਸੂਸ ਹੀ ਨਹੀਂ ਹੋਇਆ
ਇਸੇ ਲਈ ਤਾਂ ਦਰਦ ਚੰਗੇ ਵੀ ਹੁੰਦੇ ਨੇ
ਰਾਹਤ ਦੀ ਪਗ-ਡੰਡੀ ਵੀ ਹੁੰਦੇ ਹਨ।

## ਪੰਜ ਕਵਿਤਾਵਾਂ ਅਮੀਰ ਖੁਸਰੋ / ਸ਼ਹੰਸ਼ਾਹ ਆਲਮ

ਅਨੁ. ਅਮਰਜੀਤ ਕੌਂਕੇ



### ਇੱਕ

ਮੈਂ ਖਵਾਜਾ ਨਿਜਾਮੁੱਦੀਨ ਔਲੀਆ
ਦੀ ਦਿੱਲੀ ਜਾਂਦਾ ਹਾਂ
ਵਾਪਸ ਆਪਣੇ ਘਰ ਪਰਤਦਾ ਹਾਂ
ਅਮੀਰ ਖੁਸਰੋ ਦਾ ਮੁਰੀਦ ਬਣਕੇ

ਹੁਣ ਖਾਲੀਪਨ ਕਿੱਥੇ
ਵਿਖਾਈ ਦਿੰਦਾ ਹੈ ਕਿਸੇ ਦਰਿਆ ਦੇ ਕੰਢੇ
ਪਹਾੜ ਕੋਲੋਂ ਖੋਹ ਲਈ ਗਈ
ਉਸਦੀ ਭਾਸ਼ਾ ਵਾਪਸ ਪਰਤ ਆਉਂਦੀ ਹੈ

ਬਿਰਖਾਂ ਦੀ ਤਕਲੀਫ ਵੀ ਚਲੀ ਜਾਂਦੀ ਹੈ
ਹਮੇਸ਼ਾ ਦੇ ਲਈ ਸਮੁੰਦਰ ਦੇ
ਵਿੱਚ ਗੋਤਾ ਲਾਉਣ ।

### ਦੋ

ਤੇਰੀਆਂ ਸੁਰਾਂ ਦਾ ਢਾਂਚਾ ਇੰਨਾ ਖਾਸ ਹੈ
ਕਿ ਮੈਂ ਜਿਸ ਇਕਾਂਤ ਵਿੱਚ ਭਟਕਦਾ ਹਾਂ
ਤੇਰੇ ਹੀ ਰਾਗਾਂ ਦੀ ਗੂੰਜ ਨੂੰ ਸੁਣਦਾ ਹਾਂ
ਤੇਰੇ ਹੀ ਸਾਜਾਂ ਦੇ ਯੰਤਰ ਨੂੰ ਫੜਦਾ ਹਾਂ

ਤੇਰਾ ਤਬਲਾ ਅਤੇ ਸਿਤਾਰ ਮੈਨੂੰ
ਮੁਕਤ ਕਰ ਦਿੰਦਾ ਹੈ
ਮੈਨੂੰ ਰਾਤ ਦੇ ਡਰ ਕੋਲੋਂ ।

### ਤਿੰਨ

ਮੇਰੀ ਹਰ ਰਾਤ ਇੱਕ ਸੂਫੀ ਦੀ ਰਾਤ ਹੋ ਜਾਂਦੀ ਹੈ
ਤੇਰੇ ਵਿਛਾਏ ਹੋਏ ਜਾਨਮਾਜ ਤੇ ਬੈਠਦੇ ਹੀ
ਜਿਸ ਤਰ੍ਹਾਂ ਤੇਰੀ ਸ਼ਾਇਰੀ ਦੀ ਹਰ ਮਹਿਫਲ
ਇੱਕ ਸੂਫੀ ਦੀ ਮਹਿਫਲ ਹੋਇਆ ਕਰਦੀ ਸੀ

ਹੁਣ ਮੇਰੀ ਹਰ ਰਾਤ ਨੂੰ ਦਰਖਤਾਂ ਦੀਆਂ
ਚਿੜੀਆਂ ਗਾਉਂਦੀਆਂ ਹਨ
'ਗੋਰੀ ਸੋਵੇ ਸੇਜ ਉੱਤੇ ਮੁਖ ਪਰ ਡਾਰੇ ਕੇਸ
ਚੱਲ ਖੁਸਰੋ ਘਰ ਆਪਣੇ ਰੈਣ ਭਈ ਚਹੁੰ ਦੇਸ।'

### ਚਾਰ

ਤੂੰ ਭਾਸ਼ਾ ਦੀਆਂ ਸਰਹਦਾਂ ਨੂੰ ਉਲੰਘਿਆ
ਅਸੀ ਹਾਂ ਕਿ ਭਾਸ਼ਾ ਨੂੰ ਬੰਨ੍ਹਣ ਵਿੱਚ ਲੱਗੇ ਹਾਂ
ਆਪਣੇ-ਆਪਣੇ ਧਰਮ ਨਾਲ ਜੋੜਦੇ

ਤੇਰੀ ਭਾਸ਼ਾ ਕੀ ਸੀ ਅਮੀਰ ਖੁਸਰੋ
ਤੇ ਤੇਰਾ ਮੁਲਕ ਕਿਹੜਾ ਸੀ

ਮੇਰੀ ਭਾਸ਼ਾ ਕੀ ਹੈ ਅਮੀਰ ਖੁਸਰੋ
ਅਤੇ ਮੇਰਾ ਮੁਲਕ ਕਿਹੜਾ ਹੈ

ਇਹ ਪ੍ਰਸ਼ਨ ਮੇਰਾ ਨਹੀਂ ਹੈ
ਉਸ ਨਵੇਂ ਦਰਬਾਰ ਦਾ ਹੈ
ਜਿਸ ਵਿੱਚ ਸਿਰਫ ਉਹ ਹੀ
ਇਸ ਮੁਲਕ ਦੇ ਰਹਿਣ ਵਾਲੇ ਨੇ
ਬਾਕੀ ਸਾਰੇ ਕਿਸੇ ਹੋਰ
ਦੁਨੀਆਂ ਤੋਂ ਆਏ ਹੋਏ ਇਨਸਾਨ।

### ਪੰਜ

ਤੂੰ ਹਿੰਦੀ ਦਾ ਪਹਿਲੇ ਕਵੀ ਸੀ ਅਮੀਰ ਖੁਸਰੋ
ਮੈਂ ਹਿੰਦੀ ਦਾ ਆਖ਼ਿਰੀ ਘੋਸ਼ਿਤ
ਕੀਤਾ ਜਾ ਚੁੱਕਿਆ ਕਵੀ
ਉਹ ਤੈਨੂੰ ਬਸ ਦੂਜੇ ਧਰਮ ਦਾ
ਸਾਬਤ ਕਰਣਗੇ ਸੰਸਦ ਵਿੱਚ
ਅਤੇ ਕਿਸੇ ਹਨ੍ਹੇਰੇ ਦਿਨ ਤੇਰੇ
ਨਾਮ ਉੱਤੇ ਕਾਲਖ਼ ਮਿਲ ਦੇਣਗੇ

ਫਿਰ ਕਿਸੇ ਹਨ੍ਹੇਰੇ ਦਿਨ ਮੈਨੂੰ ਮਾਰ ਦੇਣਗੇ
ਮਾਰਨ ਦੇ ਹਰ ਨਿਯਮ ਦਾ ਪਾਲਣ ਕਰਦੇ ਹੋਏ।

## ਸ਼ੰਕਰ ਨੰਦ ਦੀਆਂ ਕਵਿਤਾਵਾਂ

**ਅਨੁ. ਅਮਰਜੀਤ ਕੌਂਕੇ**



### ਮੁਹਾਵਰੇ

ਇਹ ਕਿੰਨਾ ਅਜੀਬ ਹੈ ਕਿ
ਮੈਂ ਜੇਕਰ ਮੁਸ਼ਕਲ ਵਿੱਚ ਕਿਸੇ ਨੂੰ ਪੁਕਾਰਦਾ ਹਾਂ
ਉਹ ਜਵਾਬ ਵੀ ਮੁਹਾਵਰਿਆਂ ਵਿੱਚ ਦਿੰਦਾ ਹੈ

ਉਹ ਮੁਹਾਵਰੇ ਦਰਅਸਲ ਜਾਲ ਹੁੰਦੇ ਹਨ
ਜੋ ਕਿਸੇ ਪੰਛੀ ਨੂੰ
ਫਸਾਉਣ ਦੇ ਕੰਮ ਆਉਂਦੇ ਹਨ
ਮੈਂ ਪੰਛੀ ਨਹੀਂ ਮਨੁੱਖ ਹਾਂ
ਉਲਝਿਆ ਹੋਇਆ ਦਿਨ ਰਾਤ

ਬੋਲਦਾ ਹਾਂ ਤਾਂ ਵੀ
ਅਤੇ ਚੁਪ ਰਹਿੰਦਾ ਹਾਂ ਤਾਂ ਵੀ
ਉਮੀਦ ਹਮੇਸ਼ਾ ਇਹੀ ਹੁੰਦੀ ਹੈ ਕਿ
ਜੇਕਰ ਮੈਂ ਕਿਸੇ ਵਲੋਂ
ਇੱਕ ਗਲਾਸ ਪਾਣੀ ਮੰਗਿਆ ਹੈ ਤਾਂ
ਜਵਾਬ ਵਿੱਚ ਉਹ ਪਾਣੀ ਹੀ ਦੇਵੇਗਾ

ਪਰ ਉਹ ਹੈ ਕਿ ਮੁਸਕਰਾਉਂਦੇ ਹੋਏ
ਮੱਛੀ ਦਾ ਮੁਹਾਵਰਾ ਸੁਣਾ ਦਿੰਦਾ ਹੈ।

### ਰੋਟੀ

ਰੋਟੀ ਹਮੇਸ਼ਾ ਦੋਵਾਂ ਹੱਥ ਨਾਲ ਬਣਦੀ ਹੈ
ਭਾਵੇਂ ਆਟਾ ਗੁੰਨ੍ਹਣਾਂ ਹੋਵੇ ਜਾਂ ਰੋਟੀ ਵੇਲਣਾ
ਜੇਕਰ ਇੱਕ ਹੱਥ ਵੱਖ ਹੋ ਜਾਵੇ ਤਾਂ
ਮੁਸ਼ਕਲ ਹੈ ਰੋਟੀ ਪਕਾਉਣਾ
ਇਹ ਅੱਜ ਦੀ ਨਹੀਂ ਸਦੀਆਂ ਪੁਰਾਣੀ ਆਦਤ ਹੈ

ਪਰ ਹੁਣ ਚੀਜਾਂ ਬਦਲ ਰਹੀਆਂ ਨੇ
ਦੋ ਹੱਥ ਕਦੋਂ ਦੋ ਦੇਸ਼ਾਂ ਵਿੱਚ ਬਦਲ ਜਾਂਦੇ ਨੇ
ਪਤਾ ਨਹੀਂ ਚੱਲਦਾ ਵੰਡ ਦੀ ਦੀਵਾਰ ਦੇ ਵਿੱਚ
ਭੁੱਖ ਤੜਪਦੀ ਹੈ

ਕੁੱਝ ਲੋਕਾਂ ਦੀ ਜਿਦ ਹੈ ਕਿ
ਹੱਥ ਅੱਡ ਰਹਿਣ ਪਰ ਰੋਟੀ ਬਣਾਉਣ।

### ਸ਼ਾਂਤੀ

ਰਾਤ ਨੂੰ ਜਿੰਨੀ ਚੁੱਪ ਹੁੰਦੀ ਹੈ
ਓਨੀ ਹੀ ਸ਼ਾਂਤੀ ਹੈ ਦਿਨੇ ਦੁਪਹਿਰੇ
ਜਦੋਂ ਕਿ ਇਹ ਬਹੁਤ ਅਜੀਬ ਲਗਦਾ ਕਿ
ਚਾਰੋ ਪਾਸੇ ਭੀੜ ਹੋਵੇ ਤੇ
ਕਿਤੇ ਕੋਈ ਆਵਾਜ਼ ਨਾ ਹੋਵੇ

ਅਜਿਹਾ ਸੁਪਨੇ ਵਿੱਚ ਨਹੀਂ ਹੋ ਰਿਹਾ
ਮੈਂ ਨੀਂਦ ਵਿੱਚ ਹਾਂ
ਭੀੜ ਇੱਕ ਖੂਹ ਵਿੱਚ ਬਦਲ ਗਈ ਹੈ
ਸਭ ਦੇ ਹੱਥ ਵਿੱਚ ਕੈਮਰੇ ਹਨ
ਚਮਕ ਰਹੀ ਹੈ ਰੋਸ਼ਨੀ

ਸਾਰਿਆਂ ਨੂੰ ਤਸਵੀਰ ਖਿੱਚਣ ਦੀ ਜਲਦੀ ਹੈ
ਦੁਨੀਆਂ ਨੂੰ ਹਰ ਕੋਈ ਪਹਿਲਾਂ ਦਿਖਾਉਣਾ ਚਾਹੁੰਦਾ ਹੈ
ਇੱਕ ਡੁੱਬਦੇ ਹੋਏ ਆਦਮੀ ਦਾ ਦ੍ਰਿਸ਼
ਹੁਣ ਸਭ ਤੋਂ ਜਰੂਰੀ ਹੈ
ਇਸ ਇਤਿਹਾਸਿਕ ਪਲ ਨੂੰ ਕੈਮਰੇ ਵਿੱਚ ਕੈਦ ਕਰਨਾ
ਡੁੱਬਦੇ ਹੋਏ ਨੂੰ ਬਚਾਉਣਾ ਬਹੁਤ ਪੁਰਾਣੀ ਗੱਲ ਹੈ।

### ਉਮੀਦ

ਜੇਕਰ ਰੋਜ ਸਵੇਰ ਹੁੰਦੀ ਹੈ ਤਾਂ
ਇਹ ਉਮੀਦ ਲਈ ਇੱਕ ਨਵਾਂ ਦਿਨ ਹੈ
ਕੱਲ ਦੀਆਂ ਅਧੂਰੀਆਂ ਗੱਲਾਂ
ਅੱਧੀ ਰੰਗੀ ਹੋਈ ਕਾਗਜ ਉੱਤੇ ਫੁਲਵਾੜੀ
ਬਚੀ ਹੋਈ ਜ਼ਮੀਨ ਬੁਣਨ ਲਈ ਬਚੇ ਹੋਏ ਬੀਜ
ਕੱਲ ਦੇ ਸੁੰਨੇ ਦਰਵਾਜੇ
ਸਾਰੇ ਉਮੀਦ ਕਰ ਕੇ ਜਾਗੇ ਹੋਏ ਹਨ


ਕਿਤੇ ਵੀ ਕੋਈ ਠਕੋਰਦਾ ਹੈ ਤਾਂ ਇਹੀ ਲੱਗਦਾ ਹੈ ਕਿ
ਕੋਈ ਖੜ੍ਹਾ ਹੈ ਦਹਿਲੀਜ਼ ਤੇ ਉਹ ਹੈ ਜਾਂ ਨਹੀਂ
ਇਸ ਨਾਲ ਕੋਈ ਫਰਕ ਨਹੀਂ ਪੈਂਦਾ
ਬਸ ਅੱਖਾਂ ਵਿਚ ਚਮਕ
ਬਰਕਰਾਰ ਰਹਿਣੀ ਲਾਜ਼ਮੀ ਹੈ।

## ਕਹਾਣੀ / ਸੋਚ / ਸੁਰਿੰਦਰ ਗੀਤ (ਕੈਲਗਰੀ)

ਨਸੀਬ ਕੌਰ ਬਹੁਤ ਖੁਸ਼ ਸੀ। ਉਸਦੀ ਪੜ੍ਹੀ ਲਿਖੀ ਬੇਟੀ ਪ੍ਰੀਤ ਵਾਸਤੇ ਬਹੁਤ ਹੀ ਵਧੀਆ ਰਿਸ਼ਤਾ ਆਇਆ ਸੀ। ਪ੍ਰੀਤ ਨੇ ਕੈਨੇਡਾ ਦੀ ਵਧੀਆ ਯੂਨੀਵਰਸਿਟੀ ਤੋਂ ਸਾਇੰਸ ਦੀ ਮਾਸਟਰ ਡਿਗਰੀ ਲੈ ਲਈ ਸੀ। ਪ੍ਰੀਤ ਸੋਹਣੀ ਵੀ ਰੱਜ ਕੇ। ਉਸਦਾ ਉੱਚਾ ਲੰਬਾ ਕੱਦ, ਤਿੱਖੇ ਨੈਣ ਨਕਸ਼ ਤੇ ਲੰਬੇ ਕਾਲੇ ਵਾਲ ਉਸਦੇ ਹੁਸਨ ਨੂੰ ਚਾਰ ਚੰਨ ਲਾ ਰਹੇ ਸਨ। ਇਹਨਾਂ ਸਾਰੀਆਂ ਗੱਲਾਂ ਤੋਂ ਉਪਰ ਉਹ ਅੰਗਰੇਜ਼ੀ ਅਤੇ ਪੰਜਾਬੀ ਦੋਨਾਂ ਹੀ ਸਭਿਆਚਾਰਾਂ ਤੋਂ ਵਾਕਿਫ ਸੀ। ਪੰਜਾਬੀ ਬੋਲ ਲੈਂਦੀ ਸੀ। ਥੋੜਾ ਥੋੜਾ ਲਿਖ ਪੜ੍ਹ ਵੀ ਲੈਂਦੀ ਸੀ। ਨਸੀਬ ਕੌਰ ਦੀ ਉਹ ਇਕਲੌਤੀ ਔਲਾਦ ਸੀ। ਪ੍ਰੀਤ ਦੋ ਕੁ ਸਾਲਾਂ ਦੀ ਸੀ ਜਦੋਂ ਉਸਦਾ ਪਿਤਾ ਇਕ ਸੜਕ ਹਾਦਸੇ ਵਿੱਚ ਰੱਬ ਨੂੰ ਪਿਆਰਾ ਹੋ ਗਿਆ ਸੀ। ਨਸੀਬ ਕੌਰ ਨੇ ਸਾਰੀ ਉਮਰ ਮਿਹਨਤ ਕਰਕੇ ਆਪਣੀ ਇਸ ਧੀ ਦਾ ਪਾਲਣ ਪੋਸਣ ਕੀਤਾ ਸੀ ਅਤੇ ਆਪਣੀ ਧੀ ਨੂੰ ਚੰਗੀ ਵਿਦਿਆ ਦੇ ਕੇ ਕਿਸੇ ਚੰਗੇ ਘਰ ਵਿਆਹੁਣਾ ਹੀ ਉਸਦੇ ਜੀਵਨ ਦਾ ਮਕਸਦ ਸੀ। ਕੁਝ ਦਿਨ ਪਹਿਲਾਂ ਇਕ ਅਮੀਰ ਪਰਿਵਾਰ ਦਾ ਬੇਟਾ ਬਿਕਰਮ ਪ੍ਰੀਤ ਨਾਲ ਵਿਆਹ ਕਰਵਾਉਣ ਲਈ ਹਾਂ ਕਰ ਗਿਆ। ਬਿਕਰਮ ਦੇ ਮਾਂ ਬਾਪ ਵੀ ਬੇਹੱਦ ਖੁਸ਼ ਸਨ। ਪੜ੍ਹੀ ਲਿਖੀ ਸੋਹਣੀ ਅਤੇ ਦੋਨਾਂ ਸਭਿਆਚਾਰਾਂ ਦੀ ਧਾਰਨੀ ਕੁੜੀ ਵਿੱਚ ਉਹਨਾਂ ਨੂੰ ਆਪਣੇ ਪਰਿਵਾਰ ਦਾ ਉੱਜਲਾ ਭਵਿੱਖ ਦਿਖਾਈ ਦੇ ਰਿਹਾ ਸੀ। ਇਸ ਤੋਂ ਪਹਿਲਾਂ ਉਹ ਕਿਸੇ ਰਸਮ ਦੀ ਤਾਰੀਖ ਪੱਕੀ ਕਰਦੇ, ਦੋਨਾਂ ਪਰਿਵਾਰਾਂ ਨੇ ਬਿਕਰਮ ਅਤੇ ਪ੍ਰੀਤ ਨੂੰ ਕੁਝ ਸਮਾਂ ਆਪਸੀ ਗੱਲ ਬਾਤ ਕਰਨ ਲਈ ਦੇਣਾ ਬਿਹਤਰ ਸਮਝਿਆ।

ਨਸੀਬ ਕੌਰ ਆਪਣੀ ਧੀ ਪ੍ਰੀਤ ਨੂੰ ਬਾਰ ਬਾਰ ਕਹਿੰਦੀ, "ਕਿ ਅਜੇਹੇ ਰਿਸ਼ਤੇ ਕਰਮਾਂ ਨਾਲ ਮਿਲਦੇ ਹਨ। ਮੇਰੀ ਧੀ ਦੀ ਕਿਸਮਤ 'ਚ ਏਨਾ ਵੱਡਾ ਘਰ ! ਏਥੇ ਕੈਨੇਡਾ ਵਿੱਚ ਉਹਨਾਂ ਦਾ ਬਥੇਰਾ ਕਾਰੋਬਾਰ ਹੈ ਅਤੇ ਓਧਰ ਭਾਰਤ ਵਿੱਚ ਵੀ ਬਥੇਰੀ ਜਾਇਦਾਦ ਹੈ। ਦਿੱਲੀ ਏਅਰ ਪੋਰਟ ਕੋਲ ਇਕ ਹੋਟਲ 'ਚ ਹਿੱਸਾ ਹੈ। ਤੇ ਨਾਲੇ ਉਹਨਾਂ ਦੀ ਬਹੁਤੀ ਵੱਡੀ ਕਬੀਲਦਾਰੀ ਨਹੀਂ। ਬਿਕਰਮ ਦੀ ਇਕ ਭੈਣ ਹੈ ਅਤੇ ਉਹ ਵਿਆਹੀ ਹੋਈ ਹੈ। ਘਰ 'ਚ ਪੁੱਤ ਤੇਰਾ ਹੀ ਰਾਜ ਹੋਣਾ ਹੈ।"

ਪ੍ਰੀਤ ਇਹਨਾਂ ਸਾਰੀਆਂ ਗੱਲਾਂ ਨੂੰ ਧਿਆਨ ਨਾਲ ਸੁਣਦੀ ਅਤੇ ਆਪਣੀ ਮਾਂ ਨੂੰ ਖੁਸ਼ ਦੇਖ ਕੇ ਖੁਸ਼ ਵੀ ਹੁੰਦੀ। ਇਕ ਦਿਨ ਬਿਕਰਮ ਨੇ ਪ੍ਰੀਤ ਨੂੰ ਫੋਨ ਕਰਕੇ ਡਿਨਰ ਤੇ ਜਾਣ ਲਈ ਕਿਹਾ ਤੇ ਪ੍ਰੀਤ ਨੇ ਹਾਂ ਕਰ ਦਿੱਤੀ। ਪ੍ਰੀਤ ਦੀ ਮਾਂ ਬਹੁਤ ਖੁਸ਼ ਹੋਈ ਚਲੋ ਇਸ ਬਹਾਨੇ ਦੋਨੋਂ ਮਿਲ ਗਿਲ ਲੈਣਗੇ। ਪ੍ਰੀਤ ਨੂੰ ਸਜਿਆ ਧੱਜਿਆ ਦੇਖ ਕੇ ਨਸੀਬ ਕੌਰ ਫੁੱਲੀ ਨਹੀਂ ਸੀ ਸਮਾਉਂਦੀ। ਉਸਨੂੰ ਇਸ ਗੱਲ ਦਾ ਮਾਣ ਸੀ ਕਿ ਬਿਕਰਮ ਨੇ ਉਸਦੀ ਧੀ ਨੂੰ ਦੇਖਣ ਸਾਰ ਹੀ ਹਾਂ ਕਰ ਦਿੱਤੀ ਸੀ।



ਡਿਨਰ ਤੋਂ ਬਾਦ ਪ੍ਰੀਤ ਜਦ ਘਰ ਆਈ ਤਾਂ ਨਸੀਬ ਕੌਰ ਪ੍ਰੀਤ ਦੇ ਉਦਾਸ ਚੇਹਰੇ ਵੱਲ ਤੱਕ ਕੇ ਸੋਚੀਂ ਪੈ ਗਈ। ਕੀ ਗੱਲ ਹੋਵੇਗੀ? ਬਿਕਰਮ ਨੇ ਕੁਝ ਆਖ ਦਿੱਤਾ ਹੋਣਾ ਹੈ। ਪ੍ਰੀਤ ਕੋਲੋਂ ਪੁੱਛੇ ਕਿ ਨਾ! ਕੀ ਹੋ ਸਕਦਾ ਹੈ, ਕੀ ਨਹੀਂ ਹੋ ਸਕਦਾ ! ਇਸ ਤਰ੍ਹਾਂ ਦੀਆਂ ਸੋਚਾਂ ਵਿੱਚ ਨਸੀਬ ਕੌਰ ਨੂੰ ਨੀਂਦ ਕਿਵੇਂ ਆ ਸਕਦੀ ਸੀ? ਪ੍ਰੀਤ ਵੀ ਤਾਂ ਕੁਝ ਕਹੇ ਬਗੈਰ ਆਪਣੇ ਕਮਰੇ 'ਚ ਚਲੀ ਗਈ ਸੀ। ਕਿਵੇਂ ਨਾ ਕਿਵੇਂ ਰਾਤ ਬੀਤ ਗਈ। ਨਸੀਬ ਕੌਰ ਨੇ ਇਸ਼ਨਾਨ ਕਰਕੇ ਰੋਜ਼ਾਨਾ ਦੀ ਤਰ੍ਹਾਂ ਪਾਠ ਕੀਤਾ ਤੇ ਪ੍ਰੀਤ ਦੇ ਜਾਗਣ ਦੀ ਉਡੀਕ ਕਰਨ ਲਗੀ। ਐਤਵਾਰ ਦਾ ਦਿਨ ਹੋਣ ਕਰਕੇ ਪ੍ਰੀਤ ਨੇ ਕੁਝ ਦੇਰ ਨਾਲ ਹੀ ਜਾਗਣਾ ਸੀ।

ਪ੍ਰੀਤ ਹਮੇਸ਼ਾ ਦੀ ਤਰ੍ਹਾਂ ਉੱਠੀ। ਨਹਾ ਧੋ ਕੇ ਆਪਣੀ ਮਾਂ ਕੋਲ ਰਸੋਈ ਵਿੱਚ ਆ ਗਈ। ਨਸੀਬ ਕੌਰ ਨੇ ਪ੍ਰੀਤ ਨੂੰ ਪਿਆਰ ਕੀਤਾ ਤੇ ਗ਼ਲਵਕੜੀ ਪਾਈ ਦੋਨੋਂ ਜਾਣੀਆਂ ਰਸੋਈ ਤੋਂ ਬਾਹਰ ਆ ਕੇ ਸੋਫੇ ਤੇ ਬੈਠ ਗਈਆਂ। ਨਸੀਬ ਕੌਰ ਨੇ ਦੇਖਿਆ ਕਿ ਹੁਣ ਪ੍ਰੀਤ ਦਾ ਮੂਡ ਰਾਤ ਨਾਲੋਂ ਠੀਕ ਲੱਗਦੈ, ਇਸ ਲਈ ਉਸਨੇ ਗੱਲ ਤੋਰ ਲਈ।" ਕੀ ਹਾਲ ਹੈ ਬਿਕਰਮ ਦਾ? ਪੁੱਤ, ਰੱਬ ਨੇ ਸੁਣ ਲਈ ਮੇਰੀ ਤਾਂ, ਤੇਰਾ ਪਿਉ ਵੀ ਉੱਪਰ ਬੈਠਾ ਖੁਸ਼ ਹੁੰਦਾ ਹੋਣੈ ਬਈ ਉਹਦੀ ਧੀ ਏਨ੍ਹੇ ਅਮੀਰ ਘਰ ਜਾ ਰਹੀ ਹੈ! ਰੱਬ ਨੇ ਸੁਣ ਲਈ ਸਾਡੀ1"

ਪ੍ਰੀਤ ਨੇ ਡੂੰਘਾ ਸਾਹ ਲਿਆ ਤੇ ਮਾਂ ਦੀਆਂ ਅੱਖਾਂ ਵਿੱਚ ਅੱਖਾਂ ਪਾ ਕੇ ਕਹਿਣ ਲਗੀ, "ਮੰਮੀ ਮੈਨੂੰ ਬਿਕਰਮ ਪਸੰਦ ਨਹੀਂ।"

"ਹੈਂ ਤੂੰ ਇਹ ਕੀ ਕਹਿ ਦਿੱਤਾ? ਕੀ ਨੁਕਸ ਹੈ ਓਹਦੇ ਵਿੱਚ। ਸੋਹਣਾ ਸੁਨੱਖਾ! ਏਨ੍ਹੀ ਜਾਇਦਾਦ ਦਾ ਇਕਲੌਤਾ ਵਾਰਿਸ! ਬਿਕਰਮ ਦੇ ਮਾਂ ਪਿਉ ਤੈਨੂੰ ਦੇਖਣ ਸਾਰ ਹੀ ਆਪਣਾ ਬਣਾ ਗਏ ਹਨ। ਹੋਰ ਆਪਾਂ ਨੂੰ ਕੀ ਚਾਹੀਂਦਾ ਹੈ ? "

"ਹਾਂ ਮੰਮੀ, ਇਹ ਸਾਰੀਆਂ ਗੱਲਾਂ ਤਾਂ ਠੀਕ ਹਨ ਪਰ ਮੈਂ ਬਿਕਰਮ ਨਾਲ ਵਿਆਹ ਨਹੀਂ ਕਰਵਾਉਣਾ।

"ਉਹ ਕਿਉਂ ?"

"ਮੰਮੀ! ਬਿਕਰਮ ਨੂੰ ਆਪਣੇ ਪੈਸੇ ਦਾ ਬਹੁਤ ਮਾਣ ਹੈ। ਰਾਤ ਜਦੋਂ ਮੈਂ ਤੇ ਬਿਕਰਮ ਡਿਨਰ ਤੇ ਗਏ ਤਾਂ ਜਿਸ ਤਰ੍ਹਾਂ ਉਹ ਵੇਟਰਸ ਨੂੰ ਬੋਲਿਆ, ਉਹ ਮੈਨੂੰ ਜ਼ਰਾ ਵੀ ਚੰਗਾ ਨਹੀਂ ਲਗਿਆ। ਮੇਰੇ ਨਾਲ ਤਾਂ ਠੀਕ ਸੀ ਪਰ ਉਸ ਵਿਚਾਰੀ ਵੇਟਰਸ ਨਾਲ , ਉਸਦੇ ਕੀਤੇ ਵਤੀਰੇ ਚੋਂ ਉਸਦੀ ਅਮੀਰੀ, ਉਸਦੇ ਪੈਸਿਆਂ ਦੀ ਬਦਬੋ ਆ ਰਹੀ ਸੀ। ਮੈਨੂੰ ਇਸ ਤਰ੍ਹਾਂ ਦੇ ਬੰਦੇ

ਬਿਲਕੁਲ ਵੀ ਪਸੰਦ ਨਹੀਂ ਜੋ ਅਮੀਰੀ ਦੇ ਨਸ਼ੇ ਵਿੱਚ ਲੋਕਾਂ ਨਾਲ ਬਦਤਮੀਜ਼ੀ ਨਾਲ ਪੇਸ਼ ਆਉਂਦੇ ਹਨ। ਬਿਕਰਮ ਨੂੰ ਪਤਾ ਨਹੀਂ ਕਿ ਕਿਸੇ ਔਰਤ ਨਾਲ ਕਿਵੇਂ ਗੱਲ ਕਰਨੀ ਹੈ। ਜਿਸ ਢੰਗ ਨਾਲ ਉਹ ਵੇਟਰਸ ਕੁੜੀ ਨਾਲ ਬੋਲਿਆ, ਉਸਦੇ ਬੋਲਾਂ 'ਚੋਂ ਪੈਸੇ ਦੀ ਬਦਬੋ ਆ ਰਹੀ ਸੀ। ਉਸਨੂੰ ਪਤਾ ਹੀ ਨਹੀਂ ਕਿ ਕਿਵੇਂ ਕਿਸੇ ਔਰਤ ਨਾਲ ਗੱਲ-ਬਾਤ ਕਰੀਂਦੀ ਹੈ। ਆਪਣੀ ਅਮੀਰੀ ਦੀ ਧੌਂਸ ਦੇਣ ਵਾਲੇ ਲੋਕ ਮੈਨੂੰ ਬਿਲਕੁਲ ਵੀ ਪਸੰਦ ਨਹੀਂ। ਜਿਸ ਮਨੁੱਖ ਨੂੰ ਮੁਨੱਖੀ ਕਦਰਾਂ ਕੀਮਤਾਂ ਦਾ ਗਿਆਨ ਨਹੀਂ, ਉਹ ਪਸ਼ੂ ਸਮਾਨ ਹੈ।''

"ਪੁੱਤ ! ਤੂੰ ਇਕ ਅੱਧ ਵਾਰ ਉਸਨੂੰ ਫਿਰ ਮਿਲਕੇ ਦੇਖ ਲੈ।'' ਨਸੀਬ ਕੌਰ ਨੇ ਤਰਲੇ ਜਿਹੇ ਨਾਲ ਕਿਹਾ।

ਪ੍ਰੀਤ ਨੇ ਆਪਣੀ ਮਾਂ ਨੂੰ ਮੋਢਿਆਂ ਤੋਂ ਫੜ ਤੇ ਉਸਦੀਆਂ ਅੱਖਾਂ ਵਿੱਚ ਅੱਖਾਂ ਪਾ ਕੇ ਬੋਲੀ, "ਮੰਮੀ ! ਸੱਚ ਜਾਣਿਓ ਜਿਸ ਲਹਿਜੇ ਨਾਲ ਉਸਨੇ ਫੂਡ ਦਾ ਆਰਡਰ ਦਿੱਤਾ ਤਾਂ ਉਸਦੇ ਬੋਲਾਂ 'ਚੋਂ ਨਿਕਲੀ ਪੈਸੇ ਦੀ ਬਦਬੂ ਮੈਨੂੰ ਸਹਾਰਨੀ ਮੁਸ਼ਕਲ ਹੋ ਗਈ ਸੀ। ਮੇਰਾ ਜੀਅ ਤਾਂ ਕੀਤਾ ਸੀ ਕਿ ਮੈਂ ਹੁਣੇ ਹੀ ਇਸਨੂੰ ਛੱਡ ਕੇ ਚਲੀ ਜਾਵਾਂ। ਮੇਰੇ ਲਈ ਏਨੇ ਬਦਬੂਦਾਰ ਬੰਦੇ ਕੋਲ ਬੈਠਣਾ ਬਹੁਤ ਔਖਾ ਸੀ। ਪਰ ਮੈਂ ਮਨ ਮਾਰ ਕੇ ਬੈਠੀ ਰਹੀ"।

ਪ੍ਰੀਤ ਦੇ ਮੂੰਹੋ ਇਹ ਬੋਲ ਸੁਣ ਕੇ ਨਸੀਬ ਕੌਰ ਨੂੰ ਆਪਣੀ ਧੀ ਦੀ ਸੋਚ ਤੇ ਮਾਣ ਹੋਣ ਲੱਗਾ।

## ਪੰਜਾਬੀ-ਕਵਿਤਾ.ਕਾਮ



ਅਸੀਂ ਪੰਜਾਬੀ-ਕਵਿਤਾ.ਕਾਮ 'ਤੇ 3 ਜਨਵਰੀ 2011 ਤੋਂ ਕੰਮ ਕਰ ਰਹੇ ਹਾਂ । ਵੈਬਸਾਈਟ ਬਣਾਉਣ ਦਾ ਸਾਡਾ ਉਦੇਸ਼ ਪਾਠਕਾਂ ਤੱਕ ਪੰਜਾਬੀ ਸਾਹਿਤ ਪਹੁੰਚਾਉਣ ਦਾ ਸੀ । ਕਿਉਂਕਿ ਉਸ ਸਮੇਂ ਇੰਟਰਨੈਟ ਉੱਤੇ ਪੰਜਾਬ ਦੇ ਨਾਮਵਰ ਕਵੀਆਂ, ਜਿਵੇਂ ਕਿ ਖ਼ਵਾਜਾ ਗ਼ੁਲਾਮ ਫ਼ਰੀਦ, ਲਾਲਾ ਧਨੀ ਰਾਮ ਚਾਤ੍ਰਿਕ, ਬਾਬੂ ਫ਼ਿਰੋਜ਼ਦੀਨ ਸ਼ਰਫ਼, ਵਿਧਾਤਾ ਸਿੰਘ ਤੀਰ, ਹੀਰਾ ਸਿੰਘ ਦਰਦ, ਡਾ. ਦੀਵਾਨ ਸਿੰਘ ਕਾਲੇਪਾਣੀ, ਸੱਚਲ ਸਰਮਸਤ, ਹੈਦਰ ਅਲੀ ਮੁਲਤਾਨੀ, ਚਰਨ ਸਿੰਘ ਸ਼ਹੀਦ, ਮੀਆਂ ਮੁਹੰਮਦ ਬਖ਼ਸ਼, ਮੌਲਵੀ ਗ਼ੁਲਾਮ ਰਸੂਲ ਆਲਮਪੁਰੀ, ਪ੍ਰੋਫ਼ੈਸਰ ਪੂਰਨ ਸਿੰਘ, ਉਸਤਾਦ ਦਾਮਨ, ਬਾਬੂਰਜਬ ਅਲੀ, ਹਾਸ਼ਮ ਸ਼ਾਹ, ਸੁਲਤਾਨ ਬਾਹੂ, ਬਾਬਾ ਬੁਲ੍ਹੇ ਸ਼ਾਹ, ਸ਼ਾਹ ਹੁਸੈਨ, ਸੰਤ ਰਾਮ ਉਦਾਸੀ, ਬਾਵਾ ਬਲਵੰਤ ਆਦਿ, ਦੀਆਂ ਰਚਨਾਵਾਂ ਨਾਮਾਤਰ ਗਿਣਤੀ ਵਿੱਚ ਹੀ ਮੌਜੂਦ ਸਨ । ਅਜੋਕੇ ਸਮੇਂ ਵਿੱਚ ਵੀ ਜੋ ਕਵੀ ਮਾਇਕ-ਹਿਤਾਂ ਤੋਂ ਉੱਪਰ ਉੱਠਕੇ ਆਪਣਾ ਸੁਨੇਹਾ ਸਮਾਜ ਤੱਕ ਪਹੁੰਚਾਉਣਾ ਚਾਹੁੰਦੇ ਹਨ, ਉਹ ਸਾਨੂੰ ਆਪਣੀਆਂ ਰਚਨਾਵਾਂ ਭੇਜ ਦਿੰਦੇ ਹਨ ਅਤੇ ਅਸੀਂ ਉਨ੍ਹਾਂ ਨੂੰ ਵੈਬਸਾਈਟ ਵਿੱਚ ਸ਼ਾਮਿਲ ਕਰ ਦਿੰਦੇ ਹਾਂ । ਅਸੀਂ ਪੰਜਾਬੀ ਦੇ ਪਾਠਕਾਂ ਲਈ ਹੋਰ ਬੋਲੀਆਂ ਦਾ ਮਿਆਰੀ ਸਾਹਿਤ ਵੀ ਅਨੁਵਾਦ ਜਾਂ ਲਿਪੀਅਾਂਤਰਣ ਦੇ ਰੂਪ ਵਿੱਚ ਵੈਬਸਾਈਟ ਉੱਤੇ ਰੱਖਣ ਦਾ ਉਪਰਾਲਾ ਕੀਤਾ ਹੈ । ਅਸੀਂ ਚਾਹੁੰਦੇ ਹਾਂ ਕਿ ਪੰਜਾਬੀ ਸਾਹਿਤ ਦਾ ਪ੍ਰਚਾਰ ਤੇ ਪ੍ਰਸਾਰ ਹੋਵੇ ਤਾਂ ਜੋ ਅਜੋਕੀ ਪੀੜ੍ਹੀ ਆਪਣੀ ਵਡਮੁੱਲੀ ਵਿਰਾਸਤ ਨਾਲ ਜੁੜੀ ਰਹੇ ਤੇ ਇਸਤੋਂ ਸੇਧ ਲੈਂਦੀ ਰਹੇ।

**ਸੰਚਾਲਕ : ਕਰਮਜੀਤ ਸਿੰਘ ਗਠਵਾਲਾ**

## ਕੁਦਰਤ / ਮਨਮੋਹਨ ਕੌਰ

ਮੈਨੂੰ ਭੋਗਦਾ ਰਿਹਾ ਤੂੰ
ਯੁਗਾਂ ਯੁਗਾਂ ਤੋਂ
ਇਕ ਔਰਤ ਵਾਂਗ ਹਰ ਪਲ
ਮੇਰੇ ਅੰਦਰ
ਪਸਰੀ ਪਈ ਸੀ
ਇਕ ਚੁੱਪ ਜਿਹੀ
ਪਰ ਅੱਜ ਮੇਰੀਆਂ
ਆਹਾਂ ਦੀ ਤੜਪਨ ਨੇ
ਤੇਰੇ ਵਿਹੜੇ ਦੀ ਆਭਾ ਨੂੰ
ਵੀਰਾਨ ਕਰ ਦਿੱਤਾ ਏ
ਤੇਰੇ ਜ਼ਮੀਰ ਨੂੰ ਵੀ ਸ਼ਾਇਦ
ਅਹਿਸਾਸ ਹੋ ਗਿਆ ਹੋਣੈ
ਮੇਰੀ ਹਿੱਕ ਦੇ ਗੁਬਾਰ ਦਾ
ਮੇਰੇ ਸੀਨੇ ਦੀ ਤਪਸ਼
ਤੇਰੀ ਕਾਇਨਾਤ ਨੂੰ
ਮਿਟਾ ਨਾ ਦੇਵੇ ਕਿਧਰੇ
ਇਸ ਤੋਂ ਪਹਿਲਾਂ ਕਿ
ਤੂੰ ਭੁੱਲ ਜਾਵੇਂ
ਮੇਰੀ ਹੋਂਦ ਦੇ ਫ਼ਲਸਫੇ ਨੂੰ
ਸਮੇਟ ਲੈ ਤੂੰ ਆਪਣੇ
ਖ਼ਾਹਸ਼ਾਂ ਦੇ ਆਡੰਬਰ ਨੂੰ
ਹਰ ਜ਼ਰੇ ਦੀ ਖ਼ਾਮੋਸ਼ੀ
ਤੈਨੂੰ ਪੁਕਾਰ ਕਰ ਰਹੀ ਏ
ਮੇਰੇ ਵਜੂਦ ਨੂੰ ਰੋਲ ਨਾ
ਦੇਵੀਂ ਕਿਧਰੇ
ਤੈਨੂੰ ਵਾਸਤਾ ਏ
ਤਾਜ਼ੀਮ ਕਰ ਮੇਰੀ
ਖ਼ੂਬਸੂਰਤੀ ਦੀ
ਬਖ਼ਸ਼ੀ ਏ ਜੋ
ਪਰਵਦਗਾਰ ਨੇ ਤੈਨੂੰ ।



## ਤਿੰਨ ਕਵਿਤਾਵਾਂ / ਮਲਵਿੰਦਰ



### ਢੱਕਣ

ਬੇਚੈਨੀ ਕੰਧ ’ਤੇ ਟੰਗੀ
ਘੜੀ ਨਹੀਂ ਹੁੰਦੀ
ਸੁਖ ਸੁਵਿਧਾਵਾਂ ਦੀ ਕੁੱਖ ‘ਚੋਂ
ਨਿਕਲਦਾ ਹੈ ਤਣਾਅ

ਵਸਤਰ ਧੁੱਪ, ਹਵਾ ਨੂੰ ਰੋਕਦੇ
ਜੁੱਤੀ ਭੋਇੰ ਨਾਲੋਂ ਨਾਤਾ ਤੋੜਦੀ

ਅਲਫ਼ ਨੰਗੀ ਹੋਣੀ
ਚਾਹੀਦੀ ਕਵਿਤਾ
ਨਵ-ਜਨਮੇਂ ਬਾਲ ਵਰਗੀ

ਅੰਗ ਤੇ ਸ਼ਬਦ
ਢੱਕਣ ਲਈ ਨਹੀਂ ਹੁੰਦੇ

### ਡਰ

ਧੁੱਪ ਸੇਕਦੇ ਡਰ ਕੋਲ
ਆ ਬੈਠੀ ਇੱਕ ਚਿੜੀ

ਕੋਣੇ ਵਾਲਾ ਮੰਦਰ ਵੀ
ਸਹਿਮਿਆਂ ਜਿਹਾ

ਕੋਈ ਕੋਈ ਲੰਘਦਾ ਹਵਾ ਨੂੰ ਛੇੜਦਾ
ਨੀਲੇ ਅਸਮਾਨ ਕੋਲ
ਚੰਦ ਕੁ ਟੋਟੇ ਰੂੰ ਦੇ
ਬਿਰਧ ਹੋ ਚੱਲਿਆ ਸੂਰਜ

ਸਦੀਆਂ ਬੀਤ ਗਈਆਂ
ਚਾਅ ਨਹੀਂ ਪਰਤੇ ਅਯੁੱਧਿਆ

ਡਰ ਹੋਰ ਗਹਿਰਾ ਹੋ ਗਿਆ

### ਉਦਾਸ ਚਿੜੀ

ਮੈਂ ਇੱਕ ਉਦਾਸ ਚਿੜੀ
ਦੀ ਭਾਲ ਵਿਚ ਸਾਂ
ਪਰ ਮੈਨੂੰ ਮਿਲੀਆਂ ਸਿਰਫ
ਚਹਿਕਦੀਆਂ ਚਿੜੀਆਂ
ਸਿਸਕੀਆਂ ਭਰਦੀ ਪੌਣ ਵੀ
ਮੈਨੂੰ ਛੂਹ ਕੇ ਨਾ ਗੁਜ਼ਰੀ

ਧੁੱਪ ਮੁਰਝਾਈ ਵੀ ਚੰਗੀ ਲੱਗਦੀ
ਬਹੁਤ ਖ਼ੂਬਸੂਰਤ ਲੱਗਦੇ
ਬਿਰਖ ਨਿਪੱਤਰੇ
ਗਮਲਿਆਂ ‘ਚ ਉੱਗੀਆਂ ਕਵਿਤਾਵਾਂ
ਸਾਰਾ ਸਾਲ ਹਰੀਆਂ ਰਹਿੰਦੀਆਂ

ਬੰਦਸ਼ਾਂ ਦੇ ਪਾਰ ਪਰਬਤ ਨਿੱਤਰੇ
ਅਸਮਾਨੀ ਰੰਗਾ ਅਸਮਾਨ ਗੂੜ੍ਹਾ
ਰਾਤ ਤਾਰਿਆਂ ਨਾਲ ਭਰ ਜਾਂਦਾ

ਬੱਸ ਤੇਰੀ ਹੀ ਗੱਲ ਰਹਿ ਗਈ ਸੀ
ਸ਼ੀਤਲ ਚਾਨਣ ਵੰਡਦੇ ਰਿਸ਼ਤੇਦਾਰਾਂ
ਫੁੱਲਾਂ ਦੀ ਬਾਤ ਛੋਹੀ ਤਾਂ
ਮਧੂਮੱਖੀਆਂ ਵਿਚ ਆ ਧਮਕਣਾ

ਦਰਿਆਵਾਂ ਦੇ ਨਿਰੰਤਰ
ਵਹਿਣ ਨੂੰ ਛੱਡ ਵੀ ਦੇਈਏ
ਪੁੰਗਰਦੇ ਬੀਜਾਂ ਦੀ
ਅਣਦੇਖੀ ਵੀ ਕਰੀਏ
ਤਾਂ ਵੀ ਧੜਕ ਤਾਂ ਰਹੀ ਹੈ ਜ਼ਿੰਦਗੀ
ਜਿਊਣ ਦੇ ਸਬੱਬ
ਤਲਾਸ਼ਦੇ ਛਿਣਾਂ ਅੰਦਰ

ਫਿਰ ਕਿਉਂ ਮੈਂ
ਭਾਲ ਰਿਹਾ ਹਾਂ ਉਦਾਸ ਚਿੱੜੀ

## ਮੋਹ ਦਾ ਕਿਣਕਾ / ਸਰਿਤਾ ਤੇਜੀ

ਮੈਂ ਹੀ ਕਿਉਂ ਹਰ ਯੁੱਗ
ਅਗਨ ਪ੍ਰੀਖਿਆ ’ਚ ਸੜਾਂ ?
ਸਤਿ ਦੀ ਰਾਖੀ ਲਈ,
ਜਾ ਯਮ ਮੂਹਰੇ ਅੜਾਂ ?
ਤੂੰ ਬੱਸ ‘ਆਪਣਾ ’
ਜਾਂ ‘ਆਪਣਿਆਂ’ ਦਾ
ਮੈਂ ਅੰਤ ‘ਬੇਗਾਨੀ’
ਪਰਾਈ ਬਣ ਖੜਾਂ।
ਡੋਲੀ ’ਚ ਜਾ ਬੈਠੀ
ਹੱਥੀਂ ਮਾਮਿਆਂ ਦਾ ਚੂੜਾ।
ਸਿਰ ਨਾਨਕਿਆਂ ਦਾ ਸੁੱਭਰ
ਰੰਗ ਚਾਵਾਂ ਦਾ ਗੂੜ੍ਹਾ।
ਸਭ ਸਾਕ ਬੇਗਾਨੇ ਮੈਂ,
ਆਪਣੇ ਕਰ ਹੰਭੀ।
ਤੈਨੂੰ ਹਉਮੈ ਖਿਡਾਉਂਦਾ
ਹਰ ਰਿਸ਼ਤਾ ਹੈ ਦੰਭੀ।
ਮੈਂ ਨਿੱਜ ਆਪਣੇ ਤੋਂ
ਚੋਰੀ ਪਈ ਜੀਵਾਂ
ਜੋ ਬਣ ਨਹੀਓਂ ਸਕਦੀ
ਭਲਾ ਕਿੰਜ ਦੱਸ ਥੀਂਵਾਂ?
ਇਹ ਜੋ ਨਾੜੂਏ ਨਾਲ ਬੱਝੇ
ਤੇਰੀ ਪੇਂਦ ਦੇ ਬੂਟੇ ।
ਹੈ ਭਾਵੇਂ ਰੰਗ ਮੇਰਾ
ਪਰ ਮਹਿਕੋਂ ਨੇ ਝੂਠੇ ।
ਵਿੱਚ ਖਲਾਅ ਭਟਕਦੀ
ਲੱਭਾਂ ਆਪਣਾ ਸਰਨਾਵਾਂ
ਮਿਲੇ ਮੋਹ ਵਾਲਾ ਕਿਣਕਾ
ਕਿਧਰੋਂ ਖੈਰ ਨਾ ਪਾਵਾਂ ।



## ਨਦੀ ਅੰਦਰ ਉਤਰ ਰਹੀ ਹੈ / ਗਣੇਸ਼ ਗਨੀ — ਅਨੁਵਾਦ: ਅਮਰਜੀਤ ਕੌਂਕੇ

ਡੂੰਘੀ ਨਦੀ ਵਿਚ ਉਤਰਨਾ
ਉਸ ਵਕਤ ਖਤਰਨਾਕ ਨਹੀਂ ਲੱਗਦਾ
ਜਦੋਂ ਕੋਈ ਹੱਥ
ਆਪਣੀਆਂ ਪੰਜੇ ਉਂਗਲਾਂ ਦੇ
ਵਿਚਾਲੇ ਕਸ ਕੇ ਰੱਖੇ
ਮੇਰੇ ਹੱਥ ਦੀਆਂ ਉਂਗਲੀਆਂ ਵਿਚਲੇ
ਖਾਲੀਪਨ ਵਿਚ ਤੈਰਦੇ ਵਿਸ਼ਵਾਸ ਨੂੰ
ਐਸੇ ਵਕਤ ਲਗਦਾ ਹੈ
ਕਿ ਨਦੀ ਅੰਦਰ ਉਤਰ ਰਹੀ ਹੈ

ਜਿਹੜਾ ਸਮਾਂ
ਪਿਆਰ ਕਵਿਤਾਵਾਂ ਲਿਖਣ ਦਾ ਸੀ
ਉਹ ਸਮਾਂ ਪੁਰਾਣੇ ਅਖਬਾਰ ਦੇ
ਕਲਾਸੀਫਾਈਡ ਵਾਲੇ ਸਫ਼ਿਆਂ ਤੇ
ਲਾਲ ਸਿਆਹੀ ਨਾਲ
ਨਾਅਰੇ ਲਿਖ ਕੇ
ਆਟੇ ਦੀ ਲੇਟੀ ਦੇ ਨਾਲ
ਖਾਲੀ ਕੰਧਾਂ ਤੇ
ਚਿਪਕਾਉਣ ਵਿਚ ਬੀਤਿਆ
ਕ੍ਰਾਂਤੀਕਾਰੀਆਂ ਦੇ ਪੱਤਰ

ਪ੍ਰੇਮ ਪੱਤਰਾਂ ਦੇ ਵਾਂਗ
ਪੜ੍ਹਨ ਦੇ ਦੌਰ ਵਿਚ
ਕੁਝ ਹੋਰ ਸੋਚਣਾ ਵੀ
ਮਸਲੇ ਤੋਂ ਹਟ ਕੇ ਹੋਣਾ ਸੀ

ਹਾਲਾਂ ਕਿ ਬਰਸਾਤ ਤਾਂ
ਉਨ੍ਹਾਂ ਦਿਨਾਂ ਵਿਚ ਵੀ ਹੁੰਦੀ ਸੀ
ਇਹ ਪੁਰਵਾਨੁਮਾਨ
ਮਿੱਟੀ ਵਿਚ ਨਹਾਉਂਦੀਆਂ
ਚਿੜੀਆਂ ਦੇ ਦਿੰਦੀਆਂ ਸਨ
ਜਾਂ ਫੇਰ ਅੰਡੇ ਢੋਂਦੇ
ਕੀੜਿਆਂ ਦੇ ਕਾਫਲੇ
ਹਾਲਾਂਕਿ ਪ੍ਰਸ਼ੰਸਾ ਪੱਤਰ
ਅਜੇ ਵੀ ਮਿਲਦੇ ਸਨ
ਪਰ ਉਨ੍ਹਾਂ ਨੂੰ ਟੰਗਣ ਲਈ
ਛੋਟੀਆਂ ਪੈ ਜਾਂਦੀਆਂ ਸਨ ਕੰਧਾਂ

ਪ੍ਰੇਮਗੀਤ ਉਦੋਂ ਵੀ ਗਾਏ ਜਾਂਦੇ ਸਨ
ਪਰ ਉਹ ਕੋਈ ਹੋਰ ਲੋਕ ਸਨ



ਖਤਰਿਆਂ ਨਾਲ ਕਦੇ ਵੀ
ਖੇਲਿਆ ਜਾ ਸਕਦਾ ਹੈ
ਵਰਖਾ ਰੁੱਤ ਵਿਚ
ਰਿਮਝਿਮ ਵਰ੍ਹਦੀਆਂ ਫੁਹਾਰਾਂ ਵਿਚ
ਕਦੇ ਵੀ ਭਿੱਜਿਆ ਜਾ ਸਕਦਾ ਹੈ

ਪ੍ਰੇਮ ਕਦੇ ਵੀ
ਕਿਸੇ ਨਾਲ ਵੀ
ਵੀ ਕੀਤਾ ਜਾ ਸਕਦਾ ਹੈ
ਅਤੇ ਛੇ ਰੁੱਤਾਂ ਦੀਆਂ
ਕਵਿਤਾਵਾਂ ਵਿਚ ਤਾਂ ਘੱਟੋ ਘੱਟ
ਲਿਖਿਆ ਹੀ ਜਾ ਸਕਦਾ ਹੈ....

## ਸਮਾਈਲੀ / ਸੰਜੀਵ ਕੌਸ਼ਲ — ਅਨੁਵਾਦ: ਗਗਨਦੀਪ ਸ਼ਰਮਾ



ਘੰਟਿਆਂ-ਬੱਧੀ ਸੋਚ ਕੇ
ਬੜੀ ਮੁਹੱਬਤ ਨਾਲ
ਲਿਖਿਆ ਸੀ ਜੋ ਸੁਨੇਹਾ
ਦੋਸਤ ਨੇ ਛਿੜਕ ਦਿੱਤੀ ਉਸ ਉੱਤੇ
ਮੋਬਾਈਲ ਕੰਪਨੀ ਵਿਚ ਬਣੀ ਹੋਈ
ਇਕ ਸਮਾਈਲੀ

ਓ ਮੀਆਂ
ਬੁਰਾ ਮਨਾ ਲੈਣਗੇ ਸ਼ਬਦ

ਮੋਈ ਸਮਾਈਲੀ ਹੀ ਮਿਲੀ
ਸਾਡੀਆਂ ਗੱਲਾਂ ਲਈ
ਚੰਗੀ ਤਰ੍ਹਾਂ ਮੁਸਕਾਉਣਾ ਵੀ
ਨਹੀਂ ਸਿੱਖਿਆ ਜਿਸ ਨੇ
ਮੂੰਹ ਬਣਾ ਲੈਂਦੀ ਹੈ ਹਰ ਗੱਲ 'ਤੇ
ਕਦੇ ਦੰਦ ਕੱਢ ਦਿੰਦੀ ਹੈ
ਤੇ ਕਦੇ ਜੀਭ ਬੇਸ਼ਹੂਰ ਕਿਤੋਂ ਦੀ

ਗੋਲ ਅੱਖਾਂ, ਪਾਟਿਆ ਹੋਇਆ ਮੂੰਹ
ਨਾ ਭਰਵੱਟੇ ਨੇ, ਨਾ ਠੋਡੀ
ਨੱਕ ਦਾ ਵੀ ਕੋਈ ਅਤਾ-ਪਤਾ ਨਹੀਂ
ਅਜਿਹੇ ਮੂੰਹ ਦਾ
ਕੋਈ ਕੀ ਕਰੇਗਾ ਆਖਿਰ
ਜੀਭ ਨਿਕਲੀ ਪਈ ਹੈ ਬਾਹਰ ਤੱਕ
ਮੂੰਹ ਅੰਦਰ ਰੱਖ ਲੈ ਇਹਨੂੰ ਲਪੇਟ ਕੇ
ਸਾਊ ਬੱਚੇ ਇਉਂ ਜੀਭ ਨਹੀਂ

ਕੱਢਦੇ ਗੱਲ-ਗੱਲ 'ਤੇ
ਮਠਿਆਈ ਸਮਝ ਕੇ
ਭਿਣਕਣ ਲੱਗ ਜਾਣਗੀਆਂ ਮੱਖੀਆਂ

ਪਰ ਇਹਨੂੰ ਕੀ ਕਹੀਏ
ਕਿਸੇ ਦੀ ਸੁਣਦੀ ਕਿਥੇ ਹੈ ਇਹ
ਢੀਠ ਕਿਤੋਂ ਦੀ ਕੰਨ ਹੋਣ ਤਾਂ ਸੁਣੇ
ਬੋਲ਼ੀ ਨਾ ਹੋਵੇ ਤਾਂ

ਹੁਣ ਤੁਸੀਂ ਹੀ ਦੱਸੋ
ਨਾ ਸੁਣਦੀ ਨਾ ਬੋਲਦੀ ਹੈ ਜੋ
ਮੂੰਹ ਚੁੱਕ ਕੇ ਖੜ੍ਹੀ ਹੋ ਜਾਂਦੀ ਹੈ ਬੱਸ
ਉਹ ਕਿਵੇਂ ਕਹੇਗੀ ਤੁਹਾਡੀ ਗੱਲ
ਕਿਵੇਂ ਸੁਣੇਗੀ ਮੇਰੀ ਗੱਲ ਉਹ
ਬਿਨਾਂ ਕਹੇ, ਬਿਨਾਂ ਸੁਣੇ
ਕਿਵੇਂ ਬਚੇਗੀ ਕੋਈ ਗੱਲ......



## ਬਿਊਟੀ ਕੂਈਨ

ਗੋਰੇ ਰੰਗ, ਮਹਿੰਗੇ ਮੇਕਅੱਪ
ਚਮਕਦੇ ਗਹਿਣਿਆਂ ਭੜਕੀਲੇ ਕਪੜਿਆਂ
ਨਾਜ਼ੁਕ ਦਿੱਖ ਤੇ ਮੂੰਹ ਬਣਾ ਕੇ ਲਈਆਂ ਸੈਲਫੀਆਂ
ਖ਼ੂਬਸੂਰਤੀ ਦਾ ਪੈਮਾਨਾ ਨਹੀਂ

ਖ਼ੂਬਸੂਰਤ ਹੋਣਾ ਵਿਚਾਰਸ਼ੀਲ ਹੋਣਾ ਹੈ
ਗਿਆਨ ਦੇ ਰਾਹਾਂ ਦੇ ਮੁਸਾਫ਼ਿਰ ਹੋਣਾ ਹੈ
ਤੇ ਆਜ਼ਾਦੀ ਲਈ ਕੀਤੀ ਕੋਸ਼ਿਸ਼ ਵਿਚ
ਪਈ ਹੈ ਖ਼ੂਬਸੂਰਤੀ

ਛੱਤੀਸਗੜ੍ਹ ਦੇ ਜੰਗਲਾਂ ਚ
ਆਪਣੀ ਜ਼ਮੀਨ ਬਚਾਉਣ ਲਈ
ਲੜਦਿਆਂ ਮਾਰੀ ਗਈ
ਸਾਂਵਲੀ ਆਦਿਵਾਸੀ ਕੁੜੀ
ਮੇਰੀ ਲਈ ਬਿਊਟੀ ਕੂਈਨ ਹੈ।

## ਲਵ ਇਨ ਦ ਟਾਈਮ ਆਫ ਕੋਰੋਨਾ

ਮੈਨੂੰ ਫੇਰਮੀਨਾ ਯਾਦ ਆਈ ਹੈ
ਉਹ ਫਲੋਰੇਨਤੀਨੋ ਦਾ ਹੱਥ ਫੜ ਕੇ ਬੋਲੀ ਸੀ
''ਤੇਰੀ ਮੁਹੱਬਤ ਮੈਨੂੰ ਹਰ ਮੁਸੀਬਤ ਚੋਂ
ਬਾਹਰ ਲੈ ਜਾਏਗੀ ਫੇਲੀ
ਮੈਂ ਤੇਰੀਆਂ ਬਾਹਾਂ 'ਚ ਮਰਨਾ ਚਾਹੁੰਦੀ ਹਾਂ''

ਕੋਰੋਨਾ ਦਾ ਦੌਰ ਕਿੰਨਾ ਵੱਖ ਹੈ
ਗਲੀਆਂ ਵਿਚ ਸ਼ੂਕਦੀ ਹੈ ਉਦਾਸ ਹਵਾ
ਨਵੇਂ ਪੱਤੇ ਫੁੱਟਣ ਤੋਂ ਇਨਕਾਰੀ ਹਨ
ਹੱਥ ਸਹਿਮ ਕੇ ਜੇਬਾਂ 'ਚ ਜਾ ਵੜੇ ਹਨ
ਮਹੌਲ ਵਿਚ ਕਸ਼ੀਦਗੀ ਹੈ

ਮੈਂ ਤੇਰੇ ਅਹਿਸਾਸ ਨਾਲ ਜ਼ਿੰਦਾ ਹਾਂ
ਤੇਰੇ ਨਾਲ ਜੀਣ ਲਈ

ਤੇਰਾ ਹੱਥ ਫੜਦਿਆਂ
ਮੇਰੀ ਧੜਕਣ ਸਦਾ ਤਾਜ਼ਾ ਹੋਈ ਹੈ ਤੇ ਤੇਜ਼ ਵੀ

ਕੁਝ ਦਿਨਾਂ ਦਾ ਇਹ ਵਕਫਾ
ਸਾਨੂੰ ਦੂਰ ਨਹੀਂ ਕਰੇਗਾ
51 ਵਰ੍ਹੇ, 9 ਮਹੀਨੇ ਤੇ 4 ਦਿਨਾਂ ਦੀ ਵਿੱਥ
ਜਿਵੇਂ ਹੋਰ ਨੇੜੇ ਲੈ ਆਈ ਸੀ
ਫੇਰਮੀਨਾ ਤੇ ਫਲੋਰੇਨਤੀਨੋ ਨੂੰ

ਭਿੱਜ ਕੇ ਪੀਡੀ ਹੋਈ
ਰੱਸੀ ਦੀ ਗੰਢ ਵਾਂਗ
ਮੈਂ ਤੇ ਤੂੰ ਹੋਰ ਨੇੜੇ ਹੋਵਾਂਗੇ ਪੌਣ ਹੋਵੇਗੀ ਸੰਧੂਰੀ
ਨਵੇਂ ਫੁਟਾਰੇ ਟਾਹਣੀਆਂ ਤੇ ਆਉਣਗੇ
ਜ਼ਿੰਦਗੀ ਰਵਾਂ ਰਹੇਗੀ

## ਫੇਸਬੁੱਕ


ਚਾਰੇ ਪਾਸੇ ਅੱਖ ਵਿੰਨਵਾਂ ਸ਼ੋਰ ਹੈ
ਸ਼ਕਲਾਂ, ਅੱਖਰਾਂ ਤੇ ਮਸ਼ਹੂਰੀਆਂ ਦਾ
ਇਕ ਮਸਨੂਈ ਸੰਸਾਰ
ਮਾਇਆ-ਜਾਲ
ਜੋ ਅਸਲੀਅਤ ਦਾ ਭਰਮ ਸਿਰਜਦਾ
ਹਕੀਕਤ ਨਾਲੋਂ ਤੋੜ ਕੇ
ਸੂਚਨਾਵਾਂ ਦੀ
ਭੁੱਲ-ਭੁੱਲਈਆ 'ਚ ਲੈ ਆਉਂਦਾ

ਜਿੱਥੇ
ਕਿਤਾਬਾਂ ਦਾ ਜ਼ਿਕਰ ਹੋਣ ਦੇ ਬਾਵਜੂਦ
ਕਿਤਾਬ ਨਹੀਂ ਹੈ ਚਿਹਰਾ ਹੀ ਕਿਤਾਬ ਹੈ
ਮਨ ਗੈਰ-ਹਾਜ਼ਰ ਹੀ ਨਹੀਂ
ਖਾਰਜ ਹੋ ਗਿਆ ਹੈ ਸੰਗੀਤ ਚੀਕਦਾ ਹੈ
ਸ਼ਬਦ ਸ਼ੋਰੀਲੇ

ਕੈਕਟਸ ਦੇ ਜੰਗਲ ਵਿੱਚੋਂ
ਜ਼ਖਮੀ ਹੋਏ ਬਿਨਾਂ ਲੰਘਣਾ
ਆਸਾਨ ਨਹੀਂ ਹੁੰਦਾ।

## ਜੀਵਨ ਯਾਦਾਂ / ਸੜਕ ਦੁਰਘਟਨਾ ਨਾਲ ਸ਼ੁਰੂ ਹੋਇਆ ਨਵਾਂ ਸਫਰ / ਗੁਰਸ਼ਰਨ ਸਿੰਘ ਰੰਧਾਵਾ

30 ਜੁਲਾਈ, 1984 ਨੂੰ ਮੈਂ ਰੁੜਕੀ ਯੂਨੀਵਰਸਿਟੀ ਵਿੱਚ ਅਧਿਆਪਕ ਦੇ ਤੌਰ 'ਤੇ ਨੌਕਰੀ ਸ਼ੁਰੂ ਕਰ ਲਈ। ਰੁੜਕੀ ਸ਼ਹਿਰ ਉਦੋਂ ਉਤੱਰ ਪ੍ਰਦੇਸ਼ ਪ੍ਰਾਂਤ ਦੇ ਸਹਾਰਨਪੁਰ ਜਿਲੇ ਵਿੱਚ ਪੈਂਦਾ ਸੀ। ਇਹ ਅਜੀਬ ਸਬੱਬ ਹੀ ਸੀ ਕਿ 1984 ਵਿੱਚ ਸ਼ੁਰੂ ਕੀਤੀ ਨੌਕਰੀ ਦੀ ਮੇਰੀ ਤਨਖ਼ਾਹ ਵੀ 1984 ਰੁਪਏ ਮਹੀਨਾ ਸੀ।ਪੜ੍ਹਾਈ ਲਈ ਵਿਦੇਸ਼ ਜਾਣ ਵੇਲੇ ਰਿਸ਼ਤੇਦਾਰਾਂ ਤੇ ਦੋਸਤਾਂ ਤੋਂ ਲਏ ਉਧਾਰ ਪੈਸਿਆਂ ਦਾ ਬੋਝ ਮੇਰੇ ਸਿਰ ਉੱਪਰ ਸੀ।ਆਰਥਿਕ ਤੰਗੀ, ਸਿਹਤ ਦੀਆਂ ਸਮੱਸਿਆਵਾਂ ਤੇ ਪੰਜਾਬ ਦੇ ਉਦੋਂ ਕਾਲੇ ਦੌਰ ਵਿੱਚੋਂ ਲੰਘਦੇ ਹੋਣ ਕਰਕੇ ਮੇਰਾ ਪੰਜਾਬ ਵਿੱਚ ਆਪਣੇ ਪਿੰਡ ਵੱਲ ਕਦੇ ਕਦੇ ਹੀ ਗੇੜਾ ਲਗਦਾ। ਜਦ ਮਾਤਾ ਪਿਤਾ ਇੰਗਲੈਂਡ ਵਿੱਚ ਛੋਟੇ ਭਰਾ ਕੋਲ ਰਹਿਣ ਲਈ ਚਲੇ ਗਏ ਤਾਂ ਪਿੰਡ ਦੀ ਖਿੱਚ ਵੀ ਘਟ ਗਈ। ਜਦ ਵੀ ਪੰਜਾਬ ਆਉਣਾ ਬੱਸ ਦੋ ਹੀ ਥਾਵਾਂ, ਇਕ ਭੈਣ ਦੇ ਘਰ ਲੁਧਿਆਣੇ ਤੇ ਦੂਜਾ ਕਪੂਰਥਲੇ ਕੋਲ ਗੁਰਦੁਆਰਾ ਸਤਿ ਕਰਤਾਰ ਸਾਹਿਬ, ਵਡਾਲਾ ਕਲਾਂ ਜਾ ਕੇ ਜਲਦੀ ਨਾਲ ਵਾਪਸ ਰੁੜਕੀ ਪਰਤ ਜਾਣਾ। ਇਸ ਗੁਰਦੁਆਰੇ ਮੈਂ 1973 ਤੋਂ ਜਾ ਰਿਹਾ ਸਾਂ। ਇੱਥੇ ਬਹੁਤ ਨੇਕ ਇਨਸਾਨ ਮੇਰੇ ਮਾਰਗ ਦਰਸ਼ਕ ਬਾਬਾ ਤਾਰਾ ਸਿੰਘ ਰੰਧਾਵਾ ਰਹਿੰਦੇ ਸਨ।



ਗਰੀਬੀ ਕਾਰਨ ਇਹਨਾਂ ਦਿਨਾਂ ਵਿੱਚ ਮੇਰੇ ਕੋਲ ਥੋੜੇ ਜਿਹੇ ਹੀ ਵਸਤਰ ਸਨ।ਜਦ ਵੀ ਕਿਤੇ ਜਾਣਾ ਹੁੰਦਾ ਤਾਂ ਇਕ ਨਿੱਕੇ ਜਿਹੇ ਕੱਪੜੇ ਦੇ ਝੋਲੇ ਵਿੱਚ ਆਪਣੇ ਤਿੰਨ ਚਾਰ ਵਸਤਰ ਪਾ ਲੈਂਦਾ।

ਨਵੰਬਰ, 1988, ਦਿਵਾਲੀ ਤੋਂ ਦੋ ਦਿਨ ਪਹਿਲਾਂ ਸਨਿੱਚਰਵਾਰ ਦੇ ਦਿਨ ਮੈਂ ਪੰਜਾਬ ਜਾਣ ਲਈ ਬੱਸ ਦੁਆਰਾ ਆਪਣਾ ਸਫਰ ਸ਼ੁਰੂ ਕੀਤਾ। ਭੈਣ ਦੇ ਘਰ ਲੁਧਿਆਣੇ ਰਾਤ ਰੁਕਣ ਤੋਂ ਬਾਦ ਅਗਲੇ ਦਿਨ ਐਤਵਾਰ ਨੂੰ ਮੈਂ ਲੁਧਿਆਣੇ ਅੱਡੇ ਤੋਂ ਜਲੰਧਰ ਵਾਲੀ ਬੱਸ ਵਿੱਚ ਬੈਠ ਗਿਆ। ਬੱਸ ਜਲਦੀ ਹੀ ਲੁਧਿਆਣੇ ਤੋਂ ਬਾਹਰ ਆ ਗਈ ਤੇ ਮੈਂ ਖੇਤਾਂ ਦੇ ਨਜ਼ਾਰੇ ਦਾ ਅਨੰਦ ਲੈਣ ਲੱਗਾ। ਸੁਹਾਵਣਾ ਮੌਸਮ ਸੀ। ਨਾ ਜ਼ਿਆਦਾ ਗਰਮੀ ਤੇ ਨਾ ਜ਼ਿਆਦਾ ਸਰਦੀ। ਅਚਾਨਕ ਮੌਸਮ ਨੇ ਮਿਜ਼ਾਜ ਬਦਲਿਆ। ਹਲਕੀ ਹਲਕੀ ਭੂਰ ਪੈਣ ਲੱਗ ਪਈ ਤੇ ਥੋੜੀ ਠੰਢ ਮਹਿਸੂਸ ਹੋਣ ਲੱਗੀ। ਮੈਂ ਅਗਲੀ ਸੀਟ ਦੇ ਡੰਡੇ 'ਤੇ ਮੱਥਾ ਰੱਖ ਅੱਖਾਂ ਮੀਟ ਲਈਆਂ ਤੇ ਆਪਣੇ ਸਿਰਜਣਹਾਰ ਨੂੰ ਯਾਦ ਕਰਨ ਲੱਗ ਪਿਆ। ਕਦੇ ਕਦੇ ਮੈਂ ਅੱਖਾਂ ਖੋਲ ਬਾਹਰ ਵੱਲ ਵੇਖ ਲੈਂਦਾ। ਬੱਸ ਫਿਲੌਰ ਤੋਂ ਥੋੜੀ ਹੀ ਅੱਗੇ ਗਈ ਸੀ ਕਿ ਇਕ ਖ਼ੌਫ਼ਨਾਕ ਉੱਚੀ ਚੀਕ ਬੱਸ ਦੇ ਹੇਠੋਂ ਸੁਣਾਈ ਦਿੱਤੀ ਤੇ ਨਾਲ ਹੀ ਇਕ ਦੱਮ ਬਰੇਕਾਂ ਲੱਗਣ ਦੀ ਅਵਾਜ਼ ਆਈ।ਅਚਾਨਕ ਲੱਗੇ ਝਟਕੇ ਤੋਂ ਸੰਭਲ਼ਦਿਆਂ ਹੋਇਆਂ ਮੈਂ ਅੱਖਾਂ ਖੋਲੀਆਂ।ਬੱਸ ਦੇ ਰੁਕਦਿਆਂ ਹੀ ਚੀਕ ਵੀ ਇਕ ਦਮ ਸ਼ਾਂਤ ਹੋ ਗਈ। ਪਰ ਉਸ ਚੀਕ ਨੇ ਮੈਨੂੰ ਪੂਰੀ ਤਰਾਂ ਹਿਲਾ ਦਿੱਤਾ ਸੀ। ਏਨੀ ਭਿਆਨਕ ਚੀਕ ਮੈਂ ਜ਼ਿੰਦਗੀ 'ਚ ਕਦੇ ਨਹੀਂ ਸੀ ਸੁਣੀ। ਮੈਨੂੰ ਲੱਗਿਆ ਕਿ ਕੋਈ ਬੱਸ ਹੇਠ ਆ ਕੇ ਮਰ ਗਿਆ ਤੇ ਉਹ ਖ਼ੌਫ਼ਨਾਕ ਚੀਕ ਮਰਨ ਵਾਲੇ ਦੀ ਆਖਰੀ ਚੀਕ ਸੀ।ਮੈਨੂੰ ਜਾਪਿਆ ਕਿ ਇਹ ਚੀਕ ਹੁਣ ਮੈਨੂੰ ਸਾਰੀ ਜ਼ਿੰਦਗੀ ਪਰੇਸ਼ਾਨ ਕਰੇਗੀ। ਬੱਸ ਦੇ ਰੁਕਦਿਆਂ ਹੀ ਸਵਾਰੀਆਂ ਇਕ ਦਮ ਉੱਤਰਨੀਆਂ ਸ਼ੁਰੂ ਹੋ ਗਈਆਂ, ਇਹ ਦੇਖਣ ਲਈ ਕਿ ਕੀ ਹੋਇਆ ਹੈ। ਮੈਂ ਸੋਚਿਆ ਕਿ ਮਰਨ ਵਾਲਾ ਤਾਂ ਮਰ ਗਿਆ, ਹੁਣ ਜਾ ਕੇ ਵੇਖ ਕੇ ਕੀ ਲੈਣਾਂ ਹੈ ? ਮੈਂ ਆਪਣੀ ਸੀਟ 'ਤੇ ਹੀ ਬੈਠਾ ਰਿਹਾ। ਕੁਝ ਨਿੱਕੇ ਨਿਆਣਿਆਂ ਵਾਲੀਆਂ ਔਰਤਾਂ ਵੀ ਬੱਸ ਵਿੱਚ ਹੀ ਬੈਠੀਆਂ ਰਹੀਆਂ। ਅਚਾਨਕ ਇਕ ਆਦਮੀ ਬੱਸ ਦੇ ਅਗਲੇ ਦਰਵਾਜ਼ੇ ਤੋਂ ਅੰਦਰ ਆ ਕੇ ਕਹਿਣ ਲੱਗਾ, "ਕਿਸੇ ਕੋਲ ਪਾਣੀ ਹੈ?" ਕੋਈ ਨਹੀਂ ਬੋਲਿਆ। ਕਿਸੇ ਕੋਲ ਵੀ ਪਾਣੀ ਨਹੀਂ ਸੀ। ਉਦੋਂ ਪਾਣੀ ਦੀ ਬੋਤਲ ਨਾਲ ਲੈ ਕੇ ਤੁਰਨ ਦੀ ਨਾ ਹੀ ਜ਼ਰੂਰਤ ਸਮਝੀ ਜਾਂਦੀ ਸੀ ਤੇ ਨਾ ਹੀ ਇਹ ਰਿਵਾਜ ਸੀ। ਸਰਦੀਆਂ ਵਿੱਚ ਤਾਂ ਕੋਈ ਵੀ ਪਾਣੀ ਨਾਲ ਲੈ ਕੇ ਨਹੀਂ ਸੀ ਤੁਰਦਾ। ਮੈਂ ਇਕ ਦਮ ਉੱਚੀ ਅਵਾਜ਼ 'ਚ ਬੋਲਿਆ, "ਮੇਰੇ ਕੋਲ ਪਾਣੀ ਹੈ।" ਉਹਨੀਂ ਦਿਨੀਂ ਮੈਂ ਆਪਣੇ ਢਿੱਡ ਦੀ ਤਕਲੀਫ਼ ਕਰਕੇ ਰਸਤੇ ਦਾ ਪਾਣੀ ਨਹੀਂ ਸੀ ਪੀਂਦਾ ਤੇ ਇਸ ਲਈ ਸਫਰ 'ਤੇ ਤੁਰਨ ਲੱਗਿਆਂ ਇਕ ਬੋਤਲ ਪਾਣੀ ਦੀ ਭਰ ਕੇ ਆਪਣੇ ਨਾਲ ਰੱਖਣ ਵਾਲੇ ਝੋਲੇ ਵਿਚ ਪਾ ਲੈਂਦਾ। ਮੈਂ ਉਸ ਆਦਮੀ ਨੂੰ ਪਾਣੀ ਦੀ ਬੋਤਲ ਫੜਾਉਣ ਲੱਗਾ। ਫਿਰ ਸੋਚਿਆ ਕਿ ਜੇ ਇਹੋ ਜਿਹੇ ਹਾਲਾਤ ਬਣੇ ਹਨ ਕਿ ਸਾਰੀ ਬੱਸ ਵਿੱਚ ਸਿਰਫ ਮੇਰੇ ਕੋਲ ਹੀ ਪਾਣੀ ਹੈ ਤਾਂ ਮੈਨੂੰ ਆਪ ਜਾ ਕੇ ਆਪਣੇ ਹੱਥੀਂ ਜਖਮੀ ਨੂੰ ਪਾਣੀ ਦੇਣਾ ਚਾਹੀਦਾ ਹੈ। ਇਹ ਸੋਚ ਮੈਂ ਛੇਤੀ ਨਾਲ ਪਾਣੀ ਦੀ ਬੋਤਲ ਲੈ ਕੇ ਬੱਸ ਵਿੱਚੋਂ ਉੱਤਰਿਆ ਤੇ ਭੀੜ ਨੂੰ ਪਰ੍ਹੇ ਕਰਦੇ ਹੋਏ ਅੱਗੇ ਵਧਿਆ। ਮੈਂ ਵੇਖਿਆ ਕਿ ਬੱਸ ਅੱਗੇ ਸੜਕ ਉੱਤੇ ਇਕ ਲਹੂ ਲੁਹਾਣ ਛੋਟੀ ਉਮਰ ਦਾ ਮੁੰਡਾ ਬੈਠਾ ਸੀ। ਉਹਦੇ ਕੋਲ ਹੀ ਇਕ ਟੁੱਟਾ ਹੋਇਆ ਸਾਈਕਲ ਪਿਆ ਸੀ। ਮੈਂ ਬੋਤਲ ਉੱਪਰਲੇ ਕੱਪ ਵਿੱਚ ਪਾਣੀ ਪਾ ਕੇ ਮੁੰਡੇ ਨੂੰ ਪੀਣ ਲਈ ਦਿੱਤਾ। ਮੁੰਡੇ ਨੇ ਸਹਿਜ ਸਹਿਜ ਕੱਪ ਦਾ ਸਾਰਾ ਪਾਣੀ ਪੀ ਲਿਆ। ਉਹਦੇ ਤੋਂ ਖਾਲ਼ੀ ਕੱਪ ਫੜਦਿਆਂ ਮੈਨੂੰ ਯਾਦ ਆਇਆ ਕਿ ਮੇਰੇ ਕੋਲ ਗੁਲੂਕੋਸ ਦੀ ਪੁੜੀ ਵੀ ਹੈ। ਮੈਂ ਕੱਪ ਵਿੱਚ ਪਾਣੀ ਪਾ ਤੇ ਉਸ ਵਿਚ ਗੁਲੂਕੋਸ ਘੋਲ ਕੇ ਮੁੰਡੇ ਨੂੰ ਪੀਣ ਲਈ ਦਿੱਤਾ। ਗੁਲੂਕੋਸ ਵਾਲਾ ਪਾਣੀ ਪੀਣ ਤੋਂ ਬਾਦ ਮੁੰਡੇ ਦੇ ਚਿਹਰੇ 'ਤੇ ਕੁਝ ਰਾਹਤ ਮਹਿਸੂਸ ਹੋਈ। ਫਿਰ ਉਸ ਮੁੰਡੇ ਨੇ ਦੱਸਿਆ, "ਮੇਰਾ ਨਾਂ ਜਸਪਾਲ ਸਿੰਘ ਹੈ। ਮੇਰੀ ਉਮਰ 14 ਸਾਲ ਹੈ। ਮੈਂ ਆਪਣੇ ਹਮ-ਉਮਰ ਦੋਸਤ ਨੂੰ ਕੈਰੀਅਰ 'ਤੇ ਬਿਠਾ ਸੜਕ ਦੇ ਕਿਨਾਰੇ ਖੱਬੇ ਪਾਸੇ ਸਾਈਕਲ 'ਤੇ ਜਾ ਰਿਹਾ

ਸੀ। ਅਚਾਨਕ ਬੱਸ ਨੇ ਸਾਨੂੰ ਟੱਕਰ ਮਾਰੀ। ਸ਼ਾਇਦ ਡਰਾਈਵਰ ਨੂੰ ਨੀਂਦ ਆ ਗਈ ਜਾਂ ਬੱਸ ਵਿੱਚ ਕੋਈ ਨੁਕਸ ਪੈ ਗਿਆ। ਸਾਈਕਲ ਪਿੱਛੇ ਬੈਠਾ ਮੇਰਾ ਦੋਸਤ ਟੱਕਰ ਨਾਲ ਬਾਹਰ ਵੱਲ ਡਿਗ ਪਿਆ ਤੇ ਮੈਂ ਬੱਸ ਦੇ ਦੋਹਾਂ ਟਾਇਰਾਂ ਵਿਚਕਾਰ। ਮੈਂ ਸਾਈਕਲ ਸਮੇਤ ਬੱਸ ਦੇ ਹੇਠਾਂ ਕਿਤੇ ਫਸ ਗਿਆ ਤੇ ਕੁਝ ਦੂਰੀ ਤੱਕ ਬੱਸ ਨਾਲ ਘੜੀਸ ਹੁੰਦਾ ਰਿਹਾ। ਜਦ ਤੱਕ ਬੱਸ ਦੀ ਬਰੇਕ ਲੱਗੀ, ਮੇਰਾ ਸਰੀਰ ਬੁਰੀ ਤਰਾਂ ਰਗੜਿਆ ਗਿਆ। ਬੱਸ ਰੁਕਣ 'ਤੇ ਕੁਝ ਸਵਾਰੀਆਂ ਨੇ ਮੈਨੂੰ ਬੱਸ ਦੇ ਹੇਠੋਂ ਕੱਢਿਆ।'' ਕੰਡਕਟਰ ਨੇ ਉਹਨਾਂ ਮੁੰਡਿਆਂ ਦੇ ਟੁੱਟੇ ਸਾਈਕਲ ਨੂੰ ਬੱਸ ਦੀ ਛੱਤ ਉੱਪਰ ਰੱਖ ਦਿੱਤਾ ਤੇ ਉਹਨਾਂ ਦੋਹਾਂ ਨੂੰ ਬੱਸ ਵਿੱਚ ਪਹਿਲੀ ਸੀਟ 'ਤੇ ਬਿਠਾ ਲਿਆ। ਮੈਂ ਵੀ ਉਹਨਾਂ ਮੁੰਡਿਆਂ ਨਾਲ ਹੀ ਬੈਠ ਗਿਆ। ਮੈਂ ਦੇਖਿਆ ਕਿ ਜਸਪਾਲ ਦੇ ਕੱਪੜੇ ਫਟ ਚੁੱਕੇ ਸਨ ਤੇ ਉਹ ਠੰਢ ਤੇ ਡਰ ਨਾਲ ਕੰਬ ਰਿਹਾ ਸੀ। ਮੈਂ ਝੋਲੇ ਵਿੱਚੋਂ ਆਪਣਾ ਕੁੜਤਾ ਪਜਾਮਾ ਕੱਢ ਕੇ ਉਹਦੇ ਪਹਿਨਾ ਦਿੱਤਾ। ਜਸਪਾਲ ਅਜੇ ਵੀ ਕੰਬ ਰਿਹਾ ਸੀ। ਮੈਂ ਆਪਣੀ ਟ੍ਰੈਕ ਸੂਟ ਵਾਲੀ ਲਾਲ ਜੈਕਟ ਕੱਢੀ ਤੇ ਜਸਪਾਲ ਦੇ ਪੁਆ ਦਿੱਤੀ। ਹੁਣ ਉਹਦੀ ਕੰਬਣੀ ਕੁਝ ਘਟ ਗਈ। ਜਸਪਾਲ ਨੇ ਦੱਸਿਆ, ''ਮੈਂ ਤੇ ਮੇਰਾ ਦੋਸਤ ਫਿਲੌਰ ਤੋਂ ਕੋਈ 16 ਕੁ ਕਿਲੋਮੀਟਰ ਦੂਰ ਇਕ ਪਿੰਡ ਤੋਂ ਹਾਂ। ਅਸੀਂ ਆਪਣੇ ਘਰਾਂ ਦੀ ਗਰੀਬੀ ਕਾਰਨ ਫਿਲੌਰ ਇਕ ਕਾਰਖ਼ਾਨੇ ਵਿਚ ਕੰਮ ਕਰਦੇ ਹਾਂ। ਅੱਜ ਜਦ ਅਸੀਂ ਪਿੰਡ ਤੋਂ ਫਿਲੌਰ ਪਹੁੰਚੇ ਤਾਂ ਪਤਾ ਲੱਗਾ ਕਿ ਸਭ ਕਾਰਖ਼ਾਨਿਆਂ ਵਿੱਚ ਅਚਾਨਕ ਛੁੱਟੀ ਹੋ ਗਈ ਹੈ ਤੇ ਅਸੀਂ ਕਿਸੇ ਦੋਸਤ ਨੂੰ ਮਿਲਣ ਲਈ ਤੁਰ ਪਏ।'' ਪੰਜਾਬ ਉਦੋਂ ਕਾਲੇ ਦਿਨਾਂ ਦੇ ਦੌਰ ਵਿੱਚੋਂ ਲੰਘ ਰਿਹਾ ਸੀ ਤੇ ਕਿਸੇ ਵੱਡੀ ਵਾਰਦਾਤ ਤੋਂ ਬਾਦ ਏਦਾਂ ਕਈ ਵਾਰ ਹੋ ਜਾਂਦਾ ਸੀ।

ਇੱਕ ਚਾਲੀ ਕੁ ਸਾਲ ਦੀ ਔਰਤ ਜਸਪਾਲ ਕੋਲ ਆਈ। ਉਹਨੇ ਜਸਪਾਲ ਦਾ ਮਿੱਟੀ ਨਾਲ ਲਿੱਬੜਿਆ ਮੱਥਾ ਪੂੰਝਿਆ ਤੇ ਉਹਦੀ ਜੇਬ ਵਿੱਚ ਕੁਝ ਰੁਪਏ ਪਾ ਦਿੱਤੇ। ਫਿਰ ਦੋ ਤਿੰਨ ਜਣੇ ਹੋਰ ਆਏ ਤੇ ਉਹਨਾਂ ਨੇ ਵੀ ਵਾਰੀ ਵਾਰੀ ਜਸਪਾਲ ਦੀ ਜੇਬ ਵਿੱਚ ਕੁਝ ਰੁਪਏ ਪਾ ਦਿੱਤੇ।

ਅਗਲੇ ਸ਼ਹਿਰ ਗੁਰਾਇਆਂ ਪਹੁੰਚ ਕੇ ਡਰਾਈਵਰ ਨੇ ਬੱਸ ਰੋਕੀ ਤੇ ਦੋਹਾਂ ਜਖਮੀ ਮੁੰਡਿਆਂ ਨੂੰ ਬੱਸ ਤੋਂ ਉਤਾਰ ਦਿੱਤਾ। ਉਹਨਾਂ ਦਾ ਟੁੱਟਾ ਸਾਈਕਲ ਵੀ ਬੱਸ ਦੀ ਛੱਤ ਤੋਂ ਲਾਹ ਕੇ ਸੜਕ ਕਿਨਾਰੇ ਰੱਖ ਦਿੱਤਾ। ਮੈਂ ਵੀ ਮੁੰਡਿਆਂ ਦੇ ਨਾਲ ਹੀ ਬੱਸ ਤੋਂ ਹੇਠਾਂ ਉੱਤਰ ਆਇਆ। ਕੰਡਕਟਰ ਨੇ ਜਸਪਾਲ ਨੂੰ 10 ਰੁਪਏ ਦਾ ਨੋਟ ਦਿੱਤਾ ਤੇ ਬੱਸ ਦੇ ਚੱਲਣ ਲਈ ਸੀਟੀ ਮਾਰ ਦਿੱਤੀ। ਜਸਪਾਲ ਰੋਣ ਲੱਗ ਪਿਆ ਤੇ ਰੋਂਦੇ ਹੋਏ ਉਸਨੇ ਕਿਹਾ, ''ਸਾਡੇ ਸੱਟਾਂ ਲੱਗੀਆਂ, ਸਾਡਾ ਸਾਈਕਲ ਵੀ ਟੁੱਟ ਗਿਆ, ਸਾਡੇ ਕੋਲ ਪੈਸੇ ਵੀ ਨਹੀਂ, ਅਸੀਂ ਇਹ 10 ਰੁਪਏ ਨਾਲ ਕੀ ਕਰਾਂਗੇ?'' ਮੈਂ ਵੀ ਕਿਹਾ ਕਿ ਇਹਨਾਂ ਦਸ ਰੁਪਈਆਂ ਨਾਲ ਤਾਂ ਇਹਨਾਂ ਦੇ ਪੱਟੀਆਂ ਵੀ ਨਹੀਂ ਹੋ ਸਕਣੀਆਂ। ਕੰਡਕਟਰ ਨੇ ਆਪਣੇ ਝੋਲੇ 'ਚੋਂ 60 ਕੁ ਰੁਪਏ ਹੋਰ ਕੱਢ ਕੇ ਜਸਪਾਲ ਨੂੰ ਦਿੱਤੇ ਤੇ ਕਿਹਾ, ''ਮੇਰੇ ਕੋਲ ਬਸ ਏਨੇ ਹੀ ਹਨ।'' ਮੈਂ ਆਪਣੇ ਆਪ ਨੂੰ ਕਿਹਾ, ''ਮੈਂ ਗੁਰਦੁਆਰੇ ਜਾ ਰਿਹਾਂ ਜਿੱਥੇ ਗੁਰੂ ਦਾ ਉਪਦੇਸ਼ ਮਿਲਦਾ ਹੈ ਕਿ ਦੁੱਖਾਂ ਵਿੱਚ ਘਿਰੇ ਜੀਵਾਂ ਦੀ ਮਦਦ ਕਰੋ।'' ਮੈਨੂੰ ਜਾਪਿਆ ਜਿਵੇਂ ਗੁਰੂ ਨਾਨਕ ਮੈਨੂੰ ਕਹਿ ਰਹੇ ਹੋਣ ਕਿ ਤੂੰ ਇਹਨਾਂ ਜਖਮੀ ਬੱਚਿਆਂ ਦੀ ਦੇਖ ਭਾਲ ਕਰ ਤੇ ਉੱਥੇ ਗੁਰਦੁਆਰੇ ਤੇਰੀ ਹਾਜ਼ਰੀ ਲੱਗ ਜਾਵੇਗੀ। ਮੈਂ ਕੰਡਕਟਰ ਨੂੰ ਕਿਹਾ, ''ਭਾਈ ਸਾਹਿਬ, ਤੁਸੀਂ ਬੱਸ ਲੈ ਜਾਓ, ਮੈਂ ਇਹਨਾਂ ਮੁੰਡਿਆਂ ਦੀ ਪੱਟੀ ਕਰਾ ਅਗਲੀ ਬੱਸ ਵਿੱਚ ਆ ਜਾਵਾਂਗਾ।'' ਕੰਡਕਟਰ ਨੇ ਸੀਟੀ ਮਾਰੀ ਤੇ ਡਰਾਈਵਰ ਨੇ ਬੱਸ ਤੋਰ ਲਈ। ਮੈਂ ਦੂਰ ਜਾਂਦੀ ਬੱਸ ਨੂੰ ਕਾਫ਼ੀ ਦੇਰ ਤੱਕ ਦੇਖਦਾ ਰਿਹਾ। ਫਿਰ ਮੈਂ ਟੁੱਟੇ ਸਾਈਕਲ ਨੂੰ ਇਕ ਦੁਕਾਨ 'ਤੇ ਰਖਵਾ ਦਿੱਤਾ ਤੇ ਦੋਹਾਂ ਮੁੰਡਿਆਂ ਨੂੰ ਇਕ ਰਿਕਸ਼ੇ 'ਚ ਬਿਠਾ ਕਿਸੇ ਡਾਕਟਰ ਦੀ ਤਲਾਸ਼ ਕਰਨ ਲੱਗਾ। ਜਲਦੀ ਹੀ ਇਕ ਕਲੀਨਿਕ ਨਜ਼ਰੀਂ ਪਈ। ਉਸ ਕਲੀਨਿਕ ਵਿੱਚ ਮੈਂ ਦੋਹਾਂ ਮੁੰਡਿਆਂ ਦੇ ਮਰਹਮ ਪੱਟੀ ਕਰਵਾਈ ਤੇ ਟੈਟਨਸ ਦੇ ਟੀਕੇ ਵੀ ਲਗਵਾਏ। ਜਦੋਂ ਕੁੱਲ ਖ਼ਰਚਾ 30 ਕੁ ਰੁਪਏ ਦੱਸਿਆ ਗਿਆ ਤਾਂ ਮੈਨੂੰ ਰਾਹਤ ਮਹਿਸੂਸ ਹੋਈ ਕਿਉਂਕਿ ਮੇਰੀ ਜੇਬ ਵਿੱਚ 150 ਕੁ ਰੁਪਏ ਹੀ ਸਨ। ਕਲੀਨਿਕ ਵਿੱਚ ਡਾਕਟਰ ਸਾਹਿਬ ਨੂੰ ਪੈਸੇ ਦੇ ਕੇ ਤੇ ਧੰਨਵਾਦ ਕਰਕੇ ਮੈਂ ਫਿਰ ਮੁੰਡਿਆਂ ਨੂੰ ਰਿਕਸ਼ੇ ਵਿੱਚ ਬਿਠਾ ਕੇ ਵਾਪਸ ਸਾਈਕਲ ਵਾਲੀ ਥਾਂ 'ਤੇ ਲੈ ਆਇਆ। ਨੇੜੇ ਹੀ ਇਕ ਟੈਂਪੂ ਸਟੈਂਡ ਸੀ। ਉੱਥੋਂ ਪਤਾ ਲੱਗਾ ਕਿ ਟੈਂਪੂ ਸਿਰਫ 12 ਕੁ ਕਿਲੋਮੀਟਰ ਦੂਰ ਇਕ ਪਿੰਡ ਤੱਕ ਜਾਂਦੇ ਹਨ ਜਿੱਥੋਂ ਉਹਨਾਂ ਮੁੰਡਿਆਂ ਦਾ ਪਿੰਡ 3-4 ਕਿਲੋਮੀਟਰ ਹੋਰ ਅੱਗੇ ਸੀ। ਮੈਂ ਕਈ ਟੈਂਪੂ ਵਾਲਿਆਂ ਨੂੰ ਕਿਹਾ ਕਿ ਆਖਰੀ ਚਾਰ ਕਿਲੋਮੀਟਰ ਦੇ ਮੈਂ ਸਾਲਮ ਟੈਂਪੂ ਦੇ ਪੈਸੇ ਦੇ ਦਿਆਂਗਾ, ਇਹਨਾਂ ਮੁੰਡਿਆਂ ਨੂੰ ਇਹਨਾਂ ਦੇ ਘਰ ਛੱਡ ਆਓ। ਪਰ ਸਾਰਿਆਂ ਨੇ 200-250 ਰੁਪਇਆਂ ਦੀ ਮੰਗ ਕੀਤੀ ਪਰ ਮੇਰੇ ਕੋਲ ਏਨੇ ਪੈਸੇ ਹੈ ਹੀ ਨਹੀਂ ਸਨ। ਅਖੀਰ ਇਕ ਟੈਂਪੂ ਵਾਲਾ 100 ਰੁਪਏ ਵਿੱਚ ਲਿਜਾਣਾ ਮੰਨ ਗਿਆ। ਮੈਂ ਉਹਨਾਂ ਮੁੰਡਿਆਂ ਦਾ ਸਾਈਕਲ ਟੈਂਪੂ ਪਿੱਛੇ ਰਖਵਾਇਆ ਤੇ ਉਹਨਾਂ ਨੂੰ ਬਾਕੀ ਸਵਾਰੀਆਂ ਨਾਲ ਬਿਠਾ ਦਿੱਤਾ। ਉਹਨਾਂ ਦੇ ਚਿਹਰਿਆਂ 'ਤੇ ਅਜੇ ਵੀ ਖ਼ੌਫ਼ ਝਲਕਦਾ ਸੀ। ਜਸਪਾਲ ਨੇ ਮੈਨੂੰ ਕਿਹਾ, ''ਭਾਅ ਜੀ, ਆਪਣਾ ਸਰਨਾਵਾਂ ਦੇ ਦਿਓ, ਮੈਂ ਤੁਹਾਡਾ ਕੁੜਤਾ ਪਜਾਮਾ ਮੋੜਨਾ ਹੈ।'' ਮੈਂ ਕਿਹਾ, ''ਤੂੰ ਫਿਕਰ ਨਾ ਕਰ, ਮੈਂ ਤੇਰੇ ਪਿੰਡ ਆ ਕੇ ਆਪੇ ਹੀ ਲੈ ਲਵਾਂਗਾ।'' ਬੱਦਲ ਹਟ ਕੇ ਧੁੱਪ ਨਿੱਕਲ ਆਈ ਸੀ ਤੇ ਲਾਲ ਜੈਕਟ ਜਸਪਾਲ ਤੋਂ ਮੈਂ ਵਾਪਸ ਲੈ ਲਈ ਸੀ। ਜੈਕਟ ਦੀ ਖੱਬੀ ਬਾਂਹ ਉੱਤੇ ਥੋੜਾ ਖ਼ੂਨ ਲੱਗਿਆ ਹੋਇਆ ਸੀ। ਜਦੋਂ ਮੈਂ ਮੁੰਡਿਆਂ ਕੋਲੋਂ ਵਿਦਾ ਹੋਣ ਲੱਗਾ ਤਾਂ ਜਸਪਾਲ ਕਹਿੰਦਾ, ''ਭਾਅ ਜੀ, ਮਿਲਿਓ ਜ਼ਰੂਰ।'' ਉਹਦੀ ਆਵਾਜ ਵਿੱਚ ਮੋਹ ਅਤੇ ਤਰਲਾ ਸੀ। ਮੁੰਡਿਆਂ ਨੂੰ ਟੈਂਪੂ ਵਿੱਚ ਬਿਠਾ ਕੇ ਜਦ ਮੈਂ ਵਾਪਸ

ਸੜਕ 'ਤੇ ਆਇਆ ਤਾਂ ਜਲਦੀ ਹੀ ਮੈਨੂੰ ਜਲੰਧਰ ਜਾਣ ਵਾਲੀ ਇਕ ਬੱਸ ਮਿਲ ਗਈ। ਬੱਸ ਵਿੱਚ ਭੀੜ ਸੀ ਤੇ ਮੈਨੂੰ ਖੜ੍ਹੇ ਹੋ ਕੇ ਹੀ ਸਫਰ ਕਰਨਾ ਪਿਆ। ਖੜ੍ਹੇ ਹੋ ਕੇ ਸਫਰ ਕਰਦਿਆਂ ਵੀ ਮੈਨੂੰ ਇਕ ਅਜੀਬ ਜਿਹਾ ਸਕੂਨ ਮਹਿਸੂਸ ਹੋ ਰਿਹਾ ਸੀ। ਮੈਂ ਰੱਬ ਨੂੰ ਲਾਡ ਅਤੇ ਨਿਹੋਰੇ ਨਾਲ ਕਿਹਾ, "ਰੱਬਾ ਪਹਿਲਾਂ ਤਾਂ ਮੇਰੇ ਤੋਂ ਇੰਨਾਂ ਵਧੀਆ ਕੰਮ ਕਰਵਾਇਆ ਤੇ ਹੁਣ ਬੱਸ ਵਿੱਚ ਮੈਨੂੰ ਖੜਾ ਕੀਤਾ ਹੋਇਆ।" ਰੱਬ ਨੇ ਮੇਰੇ ਮਨ ਹੀ ਮਨ ਵਿੱਚ ਕਹੇ ਬੋਲ ਤੁਰੰਤ ਸੁਣ ਲਏ। ਫਗਵਾੜੇ ਪਹੁੰਚ ਕੇ ਕੁਝ ਸਵਾਰੀਆਂ ਉੱਤਰ ਗਈਆਂ ਤੇ ਮੈਨੂੰ ਸੀਟ ਮਿਲ ਗਈ। ਮੈਂ ਬਹੁਤ ਥੱਕ ਚੁੱਕਿਆ ਸੀ, ਇਸ ਲਈ ਬਹੁਤ ਰਾਹਤ ਮਹਿਸੂਸ ਹੋਈ। ਜਦ ਮੈਂ ਆਪਣੀ ਮੰਜ਼ਲ ਯਾਨੀ ਕਿ ਗੁਰਦੁਆਰਾ ਸਤਿ ਕਰਤਾਰ ਸਾਹਿਬ ਪਹੁੰਚਾ ਤਾਂ ਅਰਦਾਸ ਹੋ ਚੁੱਕੀ ਸੀ। ਮੈਂ ਬਾਬਾ ਤਾਰਾ ਸਿੰਘ ਰੰਧਾਵਾ ਜੀ ਨੂੰ ਯਸਰੀ ਘਟਨਾ ਸੁਣਾਈ। ਬਾਬਾ ਜੀ ਨੇ ਕਿਹਾ,'ਤੂੰ ਬਹੁਤ ਚੰਗਾ ਕੀਤਾ, ਤਰੀ ਇੱਥੇ ਹਾਜ਼ਰੀ ਲੱਗ ਗਈ ਹੈ, ਗੁਰੂ ਦੀ ਸਿੱਖਿਆ ਤੇ ਅਮਲ ਗੁਰਦੁਵਾਰੇ ਜਾਣ ਦੇ ਬਰਾਬਰ ਹੀ ਹੁੰਦਾ ਹੈ।

ਪੰਜਾਬ ਤੋਂ ਰੁੜਕੀ ਵਾਪਿਸ ਆ ਕੇ ਮੈਂ ਆਪਣੇ ਕਿੱਤੇ ਦੇ ਕੰਮਾਂ ਤੇ ਪਰਿਵਾਰਕ ਜ਼ੁੰਮੇਵਾਰੀਆਂ ਵਿੱਚ ਰੁੱਝ ਗਿਆ। ਸਿਹਤ ਦੀਆਂ ਸਮੱਸਿਆਵਾਂ ਨਾਲ ਜੂਝਦਾ ਰਹਿੰਦਾ ਸੀ ਤੇ ਪੰਜਾਬ ਦੇ ਹਾਲਾਤ ਵੀ ਠੀਕ ਨਹੀਂ ਸਨ। ਇਹਨਾਂ ਕਾਰਨਾਂ ਕਰਕੇ ਮੇਰੀਆਂ ਪੰਜਾਬ ਫੇਰੀਆਂ ਬਹੁਤ ਹੀ ਘੱਟ ਰਹੀਆਂ। ਜਦੋਂ ਵੀ ਆਇਆ, ਬਹੁਤ ਥੋੜੇ ਸਮੇਂ ਲਈ ਆਇਆ ਤੇ ਹਰ ਵਾਰ ਜਸਪਾਲ ਦੇ ਪਿੰਡ ਜਾਣ ਦਾ ਸਮਾਂ ਨਾ ਕੱਢ ਸਕਿਆ। ਮੈਂ ਉਹਦੇ ਨਾਲ ਕੋਈ ਸੰਪਰਕ ਵੀ ਨਾ ਕਰ ਸਕਿਆ। ਚੌਦਾਂ ਕੁ ਸਾਲ ਬਾਅਦ, ਅਗਸਤ, 2002 ਵਿੱਚ ਮੈਂ ਆਪਣੇ ਮਹਿਕਮੇਂ ਦੇ ਦੋਸਤ ਵੇਦ ਪਾਲ ਸਿੰਘ ਸੈਣੀ ਨਾਲ ਕਾਰ ਦੁਆਰਾ ਪੰਜਾਬ ਆਇਆ। ਐਤਵਾਰ ਵਡਾਲੇ ਗੁਰਦੁਆਰਾ ਸਾਹਿਬ ਮੱਥਾ ਟੇਕ ਕੇ ਅਸੀਂ ਰੁੜਕੀ ਵਾਪਸ ਜਾਣ ਲਈ ਸਫਰ ਅਰੰਭ ਕੀਤਾ। ਫਿਲੌਰ ਕੋਲੋਂ ਲੰਘਦਿਆਂ ਮੈਂ ਅਚਾਨਕ ਕਿਹਾ, "ਸੈਣੀ ਸਾਹਿਬ, 14 ਸਾਲ ਤੋਂ ਇਕ ਇਨਸਾਨ ਨੂੰ ਮਿਲਣ ਦੀ ਇੱਛਾ ਹੈ, ਪਰ ਇਹ ਇੱਛਾ ਪੂਰੀ ਨਹੀਂ ਕਰ ਸਕਿਆ। ਜੇ ਆਗਿਆ ਹੋਵੇ ਤਾਂ ਉਹਨੂੰ ਲੱਭਣ ਦੀ ਕੋਸ਼ਿਸ਼ ਕਰੀਏ, ਉਹਦਾ ਪਿੰਡ ਕੋਈ 16 ਕੁ ਕਿਲੋਮੀਟਰ ਦੂਰ ਹੈ।" ਮੇਰੇ ਦੋਸਤ ਨੇ ਹਾਮੀ ਭਰ ਦਿੱਤੀ ਤੇ ਅਸੀਂ ਪੁੱਛਦੇ ਪੁੱਛਦੇ ਅੱਧੇ ਕੁ ਘੰਟੇ ਵਿੱਚ ਜਸਪਾਲ ਦੇ ਘਰ ਪਹੁੰਚ ਗਏ। ਉਹਦਾ ਘਰ ਪਿੰਡ ਤੋਂ ਪੰਜ ਸੌ ਮੀਟਰ ਪਹਿਲਾਂ ਹੀ ਇਕ ਖੇਤ ਵਿੱਚ ਸੀ। ਘਰ ਦੇ ਬਾਹਰ ਚੌਦਾਂ ਸਾਲਾਂ ਦੇ ਮਾੜਕੂ ਤੇ ਸਹਿਮੇ ਹੋਏ ਮੁੰਡੇ ਦੀ ਥਾਂ ਅਠਾਈ ਸਾਲਾਂ ਦੇ ਭਰਵੇਂ ਜੁੱਸੇ ਵਾਲੇ ਹੌਸਲੇ ਦੇ ਭਰੇ ਆਦਮੀ ਨੂੰ ਦੇਖ ਮੈਂ ਹੈਰਾਨ ਹੋ ਗਿਆ। ਇਹ ਮੈਨੂੰ ਉਹ ਜਸਪਾਲ ਨਹੀਂ ਸੀ ਲੱਗ ਰਿਹਾ ਜਿਹਨੂੰ ਚੌਦਾਂ ਸਾਲ ਪਹਿਲਾਂ ਮੈਂ ਮਿਲਿਆ ਸੀ। ਮੈਨੂੰ ਲੱਗਿਆ ਕਿ ਮੈਂ ਗਲਤ ਘਰ ਆ ਗਿਆ ਹਾਂ। ਫਿਰ ਜਸਪਾਲ ਦੀਆਂ ਗੱਲਾਂ ਸੁਣ ਮੈਨੂੰ ਹੌਲੀ ਹੌਲੀ ਯਕੀਨ ਆ ਗਿਆ ਕਿ ਇਹ ਉਹੋ ਜਸਪਾਲ ਹੀ ਹੈ। ਜਸਪਾਲ ਨੇ ਮੈਨੂੰ ਦੱਸਿਆ ਕਿ ਉਹ ਉਸ ਘਟਨਾ ਤੋਂ ਬਾਅਦ ਪੰਜ ਸਾਲ ਤੱਕ ਮੈਨੂੰ ਉਡੀਕਦਾ ਰਿਹਾ ਤੇ ਫਿਰ ਉਸਦੀ ਆਸ ਖਤਮ ਹੋ ਗਈ ਸੀ। ਉਸਨੇ ਮੈਨੂੰ ਇਹਨਾਂ ਚੌਦਾਂ ਸਾਲਾਂ ਦੀਆਂ ਆਪਣੀ ਜ਼ਿੰਦਗੀ ਦੀਆਂ ਵੱਡੀਆਂ ਘਟਨਾਵਾਂ ਬਾਰੇ ਦੱਸਿਆ ਕਿ ਉਹਦੇ ਪਿਤਾ ਜੀ ਦੀ ਮੌਤ ਹੋ ਗਈ ਸੀ, ਫਿਰ ਉਸਦਾ ਵਿਆਹ ਹੋ ਗਿਆ ਤੇ ਹੁਣ ਉਹ ਦੋ ਪੁੱਤਰਾਂ ਦਾ ਬਾਪ ਹੈ। ਮੇਰੇ ਪਹੁੰਚਣ ਵੇਲੇ ਉਸਦੀ ਮਾਂ, ਜੀਵਨ ਸਾਥਣ ਤੇ ਦੋਵੇਂ ਪੁੱਤ ਘਰ ਹੀ ਸਨ। ਮੈਨੂੰ ਜਸਪਾਲ ਦੇ ਪਿਤਾ ਜੀ ਨੂੰ ਨਾ ਮਿਲ ਸਕਣ ਦਾ ਬਹੁਤ ਦੁੱਖ ਹੋਇਆ। ਅਸੀਂ ਥੋੜਾ ਹੀ ਸਮਾਂ ਜਸਪਾਲ ਦੇ ਘਰ ਰੁਕੇ ਕਿਉਂਕਿ ਰੁੜਕੀ ਤੱਕ ਦਾ ਲੰਮਾ ਸਫਰ ਕਰਨਾ ਸੀ। ਜਸਪਾਲ ਦੇ ਮਾਤਾ ਜੀ ਨੇ ਕਿਹਾ ਕਿ ਦੁਪਹਿਰ ਦੀ ਰੋਟੀ ਖੁਆ ਕੇ ਹੀ ਭੇਜਾਂਗੇ। ਬਹੁਤ ਜਲਦੀ ਵਿੱਚ ਸਾਦਾ ਭੋਜਨ ਤਿਆਰ ਕਰਕੇ ਸਾਨੂੰ ਦੇ ਦਿੱਤਾ। ਕਾਹਲੀ ਵਿੱਚ ਤਿਆਰ ਕੀਤੇ ਉਸ ਭੋਜਨ ਨੂੰ ਖਾਂਦੇ ਹੋਏ ਜੋ ਅਨੰਦ ਮਿਲਿਆ, ਉਹ ਸ਼ਬਦਾਂ ਵਿੱਚ ਬਿਆਨ ਨਹੀਂ ਕੀਤਾ ਜਾ ਸਕਦਾ। ਮੈਨੂੰ ਜਾਪਦਾ ਕਿ ਉਹ ਮੇਰੀ ਜ਼ਿੰਦਗੀ ਦਾ ਸਭ ਤੋਂ ਸਵਾਦਲਾ ਭੋਜਨ ਸੀ। ਜਸਪਾਲ ਕੋਲ ਮੋਬਾਈਲ ਫ਼ੋਨ ਸੀ। ਉਹਦਾ ਫ਼ੋਨ ਨੰਬਰ ਨੋਟ ਕੀਤਾ ਤੇ ਫਿਰ ਮਿਲਣ ਦਾ ਵਾਅਦਾ ਕਰਕੇ ਅਸੀਂ ਰੁੜਕੀ ਲਈ ਆਪਣਾ ਸਫਰ ਅਰੰਭ ਕਰ ਲਿਆ।

ਰੁੜਕੀ ਵਾਪਸ ਆ ਕੇ ਮੈਂ ਫਿਰ ਆਪਣੇ ਕੰਮਾਂ ਕਾਰਾਂ 'ਚ ਰੁੱਝ ਗਿਆ। ਭਾਵੇਂ ਕਿ ਕਦੇ ਕਦੇ ਜਸਪਾਲ ਨੂੰ ਫ਼ੋਨ ਕਰ ਲੈਂਦਾ ਪਰ ਉਹਦੇ ਪਿੰਡ ਪਹੁੰਚਣ ਲਈ ਫਿਰ 13 ਸਾਲ ਲੱਗ ਗਏ। ਉਸ ਤੋਂ ਬਾਅਦ ਦੋ ਵਾਰ ਫਿਰ ਉਸ ਦੇ ਕੋਲ ਪਹੁੰਚਿਆ। ਮੈਂ ਭਾਵੇਂ ਜਸਪਾਲ ਨੂੰ ਸਿਰਫ ਚਾਰ ਵਾਰੀ ਮਿਲਿਆ ਹਾਂ, ਪਰ ਇਹਨਾਂ ਮਿਲਣੀਆਂ ਨੇ ਮੇਰਾ ਜ਼ਿੰਦਗੀ ਪ੍ਰਤੀ ਨਜ਼ਰੀਆ ਹੀ ਬਦਲ ਕੇ ਰੱਖ ਦਿੱਤਾ ਹੈ।

ਜਸਪਾਲ ਨੇ ਮੈਨੂੰ ਦੱਸਿਆ ਕਿ ਉਸ ਬੱਸ ਦੁਰਘਟਨਾ ਵਾਲੇ ਦਿਨ ਤੋਂ ਬਾਅਦ ਉਹਦੀ ਜ਼ਿੰਦਗੀ ਬਦਲ ਗਈ। ਸੜਕ ਉੱਪਰ ਜਾਂਦਿਆਂ ਹੋਇਆਂ ਉਹਨੂੰ ਜੋ ਵੀ ਐਕਸੀਡੈਂਟ ਨਾਲ ਜਖਮੀ ਹੋਇਆ ਇਨਸਾਨ ਦਿਸਦਾ, ਉਹ ਆਪਣਾ ਕੰਮ ਭੁੱਲ ਕੇ ਜਖਮੀ ਨੂੰ ਸਾਂਭਣ ਲੱਗ ਜਾਂਦਾ। ਇਹ ਉਹ ਸਮਾਂ ਸੀ ਜਦੋਂ ਸੜਕ ਦੁਰਘਟਨਾ ਵਿੱਚ ਜਖਮੀ ਹੋਇਆਂ ਨੂੰ ਰਾਹਗੀਰ ਚਾਹੁੰਦੇ ਹੋਏ ਵੀ ਹੱਥ ਨਹੀਂ ਸਨ ਲਾਉਂਦੇ, ਪੁਲਸ ਦੇ ਪ੍ਰੇਸ਼ਾਨ ਕਰਨ ਦੇ ਡਰ ਤੋਂ। ਪਰ ਜਸਪਾਲ ਕਹਿੰਦਾ ਕਿ ਉਹ ਬਾਅਦ ਵਿੱਚ ਹੋਣ ਵਾਲੀ ਖੱਜਲ ਖੁਆਰੀ ਤੋਂ ਬਿਲਕੁਲ ਨਹੀਂ ਸੀ ਡਰਦਾ। ਉਹਨੇ ਦੱਸਿਆ ਕਿ ਇਕ ਵਾਰੀ ਇਕ ਬੇਹੋਸ਼ ਆਦਮੀ ਨੂੰ ਉਹਨੇ ਹਸਪਤਾਲ ਪਹੁੰਚਾਇਆ ਤੇ ਉਸ ਆਦਮੀ ਨੂੰ ਤੀਸਰੇ ਦਿਨ ਹੋਸ਼ ਆਈ। ਉਹਨੇ ਮੈਨੂੰ ਕਈ ਦੁਰਘਟਨਾਵਾਂ ਦੇ ਜਖਮੀਆਂ ਨੂੰ ਸਾਂਭਣ ਬਾਰੇ ਜਾਣਕਾਰੀ ਦਿੱਤੀ। ਮੈਂ ਉਹਨੂੰ ਪੁੱਛਿਆ ਕਿ ਕਿੰਨੀਆਂ ਕੁ ਸੜਕ ਦੁਰਘਟਨਾਵਾਂ ਵਿੱਚ ਉਹ

ਮਦਦ ਕਰ ਚੁੱਕਾ ਹੈ? ਜਸਪਾਲ ਨੇ ਕਿਹਾ ਕਿ ਉਹਨੂੰ ਯਾਦ ਨਹੀਂ। ਜਦ ਮੈਂ ਅੰਦਾਜ਼ਾ ਲਾਉਣ ਲਈ ਕਿਹਾ ਤਾਂ ਉਸ ਕਿਹਾ ਕਿ ਇਹ ਗਿਣਤੀ 25 ਕੁ ਦੇ ਨੇੜੇ ਤੇੜੇ ਹੋਵੇਗੀ। ਜਸਪਾਲ ਪੜ੍ਹਿਆ ਲਿਖਿਆ ਨਹੀਂ ਹੈ। ਘਰ ਦੀ ਗਰੀਬੀ ਅਤੇ ਮਜਬੂਰੀਆਂ ਕਰਕੇ ਉਹ ਸਕੂਲ ਸਿਰਫ ਤਿੰਨ ਸਾਲ ਹੀ ਜਾ ਸਕਿਆ। ਜਸਪਾਲ ਨੇ ਮੈਨੂੰ ਦੱਸਿਆ ਕਿ ਜਦੋਂ ਵੀ ਉਹਨੂੰ ਟੈਲੀਵੀਜ਼ਨ ਤੋਂ ਪਤਾ ਲਗਦਾ ਹੈ ਕਿ ਸ਼ਹਿਰ ਦੇ ਕਿਸੇ ਹਸਪਤਾਲ ਵਿੱਚ ਉਸਦੇ ਬਲੱਡ ਗਰੁੱਪ ਵਾਲੇ ਕਿਸੇ ਮਰੀਜ਼ ਦੀ ਖ਼ੂਨ ਦੀ ਕਮੀ ਕਰਕੇ ਜਾਨ ਖ਼ਤਰੇ ਵਿੱਚ ਹੈ ਤਾਂ ਉਹ ਬੱਸ ਰਾਹੀਂ ਤੁਰੰਤ ਉੱਥੇ ਪਹੁੰਚ ਕੇ ਖ਼ੂਨ ਦਾਨ ਕਰਦਾ ਹੈ। ਉਹ ਮਰੀਜ਼ ਦੇ ਰਿਸ਼ਤੇਦਾਰਾਂ ਤੋਂ ਕੁਝ ਨਹੀਂ ਲੈਂਦਾ, ਬੱਸ ਦਾ ਕਿਰਾਇਆ ਵੀ ਨਹੀਂ। ਮੈਂ ਉਹਨੂੰ ਪੁੱਛਿਆ ਕਿ ਉਹ ਕਿੰਨੀ ਕੁ ਵਾਰੀ ਇਸ ਤਰਾਂ ਖ਼ੂਨ ਦਾਨ ਕਰ ਚੁੱਕਾ ਹੈ ? ਜਸਪਾਲ ਦਾ ਜੁਆਬ ਸੀ ਕਿ ਉਹਨੇ ਕਦੇ ਵੀ ਗਿਣਤੀ ਯਾਦ ਰੱਖਣ ਦੀ ਕੋਸ਼ਿਸ਼ ਨਹੀਂ ਕੀਤੀ। ਉਹਦੇ ਅੰਦਾਜ਼ੇ ਮੁਤਾਬਕ ਉਹਨੇ 100 ਤੋਂ ਵੱਧ ਵਾਰ ਖ਼ੂਨ ਦਾਨ ਕੀਤਾ ਹੋਵੇਗਾ। ਜਸਪਾਲ ਨੇ ਮੈਨੂੰ ਇਹ ਵੀ ਦੱਸਿਆ ਕਿ ਉਹ ਕਿਸੇ ਨੂੰ ਵੀ ਇਹਦੇ ਬਾਰੇ ਨਹੀਂ ਦੱਸਦਾ। ਇੱਥੋਂ ਤੱਕ ਕਿ ਉਹ ਘਰ ਆ ਕੇ ਆਪਣੇ ਪਰਿਵਾਰ ਦੇ ਜੀਆਂ ਨੂੰ ਵੀ ਇਹ ਜਾਣਕਾਰੀ ਨਹੀਂ ਦਿੰਦਾ। ਇਨਸਾਨਾਂ ਦੀ ਹੀ ਨਹੀਂ, ਜਸਪਾਲ ਦੂਜੇ ਜੀਵਾਂ ਦੀ ਵੀ ਔਖੀ ਘੜੀ ਵਿੱਚ ਮਦਦ ਕਰਦਾ ਹੈ। ਪਿਛਲੀ ਮੁਲਾਕਾਤ ਵਿੱਚ ਉਸਨੇ ਦੱਸਿਆ ਕਿ ਇਕ ਦਿਨ ਉਹ ਇਕ ਘਰ ਕੋਲੋਂ ਲੰਘ ਰਿਹਾ ਸੀ। ਉਹਨੇ ਦੇਖਿਆ ਕਿ ਘਰ ਨੂੰ ਅੱਗ ਲੱਗੀ ਸੀ ਤੇ ਘਰ ਦੇ ਸਾਰੇ ਜੀਅ ਦੌੜ ਕੇ ਬਾਹਰ ਆ ਗਏ ਸਨ। ਪਸ਼ੂ ਸਾਰੇ ਅੰਦਰ ਸਨ ਪਰ ਅੱਗ ਤੇਜ਼ ਹੋ ਜਾਣ ਕਾਰਨ ਕਿਸੇ ਦਾ ਵੀ ਪਸ਼ੂਆਂ ਨੂੰ ਕੱਢਣ ਲਈ ਅੰਦਰ ਜਾਣ ਦਾ ਹੌਸਲਾ ਨਹੀਂ ਸੀ ਪੈ ਰਿਹਾ। ਜਸਪਾਲ ਨੇ ਜਲਦੀ ਨਾਲ ਗਿੱਲਾ ਕੱਪੜਾ ਸਰੀਰ 'ਤੇ ਲਪੇਟ ਕੇ ਤੇ ਇਕ ਗਿੱਲਾ ਕੱਪੜਾ ਮੂੰਹ ਵਿੱਚ ਪਾ ਕੇ ਕੰਧ ਟੱਪ ਕੇ ਅੰਦਰ ਛਾਲ ਮਾਰ ਦਿੱਤੀ। ਭਾਵੇਂ ਕਿ ਉਹਦਾ ਸਰੀਰ ਕੁਝ ਸੜ ਗਿਆ ਤੇ ਅੱਗ ਵਿੱਚ ਉਹਦੇ ਸੱਟ ਵੀ ਲੱਗੀ, ਪਰ ਉਹ ਸਾਰੇ ਪਸ਼ੂਆਂ ਨੂੰ ਅੱਗ ਤੋਂ ਬਾਹਰ ਕੱਢਣ ਵਿੱਚ ਸਫਲ ਹੋ ਗਿਆ। ਇਕ ਵਾਰ ਮੈਂ ਜਸਪਾਲ ਨੂੰ ਕਿਹਾ, "ਜਸਪਾਲ ਜੀ, ਤੁਸੀਂ ਮਨੁੱਖਤਾ ਦੀ ਮਹਾਨ ਸੇਵਾ ਕਰ ਰਹੇ ਹੋ। ਮੈਂ ਆਪਣੇ ਆਪ ਨੂੰ ਭਾਗਾਂ ਵਾਲਾ ਸਮਝਦਾ ਹਾਂ ਕਿ ਮੈਨੂੰ ਤੁਹਾਡੇ ਨੇੜੇ ਹੋਣ ਦਾ ਮੌਕਾ ਮਿਲਿਆ।" ਜਸਪਾਲ ਦਾ ਜੁਆਬ ਸੀ, "ਭਾਅ ਜੀ, ਤੁਸੀਂ ਹੀ ਮੈਨੂੰ ਇਸ ਰਸਤੇ 'ਤੇ ਤੋਰਿਆ ਸੀ।" ਮੈਂ ਕਿਹਾ, "ਮੇਰੇ ਕੋਲੋਂ ਤਾਂ ਉਸ ਦਿਨ ਪਰਮਾਤਮਾ ਨੇ ਤੁਹਾਡੀ ਥੋੜੀ ਜਿਹੀ ਹੀ ਮਦਦ ਕਰਵਾਈ ਸੀ, ਪਰ ਤੁਸੀਂ ਤਾਂ ਆਪਣਾ ਸਾਰਾ ਜੀਵਨ ਹੀ ਸੇਵਾ ਲੇਖੇ ਲਗਾ ਦਿੱਤਾ। ਇਹ ਤੁਹਾਡੀ ਮਹਾਨਤਾ ਹੈ ਕਿ ਤੁਸੀਂ ਮੈਨੂੰ ਏਨਾ ਮਾਣ ਦੇ ਰਹੇ ਹੋ।"

ਜਦੋਂ ਅਸੀਂ ਕਿਸੇ ਮੁਸੀਬਤ ਵਿੱਚ ਘਿਰੇ ਹੋਏ ਇਨਸਾਨ ਦੀ ਨਿਰ-ਸਵਾਰਥ ਮਦਦ ਕਰਦੇ ਹਾਂ ਤਾਂ ਉਸ ਸਮੇਂ ਅਸੀਂ ਉਸ ਇਨਸਾਨ ਵਿੱਚ ਸੇਵਾ ਦਾ ਬੀਜ ਪਾ ਰਹੇ ਹੁੰਦੇ ਹਾਂ। ਇਹ ਬੀਜ ਕੁਝ ਸਮੇਂ ਬਾਅਦ ਵੱਡਾ ਦਰੱਖਤ ਬਣਦਾ ਹੈ ਜੋ ਕਿ ਅਨੇਕਾਂ ਜੀਵਾਂ ਨੂੰ ਸੁਖ ਦਿੰਦਾ ਹੈ।

ਜਦੋਂ ਵੀ ਮੈਨੂੰ ਜਸਪਾਲ ਸਿੰਘ ਦੀ ਯਾਦ ਆਉਂਦੀ ਹੈ, ਮੈਂ ਪਰਮਾਤਮਾ ਦਾ ਧੰਨਵਾਦ ਕਰਦਾ ਹਾਂ। ਜਸਪਾਲ ਸਿੰਘ ਮੈਨੂੰ ਰੱਬ ਦਾ ਭੇਜਿਆ ਹੋਇਆ ਕੋਈ ਫ਼ਰਿਸ਼ਤਾ ਜਾਪਦਾ ਹੈ। ਜਦੋਂ ਮੈਂ ਉਹਨੂੰ 1988 ਵਿੱਚ ਪਹਿਲੀ ਵਾਰ ਇਕ ਮਾੜਕੂ ਤੇ ਡਰੇ ਹੋਏ ਚੌਦਾਂ ਸਾਲ ਦੇ ਮੁੰਡੇ ਦੇ ਰੂਪ ਵਿੱਚ ਦੇਖਿਆ ਸੀ ਤਾਂ ਮੈਂ ਸੋਚ ਵੀ ਨਹੀਂ ਸੀ ਸਕਦਾ ਕਿ ਸਮਾਂ ਪਾ ਕੇ ਇਹ ਮੁੰਡਾ ਮੇਰੇ ਲਈ ਇਕ ਬਹੁਤ ਹੀ ਸਤਿਕਾਰਤ ਮਹਾਂਪੁਰਖ ਬਣ ਜਾਵੇਗਾ।

**98370-35099**

## ਕਵਿਤਾ / ਡਾ. ਲਖਵਿੰਦਰ ਕੌਰ

ਉੱਠ ਬਦਲ ਆਪਣੇ ਹਾਲਾਤਾਂ ਨੂੰ ,
ਨਾ ਦਫਨ ਕਰ ਆਪਣੇ ਜਜ਼ਬਾਤਾਂ ਨੂੰ
ਕਰ ਪੂਰੇ ਸੁਪਨੇ ਆਪਣੇ
ਦੇ ਨਵੀਂ ਦਿਸ਼ਾ
ਆਪਣੀਆਂ ਪ੍ਰਭਾਤਾਂ ਨੂੰ

ਸੂਰਜ ਦੀ ਪਹਿਲੀ ਕਿਰਨ
ਵਰਗੀ ਉਮੰਗ ਤੇਰੀ
ਜਾਰੀ ਰਹਿਣੀ ਚਾਹੀਦੀ ਏ ਜੰਗ ਤੇਰੀ
ਜੇ ਨਿਭਾ ਸਕਦਾ ਹੈ ਹਰ ਰਿਸ਼ਤਾ ,
ਫਿਰ ਕਿਉਂ ਨਹੀਂ
ਬਦਲ ਸਕਦਾ ਖਿਆਲਾਤਾਂ ਨੂੰ

ਮਘਦੇ ਚੰਗਿਆੜਿਆਂ ਨੂੰ ਦੇ ਰੌਸ਼ਨੀ,
ਵਧ ਅੱਗੇ ਹੋਰ ਨਾ ਵੇਖ ਪਿੱਛੇ ,
ਕਰ ਕੋਸ਼ਿਸ਼ ਬਦਲ ਜਾਣਗੇ ਮੌਸਮ,
ਭਰ ਝੋਲੀ ਕੁਦਰਤ ਦੀਆਂ ਸੌਗਾਤਾਂ ਨੂੰ।

ਸਮਾਂ ਹੋਵੇਗਾ ਤੇਰੀ ਮੁੱਠੀ ਵਿੱਚ
ਕਰ ਉੱਚੀ ਸੋਚ ਆਪਣੀ,
ਤੈਨੂੰ ਹੀ ਕਰਨਾ ਪੈਣਾ, ਜੇ ਪਾਉਣਾ ਚਾਹੁੰਦਾ,
ਉਸ ਦਾਤੇ ਦੀਆਂ ਦਾਤਾਂ ਨੂੰ ।
ਉੱਠ ਬਦਲ ਆਪਣੇ ਹਾਲਾਤਾਂ ਨੂੰ ,
ਨਾਂ ਦਫਨ ਕਰ ਆਪਣੇ ਜਜ਼ਬਾਤਾਂ ਨੂੰ ।

## ਹਿੰਦੀ ਕਹਾਣੀ ਅਹਮ ਦੀ ਜਿੱਤ / ਡਾ. ਹੰਸਾ ਦੀਪ / ਪੰਜਾਬੀ ਅਨੁਵਾਦ : ਡਾ ਅਮਰਜੀਤ ਕੌਂਕੇ



ਘਰ ਵਿੱਚ ਹਰ ਤਰ੍ਹਾਂ ਦਾ ਐਸ਼ੋ ਆਰਾਮ ਸੀ, ਛੋਟਾ ਜਿਹਾ ਪਰਿਵਾਰ, ਸੁਖੀ ਪਰਿਵਾਰ। ਸੁਖ ਦੇ ਇਨ੍ਹਾਂ ਦੋ ਅੱਖਰਾਂ ਵਿੱਚ ਬਹੁਤ ਕੁੱਝ ਛੁਪਿਆ ਸੀ। ਉਹ ਸਭ ਕੁੱਝ ਜੋ ਕਦੇ ਕਿਸੇ ਨੂੰ ਸੰਤੁਸ਼ਟ ਨਹੀਂ ਕਰ ਸਕਦਾ। ਇੰਨਾ ਲਾਲਚੀ ਹੈ ਇਹ ਸ਼ਬਦ ਕਿ ਬਸ ਮੂੰਹ ਅੱਡੀ ਖੜ੍ਹਾ ਰਹਿੰਦਾ ਹੈ ਸਾਹਮਣੇ, ਹੋਰ, ਹੋਰ ਦੀ ਰੱਟ ਲਈ। ਆਦਮੀ ਵਿਚਾਰਾ ਲੱਗਿਆ ਰਹਿੰਦਾ ਹੈ ਇਸ 'ਹੋਰ' ਦੇ ਹਰ 'ਹੋਰ' ਨੂੰ ਪੂਰਾ ਕਰਨ ਵਿੱਚ। 'ਹੋਰ' ਦੀ ਕੋਈ ਸੀਮਾ ਨਹੀਂ ਹੁੰਦੀ ਬਸ ਇੱਕ ਦੇ ਬਾਅਦ ਇੱਕ ਆਉਂਦੇ ਹੀ ਰਹਿੰਦੇ ਹਨ, ਜਿਵੇਂ ਇੱਕ ਦੂਜੇ ਦੀ ਨਕਲ ਕਰ ਰਹੇ ਹੋਣ। ਇਹ ਨਿਰੰਤਰ ਸਿਲਸਿਲਾ ਕਦੇ ਰੁਕਦਾ ਨਹੀਂ।

ਸੁਖੀ ਪਰਿਵਾਰ ਦਿਸ ਸਕਦਾ ਹੈ, ਪਰ ਸੁਖੀ ਹੈ ਜਾਂ ਨਹੀਂ, ਇਸ ਉੱਤੇ ਇੱਕ ਪ੍ਰਸ਼ਨ ਚਿੰਨ੍ਹ ਹਮੇਸ਼ਾ ਲੱਗਿਆ ਰਹਿੰਦਾ ਹੈ। ਉਸ ਪਰਵਾਰ ਵਿੱਚ ਵੀ ਇਹੀ ਹੋ ਰਿਹਾ ਸੀ। ਪਤੀ, ਪਤਨੀ ਅਤੇ ਉਹ ਤਿੰਨ ਪ੍ਰਾਣੀ ਸਨ। ਇੱਕ ਮਾਂ, ਇੱਕ ਧੀ ਅਤੇ ਇੱਕ ਜੁਆਈ। ਜੁਆਈ ਲਈ ਆਪਣੀ ਸੱਸ 'ਉਹ' ਸੀ, ਅਤੇ ਸੱਸ ਲਈ ਜੁਆਈ 'ਉਹ' ਸੀ। ਧੀ ਰੇਨੇ ਉਨ੍ਹਾਂ ਦੋਨਾਂ ਦੀ 'ਉਹ' ਦੇ ਚੱਕਰ ਵਿੱਚ ਕਦੇ ਏਧਰ ਤਾਂ ਕਦੇ ਉੱਧਰ ਸ਼ਟਲ ਕਾਕ ਬਣੀ ਰਹਿੰਦੀ।

ਕਹਿਣ-ਕਰਨ ਨੂੰ ਤਾਂ ਬਹੁਤ ਕੁੱਝ ਸੀ ਘਰ ਵਿੱਚ , ਪਰ ਜੋ ਨਹੀਂ ਸੀ, ਉਹ ਬਸ ਨਹੀਂ ਸੀ। ਅਜਿਹਾ ਹੀ ਕੁੱਝ ਸੀ ਰੁਬਿਨ, ਰੇਨੇ ਅਤੇ ਮਾਰਸ਼ਲੀਨ ਦੇ ਵਿੱਚ।ਤਿੰਨੋ ਵੱਖੋ ਵੱਖ ਸ਼ਖਸੀਅਤ ਦੇ ਧਨੀ। ਇਕੱਠੇ ਇੱਕ ਘਰ ਵਿੱਚ ਵੱਜਦੇ ਰਹਿੰਦੇ ਇੱਕ ਦੂਜੇ ਨਾਲ। ਮਾਰਸ਼ਲੀਨ ਦੀ ਧੀ ਰੇਨੇ ਅਤੇ ਜੁਆਈ ਰੁਬਿਨ। ਤਿੰਨ ਖਾਣ ਵਾਲੇ ਅਤੇ ਤਿੰਨ ਕਮਾਣ ਵਾਲੇ। ਪੈਸਾ ਤਿੰਨਾਂ ਵੱਲੋਂ ਆਉਂਦਾ ਤਾਂ ਖੁਸ਼ੀਆਂ ਵੀ ਤਿੰਨਾਂ ਵੱਲੋਂ ਆ ਸਕਦੀਆਂ ਸਨ। ਪਰ ਤਿੰਨਾਂ ਵਲੋਂ ਆਉਂਦੀ ਸੀ ਚਿੜਚਿੜਾਹਟ, ਇੱਕ-ਦੂਜੇ ਦੀ ਨੁਕਤਾਚੀਨੀ। ਰਾਈ ਵਰਗੀ ਛੋਟੀ-ਛੋਟੀ ਗੱਲਾਂ ਵੇਖਦੇ ਹੀ ਵੇਖਦੇ ਪਹਾੜ ਵਿੱਚ ਬਦਲ ਜਾਂਦੀ ਅਤੇ ਉੱਤੋਂ ਟਕਰਾਉਂਦਾ ਰਹਿੰਦਾ ਤਿੰਨਾਂ ਦਾ ਅਹਮ। ਤਿੰਨ ਮਜਬੂਤ ਸਖਸ਼ੀਅਤਾਂ ਦੀ ਟਕਰਾਹਟ ਵਿੱਚ ਘਰ ਦੀ ਚਾਰਦੀਵਾਰੀ ਵਿਚਲੀ ਸ਼ਾਂਤੀ ਟੁਕੜੇ ਟੁਕੜੇ ਹੋ ਜਾਂਦੀ।

ਕੌਣ ਕਿਸ ਵੇਲੇ, ਕੀ ਕਰਦਾ, ਉਹ ਜਿਆਦਾ ਮਹੱਤਵ ਨਹੀਂ ਰੱਖਦਾ ਸੀ। ਮਹੱਤਵ ਤਾਂ ਇਹ ਰੱਖਦਾ ਸੀ ਇਹ ਕਿ ਕੌਣ ਕਿੰਨਾ 'ਹੋਰ ' ਕਰਦਾ ਹੈ. ਜੁਆਈ ਰੁਬਿਨ ਨੂੰ ਉਸਦੀ ਸੱਸ 'ਪੈਕੇਜ ਡੀਲ' ਵਿੱਚ ਮਿਲੀ ਸੀ। ਜਿੱਥੇ ਇੱਕ ਦੇ ਨਾਲ ਦੂਜਾ ਮੁਫਤ ਵਿੱਚ ਮਿਲਣਾ ਤੈਅ ਸੀ। ਲੈਣਾ ਚਾਹੇ , ਜਾਂ ਨਹੀਂ ਚਾਹੇ, ਲੈਣ ਵਾਲੇ ਦੇ ਕੋਲ ਚੋਣ ਦਾ ਕੋਈ ਅਧਿਕਾਰ ਸੀ ਹੀ ਨਹੀਂ। ਵਿਆਹ ਦੀ ਪਹਿਲੀ ਅਤੇ ਆਖਰੀ ਸ਼ਰਤ ਇਹੀ ਸੀ ਕਿਉਂਕਿ ਇਕੱਲੀ ਧੀ ਰੇਨੇ ਦੇ ਇਲਾਵਾ ਮਾਰਸ਼ਲੀਨ ਦਾ ਇਸ ਦੁਨੀਆਂ ਵਿੱਚ ਕੋਈ ਨਹੀਂ ਸੀ।

ਉਸ ਸਮੇਂ ਤਾਂ ਪਿਆਰ ਦਾ ਜ਼ਰੂਰ ਹੀ ਕੁੱਝ ਐਸਾ ਸੀ ਕਿ ਸਭ ਕੁੱਝ ਮਨਜ਼ੂਰ ਸੀ ਰੁਬਿਨ ਨੂੰ, ਅਕਾਸ਼ ਦੇ ਤਾਰੇ ਤੋੜਨਾ ਵੀ। ਫਿਰ ਇਹ ਤਾਂ ਇੱਕ ਬਹੁਤ ਹੀ ਛੋਟੀ ਸੀ ਗੱਲ ਸੀ ਉਨ੍ਹਾਂ ਪਲਾਂ ਵਿੱਚ। ਬਹੁਤ ਅੱਛਾ ਲਗਾ ਸੀ ਕਿ ਘਰ ਵਿੱਚ ਕੋਈ ਹੋਵੇਗਾ ਜੋ ਹਰਦਮ ਘਰ ਦਾ, ਰੇਨੇ ਦਾ ਧਿਆਨ ਰੱਖੇਗਾ। ਸ਼ੁਰੁਆਤੀ ਦਿਨਾਂ ਦੇ ਬਾਅਦ, ਕਿਤੇ ਨਾ ਕਿਤੇ ਰੇਨੇ ਅਤੇ ਮਾਰਸ਼ਲੀਨ ਦੀ ਜੁਗਲਬੰਦੀ ਰੁਬਿਨ ਨੂੰ ਚੁਭਣ ਲੱਗੀ ਸੀ। ਉਸਨੂੰ ਲੱਗਦਾ ਸੀ ਕਿ ਉਹ ਪਿਸ ਕੇ ਰਹਿ ਗਿਆ ਹੈ ਇਨ੍ਹਾਂ ਦੋਨਾਂ ਪਾਟਾਂ ਦੇ ਵਿੱਚ। ਮਾਰਸ਼ਲੀਨ ਮਨਵਾ ਹੀ ਲੈਂਦੀ ਸੀ ਆਪਣਾ ਕਿਹਾ। ਵੱਡੀ ਹੋਣ ਦਾ ਵਡੱਪਣ ਛੋਟਿਆਂ ਦੇ ਮੂਹਰੇ ਆ ਜਾਂਦਾ। ਰੇਨੇ ਨੂੰ ਮਾਂ ਦੀ ਗੱਲ ਮੰਨਣ ਦੀ ਆਦਤ ਕਈ ਸਾਲਾਂ ਤੋਂ ਸੀ। ਕੁੱਝ ਨਵਾਂ ਨਹੀਂ ਸੀ ਉਸਦੇ ਲਈ। ਮੁਸ਼ਕਿਲ ਤਾਂ ਰੁਬਿਨ ਲਈ ਸੀ ਉਹ ਤਾਂ ਇਸ ਪਰੰਪਰਾ ਵਿੱਚ ਹੁਣੇ-ਹੁਣੇ ਸ਼ਾਮਿਲ ਹੋਇਆ ਸੀ। ਉਸਦੇ ਲਈ ਹਾਂ ਵਿੱਚ ਹਾਂ ਮਿਲਾਣਾ ਜ਼ਰੂਰੀ -ਜਿਹਾ ਸੀ।

'ਹਾਂ ਜੀ', ਅਤੇ 'ਜੀ ਹਾਂ' ਵਿੱਚ ਸਿਰ ਹਿਲਾਉਣਾ ਕੁੱਝ ਦਿਨਾਂ ਤੱਕ ਤਾਂ ਠੀਕ ਲੱਗਿਆ ਸੀ, ਹੌਲੀ-ਹੌਲੀ ਸਿਰ ਨੂੰ ਹਿਲਣ ਵਿੱਚ ਸਮਾਂ ਲੱਗਣ ਲੱਗਿਆ। ਕਈ ਵਾਰ ਤਾਂ ਹਿੱਲਦਾ ਵੀ ਨਹੀਂ। ਮਾਂ ਦੀ ਨਹੀਂ ਸੁਣੀ ਤਾਂ ਧੀ ਆ ਕੇ ਦਬਾਅ ਬਣਾਉਂਦੀ, ਉਦੋਂ ਬਹੁਤ ਕਮਜ਼ੋਰ-ਜਿਹਾ ਮਹਿਸੂਸ ਕਰਦਾ ਰੁਬਿਨ। ਅਜਿਹਾ ਲੱਗਦਾ ਸੀ ਕਿ ਜਿਵੇਂ ਉਹਨੂੰ ਇੱਕ ਘੋੜਾ ਬਣਾ ਦਿੱਤਾ ਗਿਆ ਹੋਵੇ ਜਿਸਦੀ ਲਗਾਮ ਮਾਂ-ਧੀ ਖਿੱਚਦੀਆਂ ਰਹਿੰਦੀਆਂ ਸਨ, ਸਮੇਂ ਸਮੇਂ ਤੇ। ਹਿਣਹਿਣਾਉਂਦਾ ਘੋੜਾ ਹੌਲੀ-ਹੌਲੀ ਬਗਾਵਤ ਕਰਨ ਲੱਗਿਆ। ਖੇਲ ਸ਼ੁਰੂ ਤਾਂ ਹੋ ਚੁੱਕਿਆ ਸੀ ਪਰ ਉਦੋਂ ਵਿਗੜਨ ਲੱਗਿਆ ਜਦੋਂ ਇੱਕ ਦਿਨ ਕੁੱਝ ਪਸੰਦ ਦਾ ਬਣਿਆ ਕਿਚਨ ਵਿੱਚ ਅਤੇ ਉਹ ਖਾਣਾ ਚਾਹੁੰਦਾ ਸੀ। ਪਰ ਉਸਨੂੰ ਕੜਕਦੀ ਆਵਾਜ਼ ਨਾਲ ਰੋਕ ਦਿੱਤਾ ਗਿਆ "ਬਸ ਕਰੋ, ਆਪਣੇ ਵੱਲ ਵੇਖੋ।"



ਉਸਨੇ ਆਪਣੇ ਵੱਲ ਵੇਖਿਆ ਯਾਨੀ ਉਸਦੇ 'ਖਾਂਦੇ-ਪੀਂਦੇ ਘਰ' ਵਾਲੀ ਸਿਹਤ ਦਾ ਮਜ਼ਾਕ ਸੀ। ਚੁਭਿਆ ਤਾਂ ਸਹੀ ਉਸਨੂੰ ਪਰ ਉਸਨੇ ਰੇਨੇ ਵੱਲ ਇਸ ਤਰ੍ਹਾਂ ਵੇਖਿਆ ਜਿਵੇਂ ਕਹਿ ਰਿਹਾ ਹੋਵੇ ਕਿ "ਘੱਟ ਤੋਂ ਘੱਟ ਮੇਰੀ ਖਾਣ ਪੀਣ ਦੀ ਆਜ਼ਾਦੀ ਤਾਂ ਨਹੀਂ ਖੋਹੀ ਜਾਵੇ। "

ਰੇਨੇ ਬੋਲੀ ਤਾਂ ਸਹੀ ਪਰ ਉਸਦੀ ਸੋਚ ਤੋਂ ਇਕ ਦਮ ਉਲਟ "ਹਾਂ ਬਿਲਕੁੱਲ, ਕਿੰਨਾ ਵੀ ਅੱਛਾ ਬਣਿਆ ਹੋਵੇ ਖਾਣਾ ਪਰ ਆਦਮੀ ਨੂੰ ਆਪਣਾ ਢਿੱਡ ਤਾਂ ਵੇਖਣਾ ਚਾਹੀਦਾ ਹੈ।"

"ਪਰ ਮੈਂ ਇੰਨਾ ਮੋਟਾ ਨਹੀਂ ਕਿ ਮੇਰਾ ਖਾਣਾ ਬੰਦ ਕਰ ਦਿੱਤਾ ਜਾਵੇ।"

"ਕਿੱਦਾਂ ਦੀ ਗੱਲ ਕਰਦੇ ਹੋ ਰੁਬਿਨ , ਬੰਦ ਕੌਣ ਕਰ ਰਿਹਾ ਹੈ ਤੁਹਾਡਾ ਖਾਣਾ, ਪਰ ਵੇਖ ਕੇ ਖਾਓ, ਹੁਣੇ ਤੋਂ ਨਹੀਂ ਧਿਆਨ ਦਵੋਗੇ ਤਾਂ ਮੋਟੇ ਹੋ ਜਾਓਗੇ।"

ਉਸਨੂੰ ਚੰਗਾ ਨਹੀਂ ਲੱਗਿਆ ਇਸ ਤਰਾਂ ਖਾਣ ਤੇ ਟੋਕ ਦੇਣਾ। ਹੋਰ ਕਿਤੇ ਟੋਕਿਆ ਜਾਣਾ ਤਾਂ ਉਹ ਜਿਵੇਂ-ਤਿਵੇਂ ਸਹੀ ਜਾ ਰਿਹਾ ਸੀ ਪਰ ਖਾਣ ਉੱਤੇ ਇਸ ਤਰ੍ਹਾਂ ਰੋਕ ਦੇਣਾ ਉਸਨੂੰ ਆਪਣੀ ਬੇਇੱਜ਼ਤੀ ਲੱਗਿਆ। ਆਪਣੇ ਘਰ ਵਿੱਚ, ਆਪਣੇ ਖਾਣੇ ਦੀ ਮੇਜ ਉੱਤੇ, ਖਾਣੇ ਤੇ ਹੀ ਰੋਕ ਸੀ। ਜਿਸ ਘਰ ਵਿੱਚ ਇਨਸਾਨ ਮਨਪਸੰਦ ਖਾਣਾ ਹੀ ਨਾ ਖਾ ਸਕੇ ਉਹ ਘਰ ਭਲਾ ਕਾਹਦਾ ਘਰ ਹੋਇਆ। ਆਪਣੇ ਜੀਵਨ ਵਿੱਚ ਜੇਕਰ ਕੁੱਝ ਅੱਛਾ ਚਾਹੁੰਦਾ ਸੀ ਤਾਂ ਉਹ ਸੀ ਸਵਾਦੀ ਖਾਣਾ। ਫਿਰ ਭਾਵੇਂ ਉਸਤੋਂ ਕਿੰਨਾ ਹੀ ਕੰਮ ਕਿਉਂ ਨਹੀਂ ਕਰਵਾ ਲਿਆ ਜਾਵੇ।

ਹਾਲਾਂਕਿ ਉਸ ਸਮੇਂ ਤਾਂ ਬਿਨਾਂ ਖਾਧੇ, ਬਿਨਾਂ ਕੁੱਝ ਕਹੇ ਉਠ ਗਿਆ ਸੀ ਉਹ। ਮਾਰਸ਼ਲੀਨ ਅਤੇ ਰੇਨੇ ਦੋਨਾਂ ਨੂੰ ਅਹਿਸਾਸ ਤਾਂ ਹੋ ਗਿਆ ਸੀ ਕਿ ਇਸ ਤਰ੍ਹਾਂ ਰੁਬਿਨ ਦਾ ਉੱਠਣਾ ਸਾਧਾਰਣ ਉੱਠਣਾ ਨਹੀਂ ਹੈ। ਇਸ ਵਿੱਚ ਗੁੱਸਾ ਹੈ , ਗੁੱਸੇ ਦੇ ਨਾਲ ਹੋਰ ਵੀ ਬਹੁਤ ਕੁੱਝ ਹੈ। ਮਾਰਸ਼ਲੀਨ ਨੂੰ ਰੇਨੇ ਦਾ ਸਪੋਰਟ ਮਿਲਿਆ ਸੀ, ਉਹ ਖੁਸ਼ ਸੀ ਕਿ ਧੀ ਸਮਝਦੀ ਹੈ ਉਸਦੀ ਗੱਲ ਨੂੰ। ਰੇਨੇ ਨੂੰ ਕੁੱਝ ਖਟਕਿਆ ਤਾਂ ਸੀ ਕਿ ਇਹ ਠੀਕ ਨਹੀਂ ਹੋਇਆ ਪਰ ਉਸਨੂੰ ਉਮੀਦ ਸੀ ਕਿ ਮਨਾ ਲਵੇਗੀ ਉਸਨੂੰ। ਸ਼ਿਕਾਇਤਾਂ ਦਾ ਪੁਲੰਦਾ ਲਈ ਤਾਂ ਉਹ ਵੀ ਘੁੰਮ ਹੀ ਰਹੀ ਸੀ।

ਇੱਕ ਕੁਰਸੀ ਵੀ ਨਹੀਂ ਹਿਲਾਉਂਦਾ।

ਕਦੇ ਇੱਕ ਗਲਾਸ ਤੱਕ ਚੁੱਕ ਕੇ ਇੱਥੋਂ ਉੱਥੇ ਨਹੀਂ ਰੱਖਦਾ।

ਉਹ ਵੀ ਕੰਮ ਕਰਕੇ ਆਉਂਦੀ ਹੈ ਉੱਤੇ ਘਰ ਆਕੇ ਵੀ ਕੀ-ਕੀ ਨਹੀਂ ਕਰਦੀ।

ਮਾਂ ਵੀ ਕੰਮ ਤੋਂ ਆ ਕੇ ਕਿਚਨ ਸੰਭਾਲਦੀ ਹੈ।

ਇੱਕ ਰੁਬਿਨ ਹੀ ਹੈ ਜੋ ਆਕੇ ਸੋਫੇ ਉੱਤੇ ਪਸਰ ਜਾਂਦਾ ਹੈ, ਘੁਰਾੜੇ ਮਾਰਨ ਲਈ। ਆਪਣੇ ਅਤੇ ਮਾਂ ਦੀ ਰੁੱਝੇਵੇਂ ਵੇਖਕੇ ਰੇਨੇ ਨੂੰ ਕਦੇ ਨਹੀਂ ਲੱਗਿਆ ਕਿ ਰੁਬਿਨ ਨੂੰ ਭੈੜਾ ਲੱਗੇਗਾ ਜਾਂ ਉਹ ਆਹਤ ਮਹਿਸੂਸ ਕਰੇਗਾ। ਹਾਲਾਂਕਿ ਇਹ ਗੱਲ ਹੋਰ ਸੀ ਕਿ ਰੁਬਿਨ ਬਾਹਰ ਸਨੋ ਸਾਫ਼ ਕਰਕੇ ਆਉਂਦਾ ਉਹ ਕਿਸੇ ਨੂੰ ਵਿਖਾਈ ਨਹੀਂ ਸੀ ਦਿੰਦਾ ਪਰ ਉਸਦਾ ਚਾਹ ਦਾ ਕਪ ਜੋ ਚਾਹ ਪੀਣ ਦੇ ਬਾਅਦ ਉੱਥੇ ਹੀ ਰਹਿ ਜਾਂਦਾ ਤਾਂ ਉਸ ਉੱਤੇ ਬਾਵੇਲਾ ਮੱਚ ਜਾਂਦਾ। ਗਰਮ ਦੁਪਹਿਰ ਵਿੱਚ ਘਾਹ ਕੱਟਕੇ ਆਉਂਦਾ ਵੀ ਉਹ ਕਿਸੇ ਨੂੰ ਨਹੀਂ ਦਿਸਦਾ ਪਰ ਜੇ ਉਹ ਮਸ਼ੀਨ ਬਾਹਰ ਛੱਡ ਆਉਂਦਾ ਤਾਂ ਕੋਰਟ ਵਿੱਚ ਪੇਸ਼ੀ ਹੋ ਜਾਂਦੀ। ਸ਼ਨੀ ਐਤ ਦੇ ਦਿਨ ਗਰਾਜ ਵਿੱਚ ਘੰਟਿਆਂ ਬੱਧੀ ਖੜੇ ਹੋ ਕੇ ਗੱਡੀਆਂ ਦੀ ਮਰੰਮਤ ਕਰਦਾ ਵੀ ਉਹ ਵਿਖਾਈ ਨਹੀਂ ਸੀ ਦਿੰਦਾ ਪਰ ਕਿਸੇ ਦਿਨ ਗੱਡੀ ਵਿੱਚ ਪਟਰੋਲ ਖਤਮ ਹੋ ਜਾਂਦਾ ਤਾਂ ਜੁਮਲਾ ਕਸਿਆ ਜਾਂਦਾ "ਘੱਟ-ਘੱਟ ਇੰਨਾ ਤਾਂ ਕਰ ਦਿਆ ਕਰੋ ।"

ਇਹ ਨਹੀਂ ਕਰਦਾ, ਉਹ ਨਹੀਂ ਕਰਦਾ, ਅੱਖਾਂ ਦੇ ਕਾਲੇ ਚਸ਼ਮੇ ਉਹੀ ਵੇਖਦੇ ਜੋ ਵੇਖਣਾ ਚਾਹੁੰਦੇ। ਇੰਜ ਕਿਸ਼ਤ ਦਰ ਕਿਸ਼ਤ ਗੁੱਸਾ ਜਮਾਂ ਹੁੰਦਾ ਰਿਹਾ। ਮਾਰਸ਼ਲੀਨ ਨੂੰ ਤਾਂ ਸ਼ੁਰੂ ਤੋਂ ਹੀ ਕੁੱਝ ਨਾ ਕੁੱਝ ਗਲਤ ਹੀ ਦਿਸਦਾ ਸੀ ਜੁਆਈ ਵਿੱਚ , ਹੁਣ ਰੁਬਿਨ ਨੂੰ ਵੀ ਸਭ ਕੁੱਝ ਗਲਤ ਦਿੱਸਣ ਲੱਗਿਆ. ਰੇਨੇ ਦੀ ਮਾਂ ਵਿੱਚ ਅਤੇ ਰੇਨੇ ਵਿੱਚ ਵੀ। ਦੋਨਾਂ ਦੇ ਇਸ ਟਕਰਾਓ ਵਿੱਚ ਰੇਨੇ ਕਦੇ ਵੀ ਰੁਬਿਨ ਦਾ ਪੱਖ ਨਹੀਂ ਲੈਂਦੀ। ਉਸਦੇ ਲਈ ਤਾਂ ਆਪਣੀ ਮਾਂ ਹਮੇਸ਼ਾ ਤੋਂ ਹੀ ਠੀਕ ਸੀ ਅਤੇ ਰਹੇਗੀ।

ਜੁਆਈ ਅਤੇ ਸੱਸ ਨੇ ਇੱਕ ਦੂਜੇ ਦੇ ਖਿਲਾਫ ਕਮਰਕੱਸੇ ਕਰ ਲਏ ਸਨ। ਇਸ ਖਿੱਚੋਤਾਣ ਦੇ ਚਲਦੇ ਪਤੀ-ਪਤਨੀ ਦੇ ਵਿੱਚ ਅਣਬਣ ਹੋਣੀ ਹੀ ਸੀ। ਇੱਕ ਖਿਚਾਅ ਉੱਧਰ ਵੀ ਆਉਣ ਲਗਾ। ਰਿਸ਼ਤਿਆਂ ਦੀ ਲਗਾਮ ਜਿਆਦਾ ਕਸਦੀ ਗਈ ਤਾਂ ਘੁਟਣ ਹੋਣੀ ਸੁਭਾਵਿਕ ਸੀ। ਅਜਿਹੀ ਘੁਟਣ ਕਿ ਬਸ ਸਾਹ ਲੈਣਾ ਵੀ ਔਖਾ ਹੋ ਜਾਂਦਾ। ਦਿਨ ਵਿੱਚ ਦਸ ਵਾਰ ਹਿਸਾਬ ਲੱਗਦਾ ਮੈਂ ਇਹ ਕੀਤਾ, ਮੈਂ ਉਹ ਕੀਤਾ। ਇਸ ਕਾਉਂਟਿੰਗ ਵਿੱਚ ਰੁਬਿਨ ਦਾ ਕਾਲਮ ਖਾਲੀ ਹੀ ਰਹਿੰਦਾ। ਰੁਬਿਨ ਦੇ ਕੋਲ ਬਸ ਇੱਕ ਹੀ ਸਿੱਧਾ ਜਿਹਾ ਹਿਸਾਬ ਸੀ ਉਸਦੇ ਆਪਣੇ ਖਾਤੇ ਵਿੱਚ ਕਿ ਉਹ ਕੰਮ ਤੋਂ ਪਰਤਿਆ ਹੈ , ਬਾਰਾਂ ਘੰਟਿਆਂ ਦੀ ਡਿਊਟੀ ਕਰਕੇ। ਜੋ ਉਨ੍ਹਾਂ ਦੋਹਾਂ ਔਰਤਾਂ ਲਈ ਕੁੱਝ ਵੀ ਨਹੀਂ ਸੀ। ਕੰਮ ਤਾਂ ਉਹ ਵੀ ਦੋਵੇਂ ਕਰਦੀਆਂ ਸਨ। ਉੱਤੋਂ ਘਰ ਆਕੇ ਫਿਰ ਤੋਂ ਘਰ ਦੇ ਕੰਮ ਵਿੱਚ ਜੁੱਟ ਜਾਂਦੀਆਂ ਸਨ। ਖਾਣਾ ਪਕਾਉਣਾ, ਸਫਾਈ ਕਰਣਾ, ਰਸਤੇ ਵਿਚੋਂ ਆਉਂਦੇ ਹੋਏ ਦੁੱਧ ਚੁੱਕਣਾ, ਸਾਰਾ ਕੁੱਝ। ਉਨ੍ਹਾਂ ਦੋਹਾਂ ਵਿੱਚੋਂ ਕਿਸੇ ਨੂੰ ਵੀ ਇਸ ਗੱਲ ਦਾ ਅਹਿਸਾਸ ਨਹੀਂ ਸੀ ਕਿ ਉਨ੍ਹਾਂ ਦੇ ਕੰਮ ਵਿੱਚ ਅਤੇ ਰੁਬਿਨ ਦੇ ਕੰਮ ਵਿੱਚ ਤਨਖਾਹ ਦਾ ਅੰਤਰ ਭਲੇ ਨਾ ਹੋਵੇ ਪਰ ਕੰਮ ਦੇ ਸੁਭਾਅ ਦਾ ਅੰਤਰ ਸੀ। ਰੁਬਿਨ ਦਾ ਸਰੀਰਕ ਪੱਖੋਂ ਥਕਾ ਦੇਣ ਵਾਲਾ ਕੰਮ ਹੀ ਐਸਾ ਸੀ ਕਿ ਉਹ ਆਉਂਦੇ ਹੀ ਖਾ-ਪੀ ਕੇ ਸੌਣਾ ਚਾਹੁੰਦਾ ਸੀ ਜੋ ਮਾਰਸ਼ਲੀਨ ਨੂੰ ਫੁੱਟੀ ਅੱਖ ਨਹੀਂ ਭਾਉਂਦਾ ਸੀ।

ਬੈਠਕ ਵਿੱਚ ਸੋਫੇ ਤੋਂ ਉਠਦੇ ਉਸਦੇ ਘੁਰਾੜੇ ਕੰਨਾਂ ਵਿੱਚ ਗੂੰਜ-ਗੂੰਜ ਕੇ ਤਿਲਮਲਾਹਟ ਦਾ ਗੁਬਾਰ ਇਕੱਠਾ ਕਰਦੇ ਰਹਿੰਦੇ। ਉਹ ਗੁਬਾਰ ਦਾ ਭਰਿਆ ਭੁਕਾਨਾ ਉਦੋਂ ਫਟ ਪੈਂਦਾ ਜਦੋਂ ਉਹ ਖਾਣਾ ਖਾਣ ਬੈਠਦਾ। ਇੱਕ ਦਿਨ, ਦੋ ਦਿਨ ਫਿਰ ਤਾਂ ਰੋਜ ਹੀ ਇਹ ਬਿਨਾਂ ਰੁਕੇ ਚਲਣ ਲਗਾ। ਰੁਬਿਨ ਨੂੰ ਇਹ ਗੱਲ

## ਦੋਗਲਾਪਨ / ਸੀਮਾ ਵਰਮਾ

ਤੂੰ ਚੰਗਾ ਹੈ ਜਾਂ
ਚੰਗਾ ਹੋਣ ਦਾ
ਢੌਂਗ ਕਰਦਾ ਹੈ?
ਇਹ ਮਨ ਕਦੀ
ਸਮਝ ਨਹੀਂ ਪਾਉਂਦਾ
ਵਕਤ ਦੇ
ਥਪੇੜਿਆਂ ਨੇ
ਇੰਨਾ ਮਜਬੂਤ
ਕਰ ਦਿੱਤਾ ਹੈ ਕਿ
ਸਾਮ੍ਹਣੇ ਵਾਲੇ ਦੇ
ਦਿਲ ਦੇ ਅੰਦਰ
ਝਾਕ ਸਕਾਂ
ਪਰ ਤੈਨੂੰ
ਸਮਝ ਸਕਣਾ
ਮੁਮਕਿਨ ਹੀ ਨਹੀਂ
ਨਾਮੁਮਕਿਨ
ਲੱਗਦਾ ਹੈ ਮੇਰੇ ਲਈ
ਕਦੇ-ਕਦੇ
ਮੁਖੌਟਾ ਵੀ ਤਾਂ
ਹੋ ਸਕਦਾ ਹੈ
ਪਰ ਜ਼ੁਬਾਨ,
ਉਸਤੇ ਇੰਨਾ ਦੋਗਲਾਪਨ
ਕਿਵੇਂ ਕਰ ਲੈਂਦਾ ਹੈ?
ਸਮਝ ਨਹੀਂ ਪਾਉਂਦੀ।

ਇਨਸਾਨ ਨੂੰ
ਪਰਖਣ ਦੀ
ਗਲਤਫਹਿਮੀ
ਅੰਦਰ ਤਕ
ਝੂਰਦੀ ਹੈ ਮੈਨੂੰ।



ਬਿਲਕੁੱਲ ਪਸੰਦ ਨਹੀਂ ਸੀ ਕਿ ਖਾਣੇ ਦੇ ਸਮੇਂ ਉਸਨੂੰ ਕੋਈ ਦਸ ਸਵਾਲ ਕਰੇ, ਵੀਹ ਵਾਰੀ ਰੋਕ- ਟੋਕ ਕਰੇ। ਉਹ ਚੁੱਪ ਰਹਿਕੇ ਖਾਣਾ ਖਾਣ ਦਾ ਆਦੀ ਸੀ। ਜਦੋਂ ਉਨ੍ਹਾਂ ਨੂੰ ਖਾਂਦੇ ਹੋਏ, ਟੋਕਦੇ ਹੋਏ ਵੇਖਦਾ ਤਾਂ ਮਨ ਖ਼ਰਾਬ ਹੁੰਦਾ। ਉਨ੍ਹਾਂ ਦੇ ਮੂੰਹ ਅੰਦਰ ਦਾ ਅੱਧ ਚੱਬਿਆ ਖਾਣਾ ਵਿਖਾਈ ਦਿੰਦਾ ਲਾਰ ਦੇ ਨਾਲ। ਉਸਨੂੰ ਨਫ਼ਰਤ ਜਿਹੀ ਆਉਂਦੀ, ਇਸੇ ਲਈ ਨਾ ਉਹ ਦੇਖਦਾ, ਨਾ ਬੋਲਦਾ, ਬਸ ਮੂੰਹ ਨੀਵਾਂ ਕਰਕੇ ਆਪਣਾ ਖਾਣਾ ਖਾਂਦਾ।

ਇਹ ਬੇਇਜਤੀ ਹੋ ਜਾਂਦੀ, ਮਾਂ ਦੇ ਲਈ ਧੀ ਦੀ ਅਤੇ ਧੀ ਦੇ ਲਈ ਮਾਂ ਦੀ।

ਉਦੋਂ ਰੁਬਿਨ ਨੂੰ ਉਹ ਸਾਰੇ ਪਲ ਯਾਦ ਆਉਂਦੇ ਜਦੋਂ ਉਸਦੇ ਕੰਮ ਨੂੰ ਸ਼ਾਬਾਸ਼ੀ ਤਾਂ ਦੂਰ, ਸਗੋਂ ਬੁਰੀ ਤਰ੍ਹਾਂ ਵਲੋਂ ਦੁਤਕਾਰਿਆ ਗਿਆ ਸੀ। ਫਿਰ ਚਾਹੇ ਉਹ ਕਿਸੇ ਬਿਲ ਦੀ ਪੇਮੇਂਟ ਕਰਨੀ ਹੋਵੇ ਜਾਂ ਫਿਰ ਕੋਈ ਚੀਜ ਖਰੀਦਣੀ ਹੋਵੇ। ਉਹ ਚੀਜ ਕੋਈ ਮਹਿੰਗੀ ਚੀਜ ਨਹੀਂ ਹੁੰਦੀ, ਛੋਟੀ ਜਿਹੀ ਹੀ ਚੀਜ ਹੁੰਦੀ ਜਿਵੇਂ ਉਸਦੇ ਖਰੀਦੇ ਗਏ ਕੇਲਿਆਂ ਦਾ ਕੱਚਾਪਣ ਜਾਂ ਪੱਕਾ ਹੋਣਾ ਹੁੰਦਾ, ਨਿੰਬੂਆਂ ਵਿੱਚ ਰਸ ਦੀ ਕਮੀ ਹੁੰਦੀ ਜਾਂ ਉਸਦੇ ਦੁਆਰਾ ਕੀਤੀ ਗਈ ਸਾਫ਼ ਟੇਬਲ ਨੂੰ ਫਿਰ ਵਲੋਂ ਸਾਫ਼ ਕੀਤਾ ਜਾਂਦਾ।

ਇਹਨਾਂ ਸੜੀਆਂ ਬੁਸੀਆਂ ਪਰ ਵਧੀਆਂ ਚੜ੍ਹੀਆਂ ਗੱਲਾਂ ਨਾਲ ਇਨ੍ਹਾਂ ਪਿਆਰੇ ਰਿਸ਼ਤਿਆਂ ਉੱਤੇ ਜੋ ਧੱਬੇ ਲੱਗਦੇ ਉਹ ਸ਼ਾਇਦ ਛੁੱਟਣ ਲਈ ਨਹੀਂ ਲੱਗਦੇ ,ਪਰਤ ਦਰ ਪਰਤ ਜੰਮਦੇ ਉਨ੍ਹਾਂ ਧੱਬਿਆਂ ਨੂੰ ਹੋਰ ਅਮਿੱਟ ਕਰ ਦਿੰਦੇ। ਫਿਰ ਉਨ੍ਹਾਂ ਧੱਬਿਆਂ ਦੀ ਵਜ੍ਹਾ ਨਾਲ ਰਿਸ਼ਤਿਆਂ ਦਾ ਅਸਲੀ ਚਿਹਰਾ ਇਸ ਤਰਾਂ ਧੁੰਦਲਾ ਹੁੰਦਾ ਜਾਂਦਾ ਕਿ ਇੱਕ ਦਿਨ ਰਿਸ਼ਤੇ ਦੀ ਹੋਂਦ ਖਤਰੇ ਵਿੱਚ ਪੈ ਜਾਂਦੀ। ਇਹੀ ਹੋਇਆ, ਤਿੰਨੋਂ ਆਪਣੇ ਅਪਣੱਤ ਭਰੇ ਰਿਸ਼ਤੇ ਵਿਚੋਂ ਅਸਲੀ ਚੇਹਰਾ ਲੱਭਦੇ ਰਹਿੰਦੇ ਜੋ ਉਨ੍ਹਾਂ ਨੂੰ ਦਿਖਾਈ ਨਾ ਦਿੰਦਾ। ਫੇਰ ਘਰ, ਘਰ ਨਾ ਰਹਿੰਦਾ। ਸਾਜਿਸ਼ਾਂ ਅਤੇ ਨਫਰਤਾਂ ਦਾ ਅੱਡਾ ਬਣ ਜਾਂਦਾ। ਉਦੋਂ ਆਪਣੇ ਲਈ ਵੱਖਰਾ ਟਿਕਾਣਾ ਲੱਭਣਾ ਹੀ ਇੱਕਮਾਤਰ ਹੱਲ ਜਾਪਦਾ।

ਇਵੇਂ ਸੁਖ ਵਿੱਚ ਹੀ ਸੁਖ ਦੀ ਖੋਜ ਕਰਦੇ ਉਹ ਰਿਸ਼ਤੇ ਕਦੇ ਨਹੀਂ ਖੋਜ ਸਕਦੇ ਆਪਣੇ ਗੁਆਚੇ ਹੋਏ ਸੁਖ ਨੂੰ। ਚਾਰਦੀਵਾਰੀ ਵਿਚੋਂ ਰੁੱਸਿਆ ਹੋਇਆ ਸੁਖ ਚਲਿਆ ਜਾਂਦਾ ਆਪਣਾ ਕੋਈ ਟਿਕਾਣਾ ਲੱਭਣ ਦੇ ਲਈ। ਆਪਣੇ ਅੰਦਰ ਛੁਪਿਆ ਸੁਖ ਨਾ ਖੋਜ ਸਕਣ ਦਾ ਗਮ ਸਦਾ ਲਈ ਹਾਵੀ ਹੋ ਜਾਂਦਾ। ਕਦੇ ਕਿਸੇ ਨੇ ਸੋਚਿਆ ਨਹੀਂ ਕਿ ਆਖਿਰ ਵਜ੍ਹਾ ਕੀ ਹੈ ਘਰ ਵਿੱਚ ਇੰਨਾ ਕਿਚ-ਕਿਚ ਹੋਣ ਦੀ। ਕੀ ਸਚਮੁੱਚ ਰੁਬਿਨ ਦਾ ਖਾਣਾ ਖਾਣਾ ਹੀ ਇੰਨਾ ਅਖਰ ਰਿਹਾ ਹੈ। ਕੀ ਸਚਮੁੱਚ ਉਸਦੇ ਕੀਤੇ ਗਏ ਕੰਮਾਂ ਵਿੱਚ ਕੰਮ ਵਰਗਾ ਕੋਈ ਕੰਮ ਕਦੇ ਵਿਖਾਈ ਨਹੀਂ ਦਿੰਦਾ ਸੀ। ਅਜਿਹਾ ਨਹੀਂ ਸੀ ਹੋ ਸਕਦਾ ਕਿ ਉਹ ਇੱਕ ਦੂੱਜੇ ਵਿੱਚ ਉਹ ਲੱਭਣ ਜੋ ਉਨ੍ਹਾਂ ਨੂੰ ਵਿਖਾਈ ਨਹੀਂ ਦਿੰਦਾ।

ਫੇਰ ਇੱਕ ਦਿਨ ਬਸ ਉਹ ਹੋਇਆ ਜੋ ਨਹੀਂ ਹੋਣਾ ਚਾਹੀਦਾ ਸੀ। ਰਸਤੇ ਵੱਖ ਹੋਏ, ਘਰ ਦੇ ਟੁਕੜੇ ਹੋਏ। ਰਸਤਾ ਉਹੀ ਸੀ ਜੋ ਵਰ੍ਹਿਆਂ ਤੋਂ ਪਰਿਵਾਰਾਂ ਵਿੱਚ ਸੀ , ਸਿਰਫ ਕਥਾ ਹੀ ਬਦਲੀ ਸੀ ਥੋੜੀ ਜਿਹੀ। ਨਤੀਜਾ ਵੀ ਉਹੀ ਸੀ ਜੋ ਵਰ੍ਹਿਆਂ ਤੋਂ ਸੀ , ਬਸ ਮਤਲਬ ਹੀ ਬਦਲਿਆ ਸੀ, ਥੋੜਾ ਜਿਹਾ। ਕਿਸਨੇ, ਕਿਸਦੇ ਘਰ ਨੂੰ ਤੋੜਿਆ ਸੀ, ਇਹ ਸੋਚਣ ਦਾ ਸਮਾਂ ਨਹੀਂ ਸੀ ਕਿਸੇ ਦੇ ਕੋਲ। ਸੁਖ ਦੀ ਖੋਜ ਫਿਰ ਤੋਂ ਸ਼ੁਰੂ ਹੋ ਗਈ ਸੀ. ਏਧਰ ਰੁਬਿਨ ਨੇ ਕੀਤੀ, ਉੱਧਰ ਰੇਨੇ ਨੇ ਕੀਤੀ। ਟੁੱਟਣ ਦੇ ਨਿਸ਼ਾਨ ਬਣੇ ਵੀ ਨਹੀਂ ਸਨ ਕਿ ਮਿਟਣ ਲੱਗੇ। ਆਪਣੇ-ਆਪਣੇ ਜੀਵਨ ਦੀ ਦਖਲੰਦਾਜੀ ਨੂੰ ਬਾਹਰ ਕੱਢ ਕੇ ਸੁੱਟਦੇ ਹੋਏ ਸਾਰਿਆਂ ਨੂੰ ਅਜੀਬ ਜਿਹਾ ਸੁਖ ਮਿਲਿਆ ਸੀ, ਆਪਣੇ ਅਹਮ ਦੀ ਜਿੱਤ ਦਾ ਸੁਖ। ਕਿਸਦੇ ਜੀਵਨ ਵਿੱਚ ਕਿਸਨੇ ਘੁਸਪੈਠ ਕੀਤੀ ਸੀ ਇਹ ਇੱਕ ਅਣਬੁਝਿਆ ਸਵਾਲ ਸੀ। ਅਜਿਹਾ ਸਵਾਲ ਜਿਸਦਾ ਜਵਾਬ ਸਾਰਿਆਂ ਨੂੰ ਪਤਾ ਸੀ ਸਿਵਾਏ ਘੁਸਪੈਠੀਏ ਦੇ।

## ਕਵਿਤਾਵਾਂ / ਸਤਨਾਮ ਕੌਰ ਚੌਹਾਨ



### ਨਾਮ ਤੇਰੇ

ਖੁਸ਼ੀਆਂ, ਅਠਖੇਲੀਆਂ ਤੇ ਹਾਸੇ
ਕਰਦਾ ਹਾਂ ਮੈਂ, ਨਾਮ ਤੇਰੇ
ਤੂੰ ਖੁਸ਼ ਰਹੇਂ, ਦੇ ਗਮ ਮੈਨੂੰ
ਰੂਹ ਤੋਂ ਮੁਹੱਬਤ ਨਾਮ ਤੇਰੇ
ਲੈ ਕੇ ਮਿਠਾਸ, ਬਾਗਾਂ ਦੀ
ਰੱਖਾਂਗਾ ਮੈਂ ਹੋਠਾਂ ਤੇ ਤੇਰੇ
ਬੋਰ, ਝਾਂਜਰ ਦੇ ਖਣਕੇ
ਜਿਵੇਂ ਬਾਰਿਸ਼ ਦੀਆਂ ਕਣੀਆਂ
ਆਸ ਪਾਸ ਮੇਰੇ
ਤੂੰ ਆਏਂਗੀ, ਕਿਸੇ ਦਿਨ
ਇਹ ਯਕੀਨ ਹੈ ਮੇਰਾ
ਰਾਹਾਂ 'ਚ ਫੁੱਲ ਕਲੀਆਂ ਨਹੀਂ
ਪਲਕਾਂ ਵਿਛਾਵਾਂਗਾ ਤੇਰੇ

### ਕੁੜੀਓ ਨੀ ਚਿੜੀਓ

ਕੁੜੀਓ ਨੀ ਚਿੜੀਓ
ਮਰ ਜਾਣੀਓ
ਰੌਣਕਾਂ ਨਾਲ ਤੁਹਾਡੇ
ਆਉਣੀਆਂ
ਚਿੜੀਆਂ ਦੀ ਚੀਂ ਚੀਂ
ਨਾਲ ਕਲੀਆਂ ਖਿੜ ਜਾਣੀਆਂ
ਜੇ ਤੁਸੀਂ ਨਾ ਰਹੀਆਂ
ਉਦਾਸੀਆਂ ਹਰ ਪਾਸੇ ਛਾ ਜਾਣੀਆਂ
ਕੁੜੀਓ ਨੀ ਤੁਸੀਂ ਟਹਿਕੋ
ਚਿੜੀਓ ਨੀ ਤੁਸੀਂ ਚਹਿਕੋ
ਪਾਓ ਨੀ ਮੇਰੇ ਠੰਡ ਕਲੇਜੇ
ਮਰ ਜਾਣੀਓ

## ਰੋਮ ਸੜ ਰਿਹਾ ਏ / ਰਾਕੇਸ਼ ਆਨੰਦ



ਰੋਮ ਸੜ ਰਿਹਾ ਏ ...
ਨੀਰੋ ਬੰਸਰੀ
ਵਜਾਉਣ ਦੇ ਇਲਜਾਮ ਤੋਂ ਬਰੀ ਹੋ
ਗਿਆ ਹੈ
ਨੀਰੋ ਨੂੰ ਬੰਸਰੀ ਨਾਪਸੰਦ ਏ
ਨੀਰੋ ਦੇ
ਨਾਜ਼ੁਕ ਕੰਨਾਂ 'ਚ ਬੰਸਰੀ
ਦੀ ਹੂਕ ਛੇਕ
ਕਰ ਦਿੰਦੀ ਏ ।

ਨੀਰੋ ਬੰਸਰੀ ਨਹੀਂ ਵਜਾਉਂਦਾ,
ਇਸਦਾ ਮਨਪਸੰਦ
ਸਾਜ ਸੈਕਸੋਫੋਨ ਏ ਹੁਣ
ਜੋ ਮਿਲਿਆ ਏ ਵਿਰਾਸਤ 'ਚ ਇਸਨੂੰ
– ਬਾਪ ਦੇ ਵੀਰਜ 'ਚ ਗੁੱਝਾ
– ਮਾਂ ਦੇ ਨਾੜੂਏ ਨਾਲ ਬੱਝਾ।

ਕਿਆ ਸੁਮੇਲ ਹੈ
ਨਾੜੂ, ਨੀਰੋ ਤੇ ਸੈਕਸੋਫੋਨ

ਨੀਰੋ ਨੂੰ ਸੈਕਸੋਫੋਨ ਤੋਂ ... ਸੈਕਸੋਫੋਨ
ਨੂੰ ਨਾੜੂ ਤੋਂ ...
ਨਹੀਂ ਕਰ ਸਕੇ ਅਲਹਿਦਾ ਰੋਮ ਦੇ
ਮਾਹਰ ਸਰਜਨ ਵੀ

ਨੀਰੋ ਮਾਹਿਰ ਹੋ ਗਿਆ ਏ
ਸੈਕਸੋਫੋਨ 'ਚੋਂ ਫੌਜੀ ਬੈਂਡ ਦੀਆਂ
ਜੰਗੀ ਧੁਨਾਂ ਵਜਾਉਣ 'ਚ
ਤਤਪਰ ਰਹਿੰਦੇ ਨੇ ਜਿਨ੍ਹਾਂ ਤੇ
ਇਸਦੇ ਦਰਬਾਰੀ
ਨਾਗਨ ਡਾਂਸ ਕਰਨ ਲਈ।
ਨੀਰੋ ਦੇ ਸੈਕਸੋਫੋਨ ਦੀ ਧੁਨ ਤੇ ... ਜੇ
ਭੜਕ ਉੱਠਦੀ ਏ ਕਦੇ-ਕਦੇ
ਰੋਮ-ਵਾਸੀਆਂ ਦੀ
ਕਾਮ-ਬਿਰਤੀ ... ਪ੍ਰੇਮ ਥਾਂਵੇਂ
ਤੇ ਹੋ ਜਾਂਦੇ ਨੇ ਵਿਆਕੁਲ ਉਹ ਹਰ
ਸ਼ੈਅ ਸੁਆਹ ਕਰਨ ਲਈ
ਤਾਂ ਇਸ 'ਚ ਨੀਰੋ ਦਾ ਕੀ ਕਸੂਰ ??

ਐਸਾ ਵੀ ਨਹੀਂ ਕਿ
ਨੀਰੋ ਬੰਸਰੀ ਨਹੀਂ ਵਜਾ ਸਕਦਾ,
ਅਕਸਰ ਉਹ
ਹੱਥ-ਅਜ਼ਮਾਈ ਕਰਦਾ ਏ –
ਹਾਰਮੋਨੀਅਮ,
ਮਿਰਦੰਡ, ਅਲਗੋਜ਼ਾ, ਢੱਡ ਤੇ
ਸ਼ਹਿਨਾਈ ਵਗੈਰਾ
ਤੇ ਵੀ ਪਰ ਮੰਦੇ
ਭਾਗੀਂ, ਹਰ ਸਾਜ਼
ਫੌਜੀ ਬੈਂਡ ਦੀ
ਜੰਗੀ ਧੁਨ ਹੀ ਅਲਾਪਦਾ ਏ
ਇਸਦੇ ਹੱਥਾਂ 'ਚ
ਤੇ ਇਸਦੇ ਦਰਬਾਰੀ
ਮਸ਼ਗੂਲ ਹੋ ਜਾਂਦੇ ਨੇ ਫਿਰ –
ਨਾਗਨ ਡਾਂਸ ਤੇ
ਥਿਰਕਣ ਲਈ
ਤੇ ਛੋਹਣ
ਲੱਗਦੀਆਂ ਨੇ ਸਿਖ਼ਰ –
ਰੋਮ ਵਾਸੀਆਂ ਦੀਆਂ
ਕਾਮ-ਬਿਰਤੀਆਂ
ਤੇ ਹੋ ਜਾਂਦੇ ਨੇ ਵਿਆਕੁਲ ਉਹ –
ਹਰ ਸ਼ੈਅ ਸੁਆਹ
ਕਰਨ ਲਈ ... ... ...
ਤੇ ਰੋਮ ਸੜਨ ਲੱਗਦਾ ਏ ...।

ਰੋਮ ਸੜ ਰਿਹਾ ਏ ...
ਸੜਨਾ ... ਰੋਮ ਦੀ ਹੋਣੀ ਏ ...
ਸ਼ਾਇਦ ...!!!
ਨੀਰੋ ਤੋਂ ਮੁਕਤੀ ਤਕ।।

## ਮਿੰਨੀ ਕਹਾਣੀਆਂ / ਜਸਬੀਰ ਢੰਡ



### ਡਿਗਦੇ ਮੀਨਰ

ਉਹ, ਮਾਪਿਆਂ ਦਾ ਇਕਲੌਤਾ ਪੁੱਤਰ, ਸ਼ਕਲ ਸੂਰਤ ਪੱਖੋਂ ਭਾਵੇਂ ਸਧਾਰਨ ਸੀ ਪਰ ਪੜ੍ਹਾਈ ਵਿਚ ਹੁਸ਼ਿਆਰ ਸੀ। ਪਿਓ ਨੇ ਹੱਲਾ-ਸ਼ੇਰੀ ਦਿੱਤੀ, ''ਪੁੱਤਰਾ! ਜਿੰਨਾ ਮਰਜ਼ੀ ਪੜ੍ਹ.....ਮੈਂ ਔਖਾ ਹੋਵਾਂ, ਚਾਹੇ ਸੌਖਾ। ਖਰਚੇ ਵੰਨੀਓਂ ਨਾ ਫ਼ਿਕਰ ਕਰੀਂ.....।''

ਯੂਨੀਵਰਸਿਟੀ ਵਿਚ ਡਬਲ ਐਮ.ਏ. ਕਰਨ ਤੋਂ ਬਾਦ ਉਸ ਪੀ.ਐਚ.ਡੀ ਕਰਨ ਦੀ ਤਿਆਰੀ ਕਰ ਲਈ। ਸਾਰੀਆਂ ਮੁੱਢਲੀਆਂ ਸ਼ਰਤਾਂ ਪੂਰੀਆਂ ਕਰ ਚੁੱਕਾ ਸੀ ਪਰ ਹੁਣ ਗਾਈਡ ਦੀ ਸਮੱਸਿਆ ਆਣ ਖੜ੍ਹੀ ਸੀ। ਜਿਸ ਕਿਸੇ ਕੋਲ ਵੀ ਜਾਂਦਾ, ਉਹੀ ਸਿਰ ਮਾਰ ਜਾਂਦਾ। ਕਿਸੇ ਕੋਲ ਸਮਾਂ ਨਹੀਂ ਸੀ, ਸਭ ਰੁੱਝੇ ਹੋਏ ਸਨ। ਇਕ ਵਿਦਵਾਨ ਦੀ ਵਿਦੱਵਤਾ ਦਾ ਉਹ ਕਾਇਲ ਸੀ। ਉਸਦਾ ਜੀਅ ਕਰਦਾ ਸੀ ਕਿ ਉਹ ਉਸਦਾ ਗਾਈਡ ਬਣੇ। ਅਥਾਹ ਸ਼ਰਧਾ ਸੀ ਉਸ ਵਿਦਵਾਨ ਪ੍ਰਤੀ ਉਸਦੇ ਮਨ ਵਿਚ।

ਆਪਣੇ ਸਾਰੇ ਅਸਰ-ਰਸੂਖ਼ ਵਾਲੇ ਮਿੱਤਰਾਂ ਕੋਲ ਆਪਣੀ ਸਮੱਸਿਆ ਦੱਸੀ ਤਾਂ ਇਕ ਮਿੱਤਰ ਨੇ ਹਾਮੀ ਭਰੀ ਕਿ ਉਹ ਉਸ ਵਿਦਵਾਨ ਨੂੰ ਮਿਲਾ ਦੇਵੇਗਾ।

''ਪਰ ਬੰਦਾ ਰੰਗੀਲੈ.....ਖਾਣ-ਪੀਣ ਦਾ ਸ਼ੁਕੀਨ.....ਖਰਚਾ ਖੁੱਲ੍ਹਾ ਕਰਨਾ ਪਊ।''

ਮਿੱਤਰ ਨੇ ਪਹਿਲਾਂ ਹੀ ਸਾਵਧਾਨ ਕੀਤਾ ਤਾਂ ਉਸ ਘਰੋਂ ਹੋਰ ਪੈਸੇ ਮੰਗਵਾ ਲਏ।

ਇਕ ਸ਼ਾਮ ਵਧੀਆ ਹੋਟਲ ਵਿਚ ਵਿਦਵਾਨ ਦੀ ਖ਼ੂਬ ਸੇਵਾ ਕੀਤੀ। ਖਾਂਦਿਆਂ-ਪੀਂਦਿਆਂ ਉਹ ਬੇਤਕਲੱਫ ਹੁੰਦਾ ਗਿਆ।

ਦੂਸਰੀ ਮੁਲਾਕਾਤ ਵਿਚ ਕਹਿਣ ਲੱਗਾ, ''ਤੇਰੀਆਂ ਕੋਈ ਕੁੜੀਆਂ ਵਾਕਫ਼ ਹੋਣਗੀਆਂ, ਉਨ੍ਹਾਂ ਨਾਲ ਨਹੀਂ ਮਿਲਾਏਂਗਾ?''

ਤੇ ਉਸ ਆਪਣੀਆਂ ਮਿੱਤਰ ਕੁੜੀਆਂ ਨਾਲ ਵਿਦਵਾਨ ਨੂੰ ਮਿਲਾਇਆ ਤਾਂ ਕੁੜੀਆਂ ਉਸ ਤੋਂ ਆਪਣੇ ਥੀਸਸਾਂ ਬਾਰੇ ਹੀ ਸੁਆਲ ਪੁਛਦੀਆਂ ਰਹੀਆਂ।

''ਇੰਜ ਤਾਂ ਕੋਈ ਗੱਲ ਨਹੀਂ ਬਣੀ। ਤੂੰ ਆਪਣੀ ਕਿਸੇ ਖਾਸ ਮਿੱਤਰ ਕੁੜੀ ਨਾਲ ਗੱਲ ਕਰਾ......ਸਿੱਧੀ!'' ਦਾਰੂ ਦੀ ਲੋਰ ਵਿਚ ਜਦੋਂ ਵਿਦਵਾਨ ਨੇ ਆਪਣੇ ਇਰਾਦੇ ਸਪਸ਼ਟ ਕੀਤੇ ਤਾਂ ਉਹ ਖਿਝ ਗਿਆ।

''ਮੁਆਫ਼ ਕਰਨਾ! ਇਹ ਮੇਰੇ ਵੱਸ ਦੀ ਗੱਲ ਨਹੀਂ ਹੈ.....।'' ਜਦੋਂ ਉਸਨੇ ਸਾਫ਼ ਇਨਕਾਰ ਕਰ ਦਿੱਤਾ ਤਾਂ ਵਿਦਵਾਨ ਆਪਣੀ ਖੇਡ ਦੇ ਸਾਰੇ ਪੱਤੇ ਨੰਗੇ ਕਰਦਿਆਂ ਬੋਲਿਆ।

''ਤੂੰ ਪੀ.ਐਚ.ਡੀ. ਨਹੀਂ ਕਰ ਸਕਦਾ। ਨਾ ਤਾਂ ਤੂੰ ਕੁੜੀ ਐਂ.....। ਛੇਕੜ ਮੁੰਡਾ ਹੀ ਸੁਹਣਾ ਹੁੰਦਾ......!''

''ਮੈਂ ਤੁਹਾਡੇ ਵਰਗੇ ਗਾਈਡ ਕੋਲੋਂ ਪੀ.ਐਚ.ਡੀ ਕਰਨ ਨਾਲੋਂ ਐਵੇਂ ਹੀ ਚੰਗਾ। ਤੁਸੀਂ ਜਾ ਸਕਦੇ ਹੋ.......।''

ਉਸਨੇ ਲੜਖੜਾ ਰਹੇ ਵਿਦਵਾਨ ਦੇ ਕਮਰਿਓਂ ਬਾਹਰ ਹੁੰਦਿਆਂ 'ਠਾਹ' ਕਰਕੇ ਦਰਵਾਜ਼ਾ ਬੰਦ ਕਰ ਦਿੱਤਾ।

......ਤੇ ਸੇਜਲ ਅੱਖਾਂ ਨਾਲ ਉਹ ਵਾਪਸ ਘਰ ਜਾਣ ਲਈ ਕਮਰੇ ਵਿਚੋਂ ਆਪਣਾ ਸਮਾਨ ਇਕੱਠਾ ਕਰਨ ਲੱਗ ਪਿਆ।

### ਰਿਸ਼ਤੇ

ਤਿੰਨ ਭੈਣਾਂ ਹਨ ਉਹ।

ਪਿਛਲੇ ਦਿਨੀਂ ਵੱਡੀ ਦਾ ਘਰਵਾਲਾ ਅਚਾਨਕ ਸੁਰਗਵਾਸ ਹੋ ਗਿਆ।

ਸਵੇਰੇ ਹਸਪਤਾਲ ਦਾਖਲ ਕਰਵਾਇਆ ਤੇ ਸ਼ਾਮੀਂ ਮੁੱਕ ਵੀ ਗਿਆ। ਉਸੇ ਵੇਲੇ ਸਕੀਰੀਆਂ ਵਿਚ ਟੈਲੀਫੋਨ ਕਰ ਦਿੱਤੇ ਮੁੰਡੇ ਨੇ। ਰਿਸ਼ਤੇਦਾਰ ਮੂੰਹ-ਹਨੇਰੇ ਹੀ ਘਰਾਂ ਤੋਂ ਚੱਲ ਪਏ।

ਦੋਵੇਂ ਭੈਣਾਂ ਤੇ ਉਹਨਾਂ ਦੇ ਘਰਵਾਲੇ ਦਸ ਵੱਜਣ ਤੋਂ ਪਹਿਲਾਂ ਹੀ ਪਹੁੰਚ ਗਏ ਸਨ।

ਘਰ ਬਹੁਤ ਹੀ ਭੀੜ ਸੀ। ਜਿੱਥੇ ਲਾਸ਼ ਪਈ ਸੀ ਉੱਥੇ ਹੀ ਦਸ-ਬਾਰਾਂ ਜਨਾਨੀਆਂ ਬੈਠੀਆਂ ਹੋਈਆਂ ਸਨ। ਤਿੰਨ ਕੁ ਫੁੱਟ ਚੌੜੀ ਗੈਲਰੀ ਵਿਚ ਪੰਜ-ਸੱਤ ਬੰਦੇ ਬੈਠਣ ਜੋਗੀ ਥਾਂ ਸੀ ਮਸਾਂ। ਰਿਸ਼ਤੇਦਾਰ, ਗਲੀ-ਗੁਆਂਢ ਤੇ ਦੋਸਤ-ਮਿੱਤਰ ਆਈ ਜਾਂਦੇ ਤੇ ਬਾਹਰ ਨਿੱਕਲੀ ਜਾਂਦੇ। ਅੰਦਰ ਰੋਣ-ਕੁਰਲਾਣ ਮੱਚਿਆ ਹੋਇਆ ਸੀ।

ਗਲੀ ਵੀ ਭੀੜੀ ਸੀ । ਕੋਈ ਕਿਤੇ ਖੜ੍ਹਾ ਸੀ, ਕੋਈ ਕਿਤੇ ਬੈਠਾ ਸੀ। ਕਈ ਤਾਂ ਦੁਕਾਨਾਂ ਦੇ ਥੜ੍ਹਿਆਂ ਉੱਤੇ ਹੀ ਬੈਠੇ ਸਨ। ਉੱਤੋਂ ਲੋਹੜੇ ਦੀ ਗਰਮੀ ਤੇ ਹੁੰਮਸ।

ਦੋਵੇਂ ਸਾਢੂ ਅੰਦਰ ਗਏ, ਦਸ-ਵੀਹ ਮਿੰਟ ਲਾਸ਼ ਕੋਲ ਬੈਠੇ, ਸਾਲੀ ਕੋਲ ਅਫਸੋਸ ਕੀਤਾ ਤੇ ਫਿਰ ਬਾਹਰ ਆ ਗਏ। ਭੈਣਾਂ ਭੈਣ ਕੋਲ ਬੈਠੀਆਂ ਰਹੀਆਂ।

ਅਜੇ ਦਸ ਵੱਜੇ ਸਨ। ਦਿੱਲੀਓਂ ਭਾਈ ਨੇ ਗੱਡੀ ਤੇ

ਆਉਣਾ ਸੀ ਤੇ ਉਹਦੇ ਆਉਣ ਤੇ ਹੀ ਦੋ ਵਜੇ ਸਸਕਾਰ ਹੋਣਾ ਸੀ। ਬਾਹਰ ਚੌੜੀ ਸੜਕ ਤੇ ਆ ਕੇ ਉਹਨਾਂ ਖੁੱਲ੍ਹਾ ਸਾਹ ਲਿਆ।

"ਚੱਲ ਯਾਰ! ਸ਼ੇਵ ਈ ਕਰਾ ਲਈਏ।" ਨਾਈ ਦੀ ਦੁਕਾਨ ਵੇਖਕੇ ਛੋਟੇ ਸਾਧੂ ਨੇ ਕਿਹਾ।

ਇਕ ਸ਼ੇਵ ਕਰਾਉਂਦਾ ਰਿਹਾ, ਦੂਜਾ ਅਖਬਾਰਾਂ ਵੇਖਦਾ ਰਿਹਾ। ਸਵੇਰੇ ਘੋਰ ਹਨੇਰੇ ਤੁਰਨ ਕਾਰਨ ਅਖਬਾਰ ਵੀ ਨਹੀਂ ਵੇਖੇ ਸਨ। ਅੱਧੇ ਘੰਟੇ ਬਾਦ ਉਹ ਫੇਰ ਵਿਹਲੇ ਸਨ।

"ਚੱਲ ਯਾਰ! ਕੁਝ ਪੇਟ-ਪੂਜਾ ਕਰਕੇ ਆਈਏ। ਤੜਕੇ ਦਾ ਚਾਹ ਦਾ ਕੱਪ ਈ ਪੀਤੈ।"

ਬਜਾਰਾਂ ਦੀ ਰੌਣਕ ਵੇਖਦੇ ਹੋਏ ਉਹ ਮੇਨ ਬਜਾਰ ਵਿਚ ਆ ਨਿਕਲੇ। ਧੁੱਪ ਸੂਈਆਂ ਵਾਂਗ ਚੁਭ ਰਹੀ ਸੀ।

"ਬੜੇ ਕਲੋਟੇ ਫਸੇ ਯਾਰ! ਕਿਹੜੇ ਵੇਲੇ ਦੋ ਵੱਜਣਗੇ?" ਛੋਟਾ ਬੋਲਿਆ।

"ਦੋ ਵਜੇ ਦਾ ਵੀ ਕੀ ਪਤੈ? ਗੱਡੀ ਲੇਟ ਵੀ ਹੋ ਸਕਦੀ ਐ।" ਵੱਡੇ ਨੇ ਖਦਸ਼ਾ ਜਾਹਰ ਕੀਤਾ।

ਵੱਗ ਵਿੱਚੋਂ ਆਉਟਲੀ ਵੱਛੀ ਵਾਂਗ ਉਹ ਬੇਗਾਨੇ ਸ਼ਹਿਰ ਵਿਚ ਮਾਰੇ-ਮਾਰੇ ਫਿਰ ਰਹੇ ਸਨ। ਅਚਾਨਕ ਛੋਟਾ ਸਾਧੂ ਵੱਡੇ ਦੇ ਕੰਨ ਕੋਲ ਮੂੰਹ ਕਰਕੇ ਹੌਲੀ ਜਿਹੀ ਬੋਲਿਆ, "ਬੀਅਰ ਨਾ ਪੀਏ ਇਕ-ਇਕ।"

"ਕਮਾਲ ਕਰਦੈਂ ਸਹਿਗਲ ਤੂੰ ਵੀ! ਜੰਨ ਤਾਂ ਨੀ ਆਏ!" ਵੱਡਾ ਗੁੱਸੇ ਵਿਚ ਬੋਲਿਆ।

"ਵੇਖੋ ਸੱਭਰਵਾਲ ਸਾਹਬ! ਜਿਹੜਾ ਕੁਸ਼ ਹੋਣਾ ਸੀ, ਉਹ ਤਾਂ ਹੋ ਗਿਆ। ਹੁਣ ਬੰਦਾ ਤਾਂ ਮੁੜਦਾ ਨੀ ਆਪਣੇ ਕੁਝ ਖਾਣ ਜਾਂ ਪੀਣ ਨਾਲ ਤਾਂ ਕੋਈ ਫਰਕ ਨੀ ਪੈਣਾ।"

"ਨਹੀਂ ਯਾਰ, ਕੋਈ ਵੇਖੂਗਾ ਤਾਂ ਕੀ ਕਹੂਗਾ।" ਵੱਡਾ ਬੋਲਿਆ।

"ਵੇਖਣ ਨੂੰ ਆਪਣੇ ਕੋਈ ਮਗਰ ਤੁਰਿਆ ਫਰਦੈ? ਐਥੇ ਐਡੇ ਸ਼ਹਿਰ 'ਚ ਆਪਾਂ ਨੂੰ ਕੌਣ ਜਾਣਦੈ?"

"ਨਹੀਂ ਯਾਰ, ਮੈਨੂੰ ਠੀਕ ਨਹੀਂ ਲਗਦਾ।" ਵੱਡੇ ਨੇ ਕਿਹਾ ਤਾਂ ਛੋਟਾ ਚੁੱਪ ਕਰ ਗਿਆ।

ਕੁਝ ਦੇਰ ਉਹ ਚੁੱਪ ਚਾਪ ਤੁਰੇ ਗਏ। ਵਾਪਸ ਘਰੇ ਮੁੜਨ ਦੇ ਖਿਆਲ ਨਾਲ ਦੋਵੇਂ ਅੱਕਲਕਾਣ ਜਿਹੇ ਹੋ ਗਏ। ਵੱਡੇ ਨੇ ਘੜੀ ਵੇਖੀ। ਅਜੇ ਗਿਆਰਾਂ ਵੱਜੇ ਸਨ।

ਅਚਾਨਕ ਸਾਹਮਣੇ ਬੀਅਰ-ਬਾਰ ਦੇ ਵੱਡੇ ਸਾਰੇ ਸਾਈਨ-ਬੋਰਡ ਉੱਤੇ ਗੌਡਫਾਦਰ ਨਾਲ ਝੱਗੋ ਝੱਗ ਭਰੇ ਮੱਗ ਨੂੰ ਹੱਥ ਵਿਚ ਫੜੀ ਵੱਡੀਆਂ ਮੁੱਛਾਂ ਵਾਲੇ ਆਦਮੀ ਦੀ ਤਸਵੀਰ ਵੇਖ ਵੱਡਾ ਬੋਲਿਆ, "ਚੱਲ ਯਾਰ! ਵੇਖੀ ਜਾਊ!"

ਤੇ ਦੋਵੇਂ ਸਾਧੂ ਚੋਰ-ਅੱਖਾਂ ਨਾਲ ਇੱਧਰ-ਉੱਧਰ ਵੇਖਦਿਆਂ ਤੇਜੀ ਨਾਲ ਬਾਰ ਵਿਚ ਵੜ ਗਏ।

**94172-87399**

## ਦੋ ਗ਼ਜ਼ਲਾਂ
## ਗੁਰਪ੍ਰੀਤ ਧਰਮਕੋਟ



ਮੁਹੱਬਤ ਜਦ ਦਾ ਤਪਦੇ ਰੇਤ ਨਾਲ ਉਹ ਕਰਨ ਲੱਗਿਆ ਹੈ
ਸਲੀਕੇ ਨਾਲ ਦਰਦਾਂ ਦਾ ਸਮੁੰਦਰ ਤਰਨ ਲੱਗਿਆ ਹੈ

ਘਰੇ ਜਦ ਪਰਤਿਆ ਸੀ ਬਿਰਧ ਮਾਂ ਨੂੰ ਆਸ਼ਰਮ ਛੱਡ ਕੇ
ਤਾਂ ਸੀਨੇ ਨਾਲ ਲਾ ਕੇ ਬਾਲ ਖੁਦ ਵੀ ਡਰਨ ਲੱਗਿਆ ਹੈ

ਵਟਾ ਨਾ ਰੰਗ ਜਾਵੀਂ ਤੱਕ ਕੇ ਵਕਤੀ ਰੰਗਸ਼ਾਲਾ ਤੂੰ
ਮਸਾਂ ਤੇਰਾ ਇਹ ਰੰਗ ਮੇਰੇ ਖ਼ਲਾਅ ਨੂੰ ਭਰਨ ਲੱਗਿਆ ਹੈ

ਅਮੀਰਾਂ ਦੀ ਗਲੀ ਕੀ ਖੇਡਿਆ ਮਜ਼ਦੂਰ ਦਾ ਬੱਚਾ
ਆ ਬਸਤੀ ਆਪਣੀ ਵਿਚ ਹਰ ਕਿਸੇ ਨਾ' ਲੜਨ ਲੱਗਿਆ ਹੈ

ਵਕਾਲਤ ਹੀ ਰਿਹਾ ਕਰਦਾ ਜੋ ਉਮਰਾਂ ਤੱਕ ਅਜਾਦੀ ਦੀ
ਅਜਾਦੀ ਦੇਖ ਕੇ ਮਨ ਉਸ ਦਾ ਵੀ ਹੁਣ ਡਰਨ ਲੱਗਿਆ ਹੈ

...

ਆਖਰ ਨੂੰ ਰਲ਼ ਉਹ ਵੀ ਸਾਰੇ ਮਿੱਟੀ-ਘੱਟੇ ਜਾਂਦੇ ਨੇ
ਨਾਲ਼ ਹਵਾ ਦੇ ਸਾਖ਼ ਤੋਂ ਟੁੱਟ ਜੋ ਸਾਵੇ ਪੱਤੇ ਜਾਂਦੇ ਨੇ

ਖ਼ੁਸ਼ਬੂ ਖ਼ੁਸ਼ਬੂ ਹੋ ਜਾਂਦਾ ਹੈ ਉਸ ਦਾ ਆਸਾ-ਪਾਸਾ ਵੀ
ਸਾਂਭ ਕੇ ਜਿਹੜੀ ਥਾਂ ਤੇ ਖ਼ਤ ਮਹਿਬੂਬ ਦੇ ਰੱਖੇ ਜਾਂਦੇ ਨੇ

ਉਂਝ ਤਾਂ ਮੈਨੂੰ ਦੱਸਿਆ ਜਾਂਦੈ ਸਾਰਾ ਅੰਬਰ ਤੇਰਾ ਹੈ
ਉੱਡਣ ਦੀ ਜਦ ਗੱਲ ਕਰਾਂ ਤਾਂ ਪਰ ਵੀ ਕੱਟੇ ਜਾਂਦੇ ਨੇ

ਸਾਬਤ ਟੁਕੜੇ ਸੰਗਮਰਮਰ ਦੇ ਤੇਰੇ ਘਰ ਨੂੰ ਲੱਗੇ ਨੇ
ਹਾਲ਼ੇ ਤੀਕਰ ਮੇਰੇ ਪਿੰਡ ਨੂੰ ਰਾਹ ਵੀ ਕੱਚੇ ਜਾਂਦੇ ਨੇ

ਕਿੱਥੋਂ ਦੇਸ਼ ਉਹ ਰਲ਼ ਜਾਵੇਗਾ ਅੱਜ ਦੇ ਨਾਲ ਜ਼ਮਾਨੇ ਦੇ
ਕੁਰਸੀ ਖ਼ਾਤਰ ਹਾਲੇ ਜਿੱਥੇ ਚਰਖੇ ਕੱਤੇ ਜਾਂਦੇ ਨੇ

## ਇਸ ਅੰਕ ਦਾ ਸ਼ਾਇਰ



## ਮਹਿੰਦਰ ਸਾਥੀ ਦੀਆਂ ਗ਼ਜ਼ਲਾਂ

ਸਵਾਰਥ ਤੋਂ ਵਫ਼ਾ ਦਾ ਖ਼ਿਆਲ ਸਾਥੀ
ਕਸਾਈ ਤੋਂ ਦਵਾ ਦੀ ਭਾਲ ਸਾਥੀ

ਨਗਰ ਸੋਨੇ ਦਾ ਚਾਂਦੀ ਦੇ ਨੇ ਚੇਹਰੇ
ਦਿਲਾਂ ਦਾ ਇਸ ਜਗ੍ਹਾ ਹੈ ਕਾਲ ਸਾਥੀ

ਚਿਕਨ ਮਿਲਦੇ ਜੋ ਰੂਹ ਨੂੰ ਵੇਚ ਕੇ ਉਸ ਤੋਂ
ਬੜੀ ਚੰਗੀ ਹੈ ਮੂੰਗੀ ਦੀ ਦਾਲ ਸਾਥੀ

ਗਲੀ, ਕੂਚੇ ਨੇ ਰੱਬ ਦੇ ਘਰ ਤਾਂ ਮਿਲਦੇ
ਘਰਾਂ ਦਾ ਹੀ ਹੈ ਬੱਸ ਇੱਕ ਕਾਲ ਸਾਥੀ

ਪਰੋਸੇ ਜਿਦ੍ਹੇ ਵਿਚ ਅਨਿਆਂ, ਅਪਮਾਨ
ਕਰਾਂ ਕੀ ਸੋਨੇ ਦਾ ਉਹ ਥਾਲ ਸਾਥੀ

ਨਾ ਰੁੱਤਾਂ ਵਾਂਗ ਉਹ ਸਿੱਖਿਆ ਬਦਲਣਾ
ਰਹੇ ਆਪਣੇ ਵੀ ਨਾ ਉਸ ਨਾਲ ਸਾਥੀ

ਜੇ ਕਰਦਾ ਸ਼ਾਇਰੀ-ਥਾਂ ਤੂੰ ਸਿਆਸਤ
ਨਾ ਹੁੰਦਾ ਏਦਾਂ ਖਸਤਾ ਹਾਲ ਸਾਥੀ

ਬਦਲਣਾ ਹੀ ਬਦਲਣਾ ਸੀ ਤੂੰ ਆਖਰ
ਤੂੰ ਰਹਿੰਦਾ ਸੀ ਨੇਤਾਵਾਂ ਦੇ ਨਾਲ ਸਾਥੀ

ਗ਼ਜ਼ਲ-ਉਸਤਾਦ ਮੰਨਣਗੇ ਨਹੀਂ, ਪਰ
ਗ਼ਜ਼ਲ ਰੋਟੀ ਰਹੀ ਹੈ ਭਾਲ ਸਾਥੀ

ਸੀ ਆਏ ਖਾਲੀ ਹੱਥ ਦੇ ਜਾਂ 'ਗੇ ਨਗਮੇ
ਲਿਜਾਣਾ ਕੀ ਅਸਾਂ ਨੇ ਨਾਲ ਸਾਥੀ

ਜਿਵੇਂ ਤਪਦੇ ਥਲਾਂ ਨੂੰ ਲੰਘ ਕੋਈ ਗੁਲਜ਼ਾਰ ਤੱਕ ਪਹੁੰਚੇ
ਅਸੀਂ ਵੀ ਇਸ ਤਰਾਂ ਹੀ ਹਾਂ ਕਿਸੇ ਦੇ ਪਿਆਰ ਤੱਕ ਪਹੁੰਚੇ

ਕਿਨਾਰੇ ਬੈਠੀਆਂ ਨੂੰ ਕੀ ਖਬਰ ਮੰਝਧਾਰ ਕੀ ਸ਼ੈ ਹੈ
ਪੁਛੋ ਉਹਨਾਂ ਨੂੰ ਇਸ ਨੂੰ ਚੀਰ ਕੇ ਜੋ ਪਾਰ ਤੱਕ ਪਹੁੰਚੇ

ਖੁਦਾ ਦਾ ਗਜਬ ਭਾਰਤ-ਰਤਨ ਏਥੇ ਬਣਨਗੇ ਹੁਣ ਉਹ
ਕੀ ਜੋ ਸੀ 'ਵੀਰ' ਮਾਫ਼ੀ ਬਣ ਸ਼ਾਹੀ ਦਰਬਾਰ ਤੱਕ ਪਹੁੰਚੇ

ਉਹਦੀ ਕਵਿਤਾ ਹੈ ਯੂਨੀਵਰਸਿਟੀ ਤਕ ਇਸ ਤਰਾਂ ਪਹੁੰਚੀ
ਦਲਾਲਾਂ ਰਾਹੀਂ ਮਾੜਾ ਮਾਲ ਜਿਉਂ ਬਾਜ਼ਾਰ ਤੱਕ ਪਹੁੰਚੇ

ਅਸੀਂ ਕਮਲੇ ਸੀ ਕੱਕੇ ਤੋਂ ਕ੍ਰਾਂਤੀ ਹੀ ਰਹੇ ਕਢਦੇ
ਤੁਸੀਂ ਸਿਆਣੇ ਸੀ ਕੱਕੇ ਤੋਂ ਜੋ ਕੁਰਸੀ ਤੋਂ ਕਾਰ ਤੱਕ ਪਹੁੰਚੇ

ਸੁਮਨ ਸੰਵਾਦ ਦਾ ਲੈ ਕੇ ਉਹ ਤੇਰੇ ਕੋਲ ਆਇਆ ਸੀ
ਤੂੰ ਠੁਕਰਾ 'ਤਾ ਤਾਂ ਉਹਦੇ ਹੱਥ ਨੇ ਫਿਰ ਤਲਵਾਰ ਤਕ ਪਹੁੰਚੇ

ਤੇਰੇ ਹੋਠਾਂ 'ਤੇ ਨਹੀਂ ਪਹੁੰਚੀ ਮੇਰੀ ਕਵਿਤਾ ਤਾਂ ਕੀ ਹੋਇਆ
ਹੈ ਮੇਰੀ ਆਰਜ਼ੂ ਇਹ ਦੀਨ ਹਰ ਜੁਝਾਰ ਤਕ ਪਹੁੰਚੇ

ਸਚਾਈਏ ਨੀ ! ਇਹ ਤੇਰਾ ਇਸ਼ਕ ਵੀ ਕੀ ਸ਼ੈਅ ਹੈ ਕੀ ਦੱਸਾਂ
ਸੜੇ ਜੇਲ੍ਹੀਂ, ਇਹ ਵਿਸ਼ ਪੀਵੇ, ਤੇ ਹਸਦਾ ਦਾਰ ਤਕ ਪਹੁੰਚੇ

ਅਸੀਂ ਪੜ੍ਹਦੇ ਹਾਂ ਬਾਣੀ ਨਿੱਤ, ਤੇ ਇਸ ਕੰਮ ਵਿਚ ਹਾਂ ਪੱਕੀ ਇੱਟ
ਨਾ ਇਹ ਪੁੱਛਿਓ ਕੀ ਬਾਣੀ ਦੇ ਵੀ ਹੋ ਵਿਵਹਾਰ ਤਕ ਪਹੁੰਚੇ

ਗੁਆਂਢੀ ਨਾਲ ਬਨਦੀ ਨਹੀਂ ਵਿਦੇਸ਼ਾਂ ਥੀਂ ਬਣਾਉਂਦਾ ਹੈ
ਕਹੋ ਉਸ ਨੂੰ ਨਾ ਦੁਰਯੋਧਨ ਤਰਾਂ ਹੰਕਾਰ ਤਕ ਪਹੁੰਚੇ

ਅਵਾਮੀ ਆਇਨਾ ਬਣਕੇ ਰਹੇ 'ਸਾਥੀ' ਗਜ਼ਲ ਮੇਰੀ
ਵਿਕਾਊ ਚੀਜ਼ ਬਣਕੇ ਨਾ ਕਦੀ ਬਾਜ਼ਾਰ ਤਕ ਪਹੁੰਚੇ

## ਇਸ ਅੰਕ ਦਾ ਸ਼ਾਇਰ

# ਮਹਿੰਦਰ ਸਾਥੀ ਦੀਆਂ ਗ਼ਜ਼ਲਾਂ

ਦੇਹਾਂ ਦੀ ਅੱਜ ਨੁਮਾਇਸ਼ ਵਿਚ ਦਿਲਾਂ ਨੂੰ ਕੌਣ ਪੁੱਛਦਾ ਹੈ
ਵਫਾਵਾਂ ਕੌਣ ਵਿਹੰਦਾ ਹੈ ਗੁਣਾਂ ਨੂੰ ਕੌਣ ਪੁੱਛਦਾ ਹੈ

ਦਿਨਾਰਾਂ, ਡਾਲਰਾਂ, ਪੌਂਡਾਂ ਦੇ ਹੱਥੀਂ ਚੜ੍ਹ ਗਿਆ ਜੋਬਨ
ਰੁਪਈਏ ਤੇਰੇ ਦੇ ਹੁਣ ਤਰਲਿਆਂ ਨੂੰ ਕੌਣ ਪੁੱਛਦਾ ਹੈ

ਇਹ ਮੰਦਰ, ਮਸਜਿਦਾਂ, ਦੁਆਰੇ ਨੇ ਵਿਕਦੇ ਸਾਰੇ ਦੇ ਸਾਰੇ
ਡਰਾਵੇ-ਨਰਕੀ, ਸੁਰਗੀ ਲਾਰਿਆਂ ਨੂੰ ਕੌਣ ਪੁੱਛਦਾ ਹੈ

ਇਹ ਮੰਡੀ ਹੈ ਅਸੂਲ ਇਸਦਾ ਮੁਨਾਫ਼ਾ ਬਸ ਮੁਨਾਫ਼ਾ ਹੈ
ਧਰਮ ਦੀ ਕੌਣ ਸੁਣਦਾ ਹੈ, ਨਿਆਂ ਨੂੰ ਕੌਣ ਪੁੱਛਦਾ ਹੈ

ਹਵਸ ਦੇ ਹੜ੍ਹ ਦੇ ਸਾਹਵੇਂ ਤਿਣਕੇ ਨੇ ਮੁਤਬਰਕ ਰਿਸ਼ਤੇ ਵੀ
ਹਵਸ ਦੇ ਹੜ੍ਹ 'ਚ ਹੱਦਾਂ ਬੰਨਿਆਂ ਨੂੰ ਕੌਣ ਪੁੱਛਦਾ ਹੈ

ਧਰਮ, ਇਖਲਾਕ ਤੇ ਕਾਨੂੰਨ ਵਿਕਦੇ ਕੋਠਿਆਂ ਵਾਂਗੂੰ
ਸ਼ਹੀਦਾਂ ਦੇ ਸਿਸਕਦੇ ਸੁਪਨਿਆਂ ਨੂੰ ਕੌਣ ਪੁੱਛਦਾ ਹੈ

ਗਰਾਂ ਤੋਂ ਹੈ ਨਗਰ ਜਾਂਦੈ, ਨਗਰ ਤੋਂ ਫਿਰ ਮਹਾਂਨਗਰ ਉਹ
ਗਰਾਂ ਨੂੰ ਛੱਡ ਗਿਐ ਇਨਸਾਂ, ਗਰਾਂ ਨੂੰ ਕੌਣ ਪੁੱਛਦਾ ਹੈ

ਕਈਆਂ ਨੂੰ ਮੁਕਤੀ ਦਾ ਲਾਰਾ ਕਈਆਂ ਨੂੰ ਖਿੱਚਦਾ ਮਨੋਰੰਜਨ
ਜੇ ਲਾਰੇ ਲਾਉਣ ਨਾ ਫਿਰ ਤੀਰਥਾਂ ਨੂੰ ਕੌਣ ਪੁੱਛਦਾ ਹੈ

ਉਹ ਮੇਰਾ ਦੇਸ਼ ਹੈ ਜਿਥੇ ਸਦਰ ਬਣ ਸਕਦੇ ਨੇ ਕਾਤਿਲ
ਉਥੇ 'ਗੁਜਰਾਤ ਦੀਆਂ ਫਾਇਲਾਂ' ਨੂੰ ਕੌਣ ਪੁੱਛਦਾ ਹੈ

ਹੈ ਪੁੱਛ ਅੱਜ ਬਾਬਿਆਂ ਦੀ ਸੁਆਮੀਆਂ ਦੀ ਲੀਡਰਾਂ ਦੀ ਜੀ
ਭਲਾ ਬਾਗੀ ਅਵਾਮੀ ਸ਼ਾਇਰਾਂ ਨੂੰ ਕੌਣ ਪੁੱਛਦਾ ਹੈ

ਪਸ਼ੂ ਤੇ ਪੈਸਿਆਂ ਦੀ ਪੂਜਾ 'ਸਾਥੀ' ਇਥੇ ਹੁੰਦੀ ਹੈ
ਕਲਾ ਨੂੰ ਕਵਿਤਾ ਨੂੰ ਤੇ ਨਗਮਿਆਂ ਨੂੰ ਕੌਣ ਪੁੱਛਦਾ ਹੈ

ਇਉਂ ਸੰਵੇਦਨਾ ਮੁਕ ਰਹੀ ਹੈ ਮਨੁੱਖ 'ਚੋਂ
ਜਿਵੇਂ ਪੱਤੇ ਤੇ ਸ਼ਾਖਾਂ ਟੁੱਟ ਜਾਣ ਰੁੱਖ ਤੋਂ
ਸਿਆਸਤ, ਧਰਮ, ਪਿਆਰ, ਜਿਸ ਲਈ ਨੇ ਫੈਸ਼ਨ
ਇਹ ਇਸ ਦੌਰ ਦਾ ਆਧੁਨਿਕ ਆਦਮੀ ਹੈ

ਨਾ ਸੀ ਸ਼ੌਕ ਸਾਡਾ, ਨਾ ਸਾਡੀ ਸੀ ਆਦਤ
ਤੇਰੇ ਜ਼ੁਲਮਾਂ ਸਾਨੂੰ ਸਿਖਾਈ ਬਗਾਵਤ
ਅਸਾਡਾ ਤਾਂ ਇਕ ਸ਼ੌਕ ਬਸ ਵੰਝਲੀ ਸੀ
ਇਹ ਬੰਦੂਕ ਤਾਂ ਬੇਵਸੀ ਨੇ ਫੜੀ ਹੈ

ਸੀ ਆਪਣੀ ਮੁਹੱਬਤ ਦਾ ਅੰਜਾਮ ਹੋਇਆ
ਗਿਆ ਫੁੱਲ ਸੀ ਰਸਮਾਂ ਦੇ ਨੇਜ਼ੇ ਪਰੋਇਆ
ਮੈਂ ਕਾਤਿਲ ਰਿਵਾਜਾਂ ਦੇ ਸੰਗ ਲੜ ਰਿਹਾ ਹਾਂ
ਲੜਦਿਆਂ ਗੁਜਰ ਗਈ ਅਧੀਓਂ ਵਧ ਸਦੀ ਹੈ


ਭਲਾ ਉਮਰ ਦਾ ਬੀਤ ਚੁੱਕਿਐ ਦੁਪਹਿਰਾ
ਪਰ ਅੱਖਾਂ 'ਚ ਸੁਪਨਾ ਹੈ ਸੂਹਾ ਸੁਨਹਿਰਾ
ਉਦਾਸੀ ਹੈ ਸੁਪਨੇ ਨੂੰ ਸਚ ਕਰ ਸਕੇ ਨੇ
ਤਸੱਲੀ ਹੈ ਸਾਡੀ ਵਫ਼ਾ ਨਾ ਵਿਕੀ ਹੈ

ਅਸੀਂ ਵੇਖੀਆਂ, ਝੱਲੀਆਂ ਤਲਖੀਆਂ ਜੋ
ਐ ! ਦੁਨੀਆਂ ਤੇਰੀ ਵਿਚ ਪੇਸ਼ ਨੇ ਉਹ
ਇਹ ਮੁੜ੍ਹਕੇ ਤੇ ਨਿਰਦੋਸ਼ ਰੱਤ ਦੀ ਹੈ ਖੁਸ਼ਬੋ
ਨਹੀਂ 'ਸਾਥੀ' ਦਾਅਵਾ ਕੀ ਇਹ ਸ਼ਾਇਰੀ ਹੈ



94783-33696

## ਗੀਤ / ਸੁਰਜੀਤ ਸਿੰਘ ਕਾਉਂਕੇ



ਸੁੱਟੀ ਨਾ ਸੰਦੂਕ ਪੁੱਤਾ
ਘਰ ਦਾ ਸ਼ਿੰਗਾਰ ਵੇ
ਵਿਆਹ ਦੀ ਨਿਸ਼ਾਨੀ ਮੇਰੀ
ਪੇਕਿਆਂ ਦਾ ਹਾਰ ਵੇ
ਦਾਜ ਦੀ ਨਿਸ਼ਾਨੀ ਮੇਰੀ
ਪੇਕਿਆਂ ਦਾ ਮੋਹ ਵੇ
ਸਾਂਭ ਸਾਂਭ ਰੱਖਿਆ ਮੈਂ
ਲਵੇ ਨਾਂ ਕੋਈ ਖੋਹ ਵੇ
ਰੀਝਾਂ ਇਹ ਕੁਆਰੀਆਂ ਦਾ
ਭਰਿਆ ਭੰਡਾਰ ਵੇ
ਸੁੱਟੀ ਨਾਂ ਸੰਦੂਕ ਪੁੱਤਾ

ਫੋਲੇਂ ਜੇ ਸੰਦੂਕ ਵਿੱਚ
ਖੇਸ ਤੇ ਤਲ਼ਾਈਆਂ ਵੀ
ਸੱਗਾ ਰੱਤਾ ਆਉਂਦਾ
ਮੇਰੀ ਬੇਬੇ ਨੇ ਵਿਛਾਈਆਂ ਸੀ
ਚਾਦਰਾਂ ਤੇ ਮੋਰ ਪਾਏ
ਕੂੰਜਾਂ ਦੀ ਵੀ ਡਾਰ ਵੇ
ਸੁੱਟੀ ਨਾ ਸੰਦੂਕ ਪੁੱਤਾ

ਦਰੀਆਂ ਗਲੀਚੇ ਵਿੱਚ
ਆਪ ਹੱਥੀਂ ਬੁਣੇ ਮੈਂ
ਕਿਹੜੇ ਕਿਹੜੇ ਰੰਗ ਪਾਵਾਂ
ਆਪ ਹੱਥੀਂ ਚੁਣੇ ਮੈਂ
ਦੇਰ ਰਾਤ ਛੋਪ ਕੱਤੇ
ਹੁੰਦੀ ਸੀ ਬਹਾਰ ਵੇ
ਸੁੱਟੀ ਨਾ ਸੰਦੂਕ ਪੁੱਤਾ

ਚਰਖਾ ਮਸ਼ੀਨ ਪੀਹੜੀ
ਚੱਕੀ ਕੋਈ ਲੈ ਗਿਆ
ਵੇਖ ਖਾਲ਼ੀ ਘਰ ਖੋਲਾ
ਚਿੱਤ ਮੇਰਾ ਬਹਿ ਗਿਆ
ਰਹਿ ਗਿਆ ਸੰਦੂਕ ਇੱਕ
ਪਾਵੇ ਜੀਹਦੇ ਚਾਰ ਵੇ
ਸੁੱਟੀ ਨਾ ਸੰਦੂਕ ਪੁੱਤਾ

ਇਹਦੇ ਵਿੱਚ ਬੋਹਟੇ ਛਿੱਕੂ
ਪੱਖੀਆਂ ਵੀ ਹੋਣੀਆਂ
ਦਿਨ ਰਾਤ ਗਾਲੇ ਦੀਦੇ
ਅੱਖੀਆਂ ਵੀ ਹੋਣੀਆਂ
ਯਾਦਾਂ ਦੀ ਪਟਾਰੀ ਮੇਰੀ
ਰੀਝਾਂ ਕਈ ਹਜ਼ਾਰ ਵੇ
ਸੁੱਟੀ ਨਾਂ ਸੰਦੂਕ ਪੁੱਤਾ

ਇਹਨੂੰ ਵੇਖ ਵੇਖ ਮੈਨੂੰ
ਮਿਲਦਾ ਸਕੂਨ ਵੇ
ਤੁਰ ਗਿਆ ਬਾਪੂ ਤੇਰਾ
ਸੁੱਕ ਗਿਆ ਖ਼ੂਨ ਵੇ
ਆਖਰੀ ਨਿਸ਼ਾਨੀ ਮੇਰੀ
ਇਹਦਾ ਕਿਹੜਾ ਭਾਰ ਵੇ
ਸੁੱਟੀ ਨਾ ਸੰਦੂਕ ਪੁੱਤਾ

ਪਤਾ ਮੈਨੂੰ ਤੇਰੀ ਕੋਠੀ
ਵਿੱਚ ਕੋਈ ਥਾਂ ਨਹੀਂ
ਬੋਡਾ ਹੈ ਸੰਦੂਕ ਹੁਣ
ਬੁੱਢੀ ਹੋਈ ਮਾਂ ਵੀ
ਔਖਾ ਸੌਖਾ ਲੱਭ ਲਈਂ
ਖੂੰਜਾ ਫੁੱਟ ਚਾਰ ਵੇ
ਸੁੱਟੀ ਨਾ ਸੰਦੂਕ ਪੁੱਤਾ
ਘਰ ਦਾ ਸ਼ਿੰਗਾਰ ਵੇ
ਵਿਆਹ ਦੀ ਨਿਸ਼ਾਨੀ ਮੇਰੀ
ਪੇਕਿਆਂ ਦਾ ਹਾਰ ਵੇ।

## ਦੋ ਗ਼ਜ਼ਲਾਂ / ਧਾਮੀ ਗਿੱਲ



ਰੱਬ ਕਰੇ ਇਸ ਜੀਵਨ ਦੇ ਸਭ ਮੌਸਮ ਚੰਗੇ ਚੰਗੇ ਹੋਣ
ਰੰਗਾਂ ਵਾਂਗੂੰ ਘੁਲ-ਮਿਲ ਜਾਵਣ ਜਜ਼ਬੇ ਰੰਗ-ਬਿਰੰਗੇ ਹੋਣ

ਪੌੜੇ ਲਾ ਕੇ, ਹੱਥ ਵਧਾ ਕੇ, ਉੱਤੇ ਚੜ੍ਹ ਕੇ ਤੋੜ ਲਵਾਂ
ਫ਼ਲ ਫੁੱਲਾਂ ਦੀ ਥਾਂ ਰੁੱਖਾਂ 'ਤੇ ਰੀਝਾਂ ਸੁਪਨੇ ਟੰਗੇ ਹੋਣ

ਰੂਹਾਂ ਵਾਲੀ ਬਖ਼ਸ਼ ਅਮੀਰੀ ਹੋਰ ਨਹੀਂ ਕੁਝ ਚਾਹੀਦਾ
ਸੋਚਾਂ ਵੀ ਅਲਬੇਲੀਆਂ ਹੋਵਣ ਖ਼ਿਆਲ ਵੀ ਮਸਤ ਮਲੰਗੇ ਹੋਣ

ਸ਼ਮਾਂ ਸੋਚਦੀ ਇਸ਼ਕ ਵਿੱਚ ਕਿਉਂ ਮਰਨਾ ਲੋਚਣ ਸਾਰੇ ਹੀ
ਇਸ਼ਕ 'ਚ ਜਿਹੜੇ ਜਿਉਣਾ ਜਾਨਣ ਐਸੇ ਕੁੱਝ ਪਤੰਗੇ ਹੋਣ

ਜੀਵਨ ਵਾਲੀ ਪੀਂਘ 'ਚ ਅੱਠਵਾਂ ਕਾਲ਼ਾ ਰੰਗ ਵੀ ਸ਼ਾਮਿਲ ਹੈ
ਲਾਜ਼ਿਮ ਨਹੀਂ ਤੁਹਾਡੇ ਸਿਰਜੇ ਸੁਪਨੇ ਸਭ ਸਤਰੰਗੇ ਹੋਣ

...

ਬੜੀ ਹੀ ਨੀਝ ਲਾ ਦੁਨੀਆਂ ਜੋ ਹਰ ਪਲ ਘੋਖਦਾ ਹੈ
ਵਿਚਾਰਾ ਸ਼ਖ਼ਸ ਉਹ 'ਇਨਸਾਨ' ਕੋਈ ਭਾਲਦਾ ਹੈ

ਜਦੋਂ ਸੋਚਾਂ ਚਿੜੀ ਮੇਰਾ ਵੀ ਉੱਡੂ ਆਲ੍ਹਣਾ ਛੱਡ
ਤਾਂ ਮੇਰੇ ਹੌਂਸਲੇ ਦਾ ਰੁੱਖ ਅਕਸਰ ਡੋਲਦਾ ਹੈ

ਲੁਭਾਉਣਾ ਲੱਗੇ ਉਸ ਨੂੰ ਮੇਲਾ ਦੁਨੀਆਂ ਵਾਲਾ ਹਰ ਪਲ
ਜੋ ਬੱਚੇ ਦੀ ਨਜ਼ਰ ਦੇ ਨਾਲ ਇਸ ਨੂੰ ਵੇਖਦਾ ਹੈ

ਇਕੱਲਾ ਸੁੱਕ ਚੱਲਿਆ ਰੋਹੀ ਅੰਦਰ ਝੂਮਦਾ ਜੋ
ਭਰਾ ਮੇਰਾ ਹੀ ਮੈਨੂੰ ਰੁੱਖ ਇਹ ਤਾਂ ਜਾਪਦਾ ਹੈ

ਇਹਦੀ ਖ਼ਸਲਤ ਹੈ 'ਧਾਮੀ' ਨਿਤ ਨਵੇਂ ਪੱਤ ਕੱਢ ਲੈਂਦੈ
ਜ਼ਮਾਨਾ ਰੋਜ਼ ਬੂਟਾ ਸੱਚ ਵਾਲਾ ਛਾਂਗਦਾ ਹੈ

## ਕਵਿਤਾਵਾਂ / ਸੁਧਾ ਓਮ ਢੀਂਗਰਾ

### ਪਤੰਗ

ਪਰਦੇਸ ਦੇ ਅਕਾਸ਼ ਤੇ
ਦੇਸੀ ਮਾਂਝੇ ਨਾਲ ਭਰੀ
ਇੱਛਾਵਾਂ ਨਾਲ ਸਜੀ
ਉੱਚੀ ਉਡਦੀ ਮੇਰੀ ਪਤੰਗ
ਦੋ ਸੰਸਕ੍ਰਿਤੀਆਂ ਦੇ
ਟਕਰਾਅ ਵਿਚ ਕਈ ਵਾਰ
ਕੱਟਦੇ ਕੱਟਦੇ ਬਚੀ
ਸ਼ਾਇਦ
ਦੇਸੀ ਮਾਂਝੇ ਵਿਚ ਦਮ ਸੀ
ਜੋ ਟਕਰਾ ਕੇ ਵੀ
ਕੱਟ ਨਹੀਂ ਸਕੀ
ਤੇ ਉੱਡ ਰਹੀ ਹੈ
ਵਿਦੇਸ਼ ਦੇ ਖੁੱਲੇ ਅਕਾਸ਼ ਵਿਚ
ਬੇਝਿਜਕ ਬੇਖੌਫ

### ਖ਼ਿਆਲ

ਤੇਰੇ ਖਿਆਲਾਂ ਨਾਲ
ਇਹ ਮਹਿਸੂਸ ਹੁੰਦਾ ਰਿਹਾ
ਜਿਵੇਂ ਹੋਂਦ ਮੇਰੀ
ਅੰਦਰੋਂ ਕੁਝ
ਗੁਆਚਦੀ ਰਹੀ

ਸਮੇਂ ਦੀ ਧੂੜ ਨੂੰ
ਜਦੋਂ ਵੀ ਝਾੜਿਆ ਤਾਂ
ਦਰਦ ਦੀ ਐਸੀ ਟੀਸ ਉੱਠੀ
ਤੇ ਇਕ ਅਥਰੂ
ਸਵੇਰ ਤੱਕ ਅੱਖ ਨੂੰ
ਧੋਂਦਾ ਰਿਹਾ

ਨਾ ਢਲਕਿਆ
ਨਾ ਡਿੱਗਿਆ
ਪਰ ਪਤਾ ਨਹੀਂ ਕਿਉਂ
ਦਿਲ ਇਨ੍ਹਾਂ ਮੋਤੀਆਂ ਦੀ
ਮਾਲਾ ਪਰੋਂਦਾ ਰਿਹਾ

ਤੇਰੇ ਖਿਆਲਾਂ ਨਾਲ
ਇਹ ਮਹਿਸੂਸ ਹੁੰਦਾ ਰਿਹਾ
ਜਿਵੇਂ ਵਿਅਕਤਿਤਵ ਮੇਰਾ
ਅੰਦਰੋਂ ਕੁਝ ਗੁਆਚਦਾ ਰਿਹਾ

ਜੰਗਲ ਖਿੜ ਉਠਿਆ
ਜਦੋਂ ਬਹਾਰ ਆਈ
ਮਾਲੀ ਬਸ ਮੇਰੇ ਲਈ
ਕੰਡੇ ਬੀਜਦਾ ਰਿਹਾ



ਜ਼ਖਮੀ ਰੂਹ
ਅਤੇ ਛਲਣੀ ਜਿਸਮ ਲਈ
ਉਮਰ ਭਰ
ਮੇਰੀ ਹੋਂਦ
ਘੁਟ ਘੁੱਟ ਕੇ ਰੋਂਦੀ ਰਹੀ....

### ਇੱਕਲਾਪਣ

ਝੜੇ ਪੱਤਿਆਂ ਦੇ ਨਾਲ
ਰੁੰਡ ਮਰੁੰਡ ਹੋਏ
ਬਿਰਖ
ਬੱਚਿਆਂ ਦਾ
ਘਰ ਛੱਡ ਕੇ
ਜਾਣ ਤੋਂ ਬਾਅਦ
ਬਜ਼ੁਰਗ
ਮਾਂ ਪਿਓ ਵਾਂਗ ਲੱਗੇ।

**ਅਨੁ. ਅਮਰਜੀਤ ਕੌਂਕੇ**

## ਕਿੱਥੇ ਹੁੰਦਾ / ਨੇਚਰਦੀਪ ਕਾਹਲੋਂ

ਕਿੱਥੇ ਹੁੰਦਾ
ਮਹਿਸੂਸ ਕਰਨ ਦਾ
ਕੋਈ ਪੈਰਾਮੀਟਰ
ਨਹੀਂ ਹੁੰਦਾ ਕੋਈ ਪੈਮਾਨਾ।
ਮਹਿਸੂਸ ਕਰਨ ਦੀ ਕੋਈ
ਹੱਦ ਥੋੜਾ ਨਾ ਹੁੰਦੀ ਏ।
ਦੱਸ ਖਾਂ!!
ਤੂੰ ਕਦੀ ਮਹਿਸੂਸ ਕੀਤਾ
ਬੱਦਲ ਵੀ ਰੋਂਦੇ ਹੋਣੇ
ਕਦੀ ਰਾਤ ਦੀ ਖਾਮੋਸ਼ ਤੜਪ ਵੇਖੀ
ਸੋਚਿਆ ਕਦੀ ਤਾਰੇ
ਕੋਲ ਕੋਲ ਹੁੰਦੇ ਵੀ ਆਪਸ ਵਿਚ
ਰੁੱਸ ਸਕਦੇ ਨੇ
ਵੇਖਿਆ ਕਦੀ
ਸੂਰਜ ਦਾ ਇੱਕਲਾਪਨ
ਮਨਚਾਹੀ ਤਲੀ ਤੇ ਲੱਗਣ ਦੀ
ਮਹਿੰਦੀ ਦੀ ਰੀਝ ਕਿਆਸੀ ਕਦੀ
ਤੂੰ ਤੜਪ ਪਹਿਚਾਣੀ
ਕਦੀ ਕੰਡਿਆਂ ਦੀ
ਕੋਲ ਹੋ ਕੇ ਵੀ ਫੁੱਲ ਤੋਂ
ਦੂਰ ਰਹਿਣ ਦਾ ਦਰਦ
ਕਦੀ ਧੁੱਪ ਦੇ ਅੰਦਰ ਦੀ
ਠੰਡਕ ਨੂੰ ਮਹਿਸੂਸ ਕੀਤਾ
ਸੁਣਿਆ ਕਦੇ ਚੁੱਪ ਦੇ
ਅੰਦਰ ਦਾ ਰੌਲਾ
ਪੜੀ ਕਦੀ ਸ਼ੋਰ ਦੇ ਅੰਦਰ ਦੀ ਚੁੱਪ
ਮਨ ਦੇ ਗੁੱਝੇ ਭੇਦ ਛੁਪਾਉਂਦੀ
ਕਲਾ ਦੇ ਵੈਣ ਸੁਣੇ ਕਦੇ
ਮੁਸਕੁਰਾਹਟ ਵੀ ਰੋਈ ਹੋ ਸਕਦੀ ਹੈ
ਹਾਂ ਕੁਦਰਤ ਵੀ ਉਦਾਸ ਹੋ ਸਕਦੀ ਹੈ
ਕਿਆਸੀ ਕਦੇ ਬੈਠ...
ਅਣਬੋਲੇ ਲਫ਼ਜ਼ਾਂ ਦੀ ਪੀੜ
ਫੁਰਸਤ ਵਿਚ ਪੜੀ
ਕੁਦਰਤ ਦੀਆਂ ਰਹੱਸਮਈ ਅੱਖਾਂ
ਬੜਾ ਕੁਝ ਹੈ ਇਸ ਵਿਚ
ਅਜੇ ਫਰੋਲਣ ਵਾਲਾ
ਪੀੜ ਦੀ ਕੋਈ ਸ਼ਕਲ ਥੋੜਾ ਹੁੰਦੀ ਏ
ਪਰ ਹੁੰਦੀ ਤੇ ਸਭ ਨੂੰ ਏ।

## ਗੁਰਪ੍ਰੀਤ ਕੌਰ ਧਾਲੀਵਾਲ ਦੀਆਂ ਕਵਿਤਾਵਾਂ

### ਭੀੜਤੰਤਰ

ਲੋਕਤੰਤਰ ਵਿੱਚ
ਹੋ ਜਾਵੇ ਜਦ ਹਾਵੀ
ਭੀੜਤੰਤਰ ਸਭ ਅਧਿਕਾਰ
ਸਭ ਹੱਕ ਛੂ-ਮੰਤਰ
ਕਦੋਂ? ਕਿੱਥੇ? ਕਿਵੇਂ?
ਰਹਿ ਸਕਦੇ ਹਾਂ ਅਸੀਂ
ਫਿਰ ਸੁਰੱਖਿਅਤ ।

### ਜਾਵੀਂ ਨਾ ਘਬਰਾ

ਭਰੇ-ਭਰੇ ਜੋ,
ਤੈਨੂੰ ਲੱਗਦੇ ਨੇ।
ਵੇਖ ਲੈ ਉਹਨਾਂ ਨੂੰ
ਜ਼ਰਾ ਤੂੰ ਹਿਲਾ
ਪਰ ਅੰਦਰੋਂ ਖਾਲੀ ਵੇਖ ਕੇ
ਜਾਵੀਂ ਨਾ ਘਬਰਾ।

### ਪਹਿਚਾਣ

ਪਛਾਣ ਮੇਰੀ
ਮੁਹਤਾਜ ਨਹੀਂ
ਕਿਸੇ
ਪਹਿਚਾਣ ਪੱਤਰ ਦੀ
ਹਾਂ .....
ਇਹ ਗੱਲ ਵੱਖਰੀ ਹੈ ਕਿ
ਕਦੋਂ ਤੇ ਕਿੱਥੇ ?



ਮਿਲੇ ਸਾਂ ਆਪਾਂ
ਤੈਨੂੰ ਇਹ ਯਾਦ ਨਹੀਂ ।

### ਮੇਰੇ ਅਹਿਸਾਸ

ਬਿਖਰੇ ਰਹਿ ਗਏ
ਹਵਾ ਵਿੱਚ
ਕੁਝ ਅਹਿਸਾਸ ਮੇਰੇ
ਪਹੁੰਚੇ ਤੇਰੇ ਤੱਕ ਤਾਂ
ਮਿਲੀ, ਜਾਣੀ ਤੇ ਮਾਣੀ
ਉਨ੍ਹਾਂ ਨੂੰ
ਰੁੱਖ ਹਵਾ ਨੇ ਜੇ
ਹਾਂ, ਰੁੱਖ ਹਵਾ ਨੇ ਬਦਲ ਲਿਆ
ਤਾਂ ਕਹਿਣਾ ਕੀ ?

### ਚਹੇਤੇ

ਦਮ-ਖਮ ਤੇ ਹੈ
ਹੌਂਸਲਾ ਵੀ,
ਬੋਝੇ ਸਾਡੇ।
ਤੁਰਨ ਲਈ,
ਪਹੁੰਚਣ ਲਈ,
ਤਿਆਰ ਵੀ ਹਾਂ,
ਕਿਸੇ ਮੰਜ਼ਿਲ ਤੇ।
ਪਰ ਇਹ ਕੀ ?
ਫਿਰ ਵੀ, ਕਈ ਮੌਕੇ,
ਕਈ ਮੰਜ਼ਿਲਾਂ,
ਕਈ ਵਾਰ,
ਖੁੱਸ ਜਾਂਦੇ ਨੇ
ਹੱਥੋਂ ਸਾਡੇ।
ਜਾਣਦੇ ਹੋ ਕਿਉਂ?
ਕਿਉਂਕਿ
ਉਨ੍ਹਾਂ ਮੌਕਿਆਂ ਤੇ
ਮੰਜ਼ਿਲਾਂ ਤੱਕ
ਪਹੁੰਚਣ ਵਾਲੀਆਂ
ਸੜਕਾਂ ਦੇ ਅਸੀਂ
ਚਹੇਤੇ ਜੋ ਨਹੀਂ ਹਾਂ ।

## ਦੋ ਕਵਿਤਾਵਾਂ / ਗੁਰਦੀਪ ਗਿੱਲ



**1.**

ਦਸਤਕ ਦੇਣ ਤੋਂ ਪਹਿਲਾਂ
ਆਪਣੇ ਆਪ ਨੂੰ
ਸੰਭਾਲ ਕੇ ਰੱਖੀਂ
ਕਈ ਵਾਰ ਬੰਦਾ
ਸੰਬੋਧਨੀ ਸੁਰ ਵਿੱਚ
ਭਟਕ ਵੀ ਜਾਂਦਾ ਏ
ਫਿਰ ਸਾਰੀ ਉਮਰ
ਪਰਛਾਵਿਆਂ ਮਗਰ
ਭੱਜ ਭੱਜ ਕੇ,
ਹਫ ਹਫ ਕੇ
ਤਿਲਕ ਕੇ ਦੂਰ ਜਾ ਡਿੱਗਦਾ ਏ
ਉਦੋਂ ਆਪਣੇ ਆਪ ਨੂੰ ਲੱਭਣਾ
ਬਹੁਤ ਮੁਸ਼ਕਿਲ ਹੁੰਦਾ ਹੈ ?

**2.**

ਉਹ ਹਾਸ਼ੀਏ ਦੇ ਬਾਹਰ ਖੜਾ ਹੈ
ਖਾਮੋਸ਼ ਮੁਦਰਾ ਵਿੱਚ ਹੈ
ਮੱਥੇ 'ਤੇ ਉੱਕਰ ਆਏ ਨੇ
ਪ੍ਰਸ਼ਨ ਚਿੰਨ੍ਹ ਅੱਖਾਂ 'ਚ ਜਲੌਅ ਹੈ
ਮਿਕਤਾਨਿਸੀ ਖਿੱਚ ਜਿਹਾ
ਬੁੱਲਾਂ 'ਚ ਹਰਫ਼
ਫੁਸਫੁਸਾ ਰਹੇ ਨੇ
ਪੇਟ 'ਚ ਗੁਰਬਤ ਦੀ
ਅੱਗ ਸੁਲਘ ਰਹੀ ਹੈ
ਹੱਥਾਂ 'ਚ ਫੜਿਆ ਤੀਰ ਕਮਾਨ
ਡਿੱਗਦਾ ਡਿੱਗਦਾ
ਮਸੀਂ ਬਚਿਆ ਹੈ
ਪੈਰਾਂ 'ਚ ਪਈਆਂ ਖੜਾਵਾਂ
ਤੁਰਨ ਲਈ ਕਾਹਲ 'ਚ ਨੇ
ਪਰ ਅਜੇ ਸਫਰ ਜਾਰੀ ਹੈ।

## ਕਹਾਣੀ / ਚੁਟਕਲਾ / ਹਰਦੀਪ ਸੱਭਰਵਾਲ

ਬੱਚੇ ਖੁਸ਼ ਹਨ ਤੇ ਖਿੜ ਖਿੜਾ ਰਹੇ ਹਨ, ਸਭ ਦੇ ਬਸਤੇ ਬੰਦ ਹਨ ਕਿਉਂਕਿ ਅੱਜ ਕੁਝ ਪੜ੍ਹਨ ਦਾ ਨਹੀਂ ਬਲਕਿ ਬਾਲ ਸਭਾ ਵਿੱਚ ਚੁਟਕਲੇ ਅਤੇ ਕਵਿਤਾਵਾਂ ਦਾ ਵਕਤ ਹੈ, ਸਕੂਲ ਦੀ ਵਰਦੀ ਵਿੱਚ ਵੱਖ-ਵੱਖ ਬੱਚੇ ਵੀ ਇੱਕੋ ਜਿਹੇ ਲੱਗ ਰਹੇ ਹਨ, ਛੋਟੇ-ਛੋਟੇ ਮਸੂਮ ਬੋਟਾਂ ਵਰਗੇ, ਜਿਵੇਂ ਤਲਾਬ ਵਿਚ ਮੁਰਗ਼ਾਬੀਆਂ ਦਾ ਕੋਈ ਝੁੰਡ ਮਸਤੀ ਕਰਦਾ ਤੈਰ ਰਿਹਾ ਹੋਵੇ, ਅਧਿਆਪਕ ਜੀ ਵੀ ਕਲਾਸ ਵਿੱਚ ਅੱਜ ਗੁੱਸੇ ਵਿਚ ਨਹੀਂ ਬਲਕਿ ਖੁਸ਼ ਨਜ਼ਰ ਆ ਰਹੇ ਹਨ, ਉਨ੍ਹਾਂ ਨੇ ਰੋਲ ਨੰਬਰ ਇੱਕ ਨੂੰ ਖੜਾ ਕੀਤਾ, ਇਹ ਬੜਾ ਬੀਬਾ ਬੱਚਾ ਹੈ, ਪੜ੍ਹਾਈ ਵਿੱਚ ਹੁਸ਼ਿਆਰ ਤੇ ਸਭ ਤੋਂ ਸਾਫ ਸੁਥਰਾ, "ਕਾਕਾ ਤੂੰ ਕੋਈ ਕਵਿਤਾ ਸੁਣਾ" ਅਧਿਆਪਕ ਜੀ ਨੇ ਹੌਂਸਲਾ ਅਫਜਾਈ ਕਰਦੇ ਕਿਹਾ ਬੱਚਾ ਪਹਿਲਾਂ ਹੀ ਜੋਸ਼ ਵਿਚ ਸੀ ਉਸ ਨੇ ਕਵਿਤਾ ਬੋਲਣੀ ਸ਼ੁਰੂ ਕੀਤੀ " ਮੋਟਾ ਸੇਠ ਸੜਕ ਪਰ ਲੇਟ ਆਈ ਗਾੜੀ ਫਟ ਗਿਆ ਪੇਟ ਗਾੜੀ ਕਾ ਨੰਬਰ ਏਟੀ ਏਟ ਗਾੜ੍ਹੀ ਪਹੁੰਚੀ ਇੰਡੀਆ ਗੇਟ ਇੰਡੀਆ ਗੇਟ ਤੇ ਆਈ ਅਵਾਜ਼ ਚਾਚਾ ਨਹਿਰੂ ਜ਼ਿੰਦਾਬਾਦ "ਸਭ ਬੱਚੇ ਜੋਸ਼ ਨਾਲ ਕਵਿਤਾ ਦੀਆਂ ਸਤਰਾਂ ਦੋਹਰਾ ਰਹੇ ਨੇ, ਸਿਰਫ ਇਕ ਬੱਚੇ ਨੂੰ ਛੱਡ ਕੇ, ਕਵਿਤਾ ਸੁਣ ਕੇ ਉਹ ਕੁਝ ਘਬਰਾ ਗਿਆ, ਉਸਦੇ ਚਿਹਰੇ ਤੇ ਡਰ ਉਭਰ ਆਇਆ ਸੀ, ਉਸਨੇ ਨਾਲ ਬੈਠੇ ਆਪਣੇ ਸਹਿਪਾਠੀ ਨੂੰ ਪੁੱਛਿਆ, " ਜੇ ਉਸਦਾ ਪੇਟ ਫਟ ਗਿਆ ਤਾਂ ਕੀ ਉਹ ਮਰ ਗਿਆ ?"

ਸਹਿਪਾਠੀ ਨੂੰ ਇਹ ਗੱਲ ਕਵਿਤਾ ਤੋਂ ਵੀ ਜ਼ਿਆਦਾ ਮਜ਼ੇਦਾਰ ਲੱਗੀ, ਉਸ ਨੇ ਉਸਦੇ ਪੱਟ ਤੇ ਚਪੇੜ ਮਾਰਦੇ ਹੋਏ ਕਿਹਾ, "ਹੱਟ ਪਾਗਲ " ਬੱਚਾ ਕੁਝ ਸਮਝ ਨਾ ਸਕਿਆ, ਬਾਕੀ ਸਾਰੇ ਬੱਚੇ ਮਾਹੌਲ ਵਿੱਚ ਖੁਸ਼ ਤੇ ਰਮੇਂ ਹੋਏ ਸਨ, ਉਹ ਸਾਰੇ ਕਿਸੇ ਪੰਛੀ ਦੇ ਵਿਸ਼ਾਲ ਝੁੰਡ ਵਰਗੇ ਹਨ ਜੋ ਅਸਮਾਨ ਵਿੱਚ ਤਾਰੀ ਲਾ ਰਹੇ ਹਨ, ਅਧਿਆਪਕ ਜੀ ਨੇ ਹੁਣ ਇੱਕ ਕੁੜੀ ਨੂੰ ਖੜਾ ਕੀਤਾ, ਇਹ ਕਲਾਸ ਦੇ ਬੱਚਿਆਂ ਵਿੱਚ ਸਭ ਤੋਂ ਅਮੀਰ ਘਰ ਦੀ ਕੁੜੀ ਹੈ, ਉਸ ਦੀ ਅਮੀਰੀ ਉਸ ਦੇ ਕੱਪੜਿਆਂ, ਵਤੀਰੇ ਤੇ ਗੱਲਬਾਤ ਦੇ ਸਲੀਕੇ ਵਿਚੋਂ ਝਲਕਦੀ ਹੈ, ਅਸਲ ਵਿੱਚ ਉਹ ਕਲਾਸ ਦੀ ਰਾਜਕੁਮਾਰੀ ਵਾਂਗ ਹੈ, ਕੁੜੀ ਨੇ ਇਕ ਕਵਿਤਾ ਬੋਲਣੀ ਸ਼ੁਰੂ ਕੀਤੀ "ਤਿਤਲੀ ਉੜੀ, ਬੱਸ ਪੇ ਚੜ੍ਹੀ ਸੀਟ ਨਾ ਮਿਲੀ, ਰੋਨੇ ਲਗੀ, ਡਰਾਇਵਰ ਕਹਿਤਾ ਆ ਜਾ ਮੇਰੇ ਪਾਸ ਤਿਤਲੀ ਬੋਲੀ ਹੱਟ ਬਦਮਾਸ਼"

ਸਾਰੇ ਬੱਚੇ ਤਾੜੀਆਂ ਵਜਾਉਣ ਲੱਗ ਪਏ, ਪਰ ਉਹ ਨਿੱਕਾ ਜਿਹਾ ਬੱਚਾ ਅਜੇ ਵੀ ਪਰੇਸ਼ਾਨ ਸੀ, ਹੈਰਾਨੀ ਨਾਲ ਆਲੇ ਦੁਆਲੇ ਦੇਖ ਰਿਹਾ ਸੀ, ਉਸ ਨੇ ਆਪਣੇ ਸਹਿਪਾਠੀ ਨੂੰ ਫਿਰ ਪੁੱਛਿਆ,"ਇਹ ਡਰਾਇਵਰ ਤਿਤਲੀ ਨੂੰ ਕਿਉਂ ਛੇੜਦਾ ਹੈ "ਸਹਿਪਾਠੀ ਨੂੰ ਹੁਣ ਹੋਰ ਵੀ ਜ਼ਿਆਦਾ ਮਜ਼ਾ ਆਇਆ, ਉਸ ਨੇ ਉਸ ਦੀ ਵੱਖੀ ਵਿਚ ਜ਼ੋਰ ਦੀ ਆਪਣੀ ਕੂਹਣੀ ਮਾਰੀ ਤੇ ਹੱਸ-ਹੱਸ ਕੇ ਦੂਹਰਾ ਹੋ ਗਿਆ, ਬੱਚਾ ਵੱਖੀ ਵਿਚ ਹੋ ਰਹੇ ਦਰਦ ਨਾਲ ਤੜਫ ਉਠਿਆ, ਪਰ ਉਸ ਤੋਂ ਵੀ ਜ਼ਿਆਦਾ ਦਰਦ ਉਸ ਦੇ ਦਿਲ ਅਤੇ ਦਿਮਾਗ ਵਿਚ ਹੋ ਰਿਹਾ ਸੀ । "ਸਰ ਜੀ ਮੈਂ ਇੱਕ ਚੁਟਕਲਾ ਸੁਣਾਵਾਂ?", ਤੀਜੀ ਲਾਈਨ ਵਿਚ ਬੈਠੇ ਇਕ ਮੁੰਡੇ ਨੇ ਪੁੱਛਿਆ, ਇਹ ਮੁੰਡਾ ਪੜ੍ਹਾਈ ਵਿੱਚ ਸਭ ਤੋਂ ਪਿੱਛੇ ਤੇ ਸ਼ਰਾਰਤਾਂ ਵਿਚ ਸਭ ਤੋਂ ਅੱਗੇ ਹੈ, ਕਲਾਸ ਵਿੱਚ ਰੌਲਾ ਪਾਉਣ ਵਾਲੇ ਬੱਚਿਆਂ ਵਿੱਚ ਸਭ ਤੋਂ ਜ਼ਿਆਦਾ ਅੱਗੇ। "ਹਾਂ ਬਈ, ਤੂੰ ਵੀ ਸੁਣਾ ਕੋਈ ਵਧੀਆ ਜਿਹਾ ਚੁਟਕਲਾ", ਅਧਿਆਪਕ ਜੀ ਨੇ ਹਾਮੀ ਭਰੀ। ਬੱਚਾ ਚੁਟਕਲਾ ਸ਼ੁਰੂ ਕਰਦਾ ਹੈ "ਇਕ ਮੁੰਡਾ ਆਪਣੀ ਮੰਮੀ ਨੂੰ ਕਹਿੰਦਾ ਹੈ, "ਮੰਮੀ ਤੁਸੀਂ ਮੈਨੂੰ ਝੂਠ ਬੋਲਿਆ ਹੈ" ਮੰਮੀ,



"ਕਦੋਂ ਪੁੱਤ ?" " ਮੰਮੀ ਤੁਸੀਂ ਤਾਂ ਕਹਿੰਦੇ ਸੀ ਕਿ ਮੇਰੀ ਛੋਟੀ ਭੈਣ ਪਰੀ ਹੈ ?" "ਹਾਂ ਫੇਰ ਪੁੱਤ ?" "ਝੂਠ ਆ ਮੰਮੀ, ਮੈਂ ਤਾਂ ਉਸ ਨੂੰ ਕੋਠੇ ਤੋਂ ਥੱਲੇ ਸਿਟ ਦਿੱਤਾ, ਉਹ ਉੱਡੀ ਤਾਂ ਹੈ ਨਹੀਂ "ਮੰਮੀ, "ਹਾਏ ਵੇ ਕੰਜਰਾ ਕਿੱਥੇ ਸੁੱਟ ਆਇਆ ਕੁੜੀ ਨੂੰ" ਸਾਰੀ ਕਲਾਸ ਹੱਸ-ਹੱਸ ਕੇ ਦੂਹਰੇ ਹੋਈ ਜਾ ਰਹੀ ਹੈ, ਪਰ ਉਹ ਬੱਚਾ ਹੋਰ ਵੀ ਜ਼ਿਆਦਾ ਪਰੇਸ਼ਾਨ ਹੋ ਗਿਆ ਹੈ, ਜਿਵੇਂ ਉਸ ਦਾ ਰੋਣਾ ਨਿਕਲਣ ਵਾਲਾ ਹੋਵੇ, ਉਸ ਨੇ ਫੇਰ ਆਪਣੇ ਸਹਿਪਾਠੀ ਨੂੰ ਪੁੱਛਿਆ, "ਉਸ ਦੀ ਭੈਣ ਨੂੰ ਕੀ ਬਹੁਤ ਜ਼ਿਆਦਾ ਸੱਟਾਂ ਲੱਗੀਆਂ ? "ਸਹਿਪਾਠੀ ਨੂੰ ਚੁਟਕਲੇ ਸੁਣ ਕੇ ਜੋ ਮਜ਼ਾ ਆ ਰਿਹਾ ਸੀ ਉਹ ਖ਼ਰਾਬ ਹੋ ਗਿਆ, ਉਸ ਨੇ ਖਿੱਝ ਕੇ ਬੱਚੇ ਨੂੰ ਲਗਭਗ ਧੱਕਾ ਮਾਰਦੇ ਹੋਏ ਕਿਹਾ, "ਜਾ ਪਰਾਂ ਮਰ ਓਏ " ਬੱਚਾ ਹੌਕਾ ਜਿਹਾ ਭਰ ਕੇ ਰਹਿ ਗਿਆ। "ਹੁਣ ਹੋਰ ਕੌਣ ਸੁਣਾਏਗਾ ਕੋਈ ਚੁਟਕਲਾ ਜਾਂ ਕਹਾਣੀ ?" ਅਧਿਆਪਕ ਜੀ ਨੇ ਬੱਚਿਆਂ ਨੂੰ ਪੁੱਛਿਆ। "ਸਰ ਜੀ ਮੈਂ ਇੱਕ ਚੁਟਕਲਾ ਸੁਣਾਵਾਂ ?" ਸਭ ਤੋਂ ਪਿਛਲੇ ਬੈਂਚ ਤੇ ਬੈਠੇ ਕਲਾਸ ਦੇ ਸਭ ਤੋਂ ਮਜ਼ਬੂਤ ਬੱਚੇ ਨੇ ਪੁੱਛਿਆ। ਇਹ ਬੱਚਾ ਕਲਾਸ ਦਾ ਸਭ ਤੋਂ ਤਕੜਾ ਬੱਚਾ ਹੈ ਤੇ ਅਘੋਸ਼ਿਤ ਰੂਪ ਵਿਚ ਇਹ ਉਸ ਦਾ ਪੂਰੀ ਕਲਾਸ ਤੇ ਰਾਜ ਕਰਦਾ ਹੈ ਖਾਸ ਤੌਰ ਤੇ ਕਲਾਸ ਦੇ ਮੁੰਡਿਆਂ ਉਪਰ, "ਹਾਂ ਜਰੂਰ ਕਾਕਾ, ਕੋਈ ਵਧੀਆ ਜਿਹਾ ਚੁਟਕਲਾ ਸੁਣਾ" ਅਧਿਆਪਕ ਜੀ ਨੇ ਹੱਲਾਸ਼ੇਰੀ ਦਿੱਤੀ। ਬੱਚੇ 1920 ਜੋਸ਼ੀਲੀ ਅਵਾਜ਼ ਚੁਟਕਲਾ ਸ਼ੁਰੂ ਕੀਤਾ,

"ਇਕ ਵਾਰ ਤਿੰਨ ਅਮਲੀ ਆਪਸ ਵਿਚ ਬੈਠੇ ਗੱਲਾਂ ਕਰ ਰਹੇ ਸਨ, ਪਹਿਲਾ ਅਮਲੀ ਕਹਿਣ ਲੱਗਾ, "ਬਾਈ ਮੈਂ ਨਾ ਹੁਣ ਪਿੰਡ ਦੇ ਬਾਹਰ ਜ਼ਮੀਨ ਖਰੀਦ ਲੈਣੀ ਆ ਤੇ ਖੇਤੀ ਕਰਨ ਲੱਗ ਜਾਣਾ ਹੈ, "ਬਾਈ ਤੂੰ ਕਾਹਦੀ ਖੇਤੀ ਕਰੇਗਾ ? ਦੂਜੇ ਅਮਲੀ ਨੇ ਪੁੱਛਿਆ । "ਮੈਂ ਬਾਈ ਗੰਨੇ ਦੀ ਖੇਤੀ ਕਰਾਂਗਾ "

**ਕਵਿਤਾਵਾਂ / ਡਾ. ਸੁਨੀਤਾ** **ਅਨੁਵਾਦ: ਅਮਰਜੀਤ ਕੌਂਕੇ**

### ਪਿਆਰ

ਪਿਆਰ ਕੋਈ
ਬੁੱਢਾ ਬੋਹੜ ਨਹੀਂ
ਜੋ ਸਮੇਂ ਦੇ ਥਪੇੜਿਆਂ ਨਾਲ
ਤਿੜਕ ਕੇ ਟੁੱਟ ਜਾਏ
ਉਹ ਸਥਾਈ ਹੈ
ਯੁਗਾਂ ਯੁਗਾਂ ਤੱਕ
ਕੁਦਰਤ ਦੀਆਂ ਰਗਾਂ ਵਿਚ
ਦੌੜਦਾ ਰਹੇਗਾ ਹਮੇਸ਼ਾ
ਇਹ ਕਹਿੰਦੇ ਹੋਏ ਕਿ
ਮੈਂ ਪਿਆਰ ਹਾਂ
ਪਿਆਰ ਵਿਚ ਛਲੀ ਗਈ
ਕੋਈ ਪ੍ਰੇਮਿਕਾ ਨਹੀਂ
ਜੋ ਚੁੱਪ ਚਾਪ ਕਿਸੇ
ਨਵੇਂ ਪ੍ਰੇਮੀ ਨੂੰ ਵਰ ਲਵਾਂ
ਮੈਂ ਤਾਂ ਜੋ ਹੈ
ਉਸੇ ਵਿਚ ਆਪਣੀ
ਜੜ੍ਹ ਜਮਾ ਲਵਾਂਗੀ.......

### ਕਲਮ ਦੀ ਅੱਗ

ਫਾਸਫੋਰਸ ਨੂੰ
ਸਿਰਹਾਣੇ ਰੱਖਣ ਦਾ
ਵਕਤ ਹੈ
ਜਿਸ ਨਾਲ
ਸਮਾਜ ਵਿਚ ਰਹਿੰਦੇ
ਭਰਮ ਨੂੰ
ਸਾੜਿਆ ਜਾ ਸਕੇ
ਇਹ ਅੱਜ ਦੀ ਨਹੀਂ
ਸਦੀਆਂ ਦੀ ਅਚੂਕ ਦਵਾਈ ਹੈ
ਜੋ ਸੰਵਿਧਾਨ ਦੇ ਸ਼ੁਰੂ ਤੋਂ ਲੈ ਕੇ



ਸਾਡੇ ਆਉਣ ਵਾਲੇ
ਦਿਨਾਂ ਤੱਕ
ਬਣੀ ਰਹੇਗੀ
ਕਿਉਂਕਿ ਚਿਣਗ ਦਾ ਫੈਲਣਾ
ਇਤਿਹਾਸ ਰਚਦਾ ਹੈ
ਤੇ ਸ਼ਿਲਾਲੇਖ ਤੇ
ਅੰਕਿਤ ਹੈ।

ਪਹਿਲਾ ਅਮਲੀ ਨੇ ਜਵਾਬ ਦਿੱਤਾ, " ਤੇ ਗੰਨੇ ਦੀ ਫਸਲ ਵੇਚ ਕੇ ਬਹੁਤ ਪੈਸੇ ਕਮਾਵਾਂਗਾ " " ਬਾਈ ਗੰਨੇ ਦੀ ਖੇਤੀ ਕਰਕੇ ਤੂੰ ਪੈਸੇ ਨਹੀਂ ਕਮਾ ਸਕਦਾ " ਤੀਜੇ ਅਮਲੀ ਨੇ ਜਿਵੇਂ ਆਪਣਾ ਫੈਸਲਾ ਸੁਣਾਇਆ " ਕਿਉਂ ਬਈ ਆਹ ਕਿਉਂ ਕਿਹਾ ਤੂੰ ? ਪਹਿਲੇ ਅਮਲੀ ਨੇ ਪੁੱਛਿਆ । " ਤੇ ਪਿੰਡ ਵਾਲੇ ਭਲਾ ਤੇਰੇ ਖੇਤ ਵਿਚ ਗੰਨੇ ਰਹਿਣ ਦੇਣਗੇ, ਉਨ੍ਹਾਂ ਨੇ ਲੰਘਦੇ ਵੜਦੇ ਗੰਨੇ ਪੱਟ ਕੇ ਚੂਪ-ਚੂਪ ਕੇ ਸਾਰਾ ਖੇਤ ਉਜਾੜ ਦੇਣਾ " ਤੀਜੇ ਅਮਲੀ ਨੇ ਕਿਹਾ । " ਪਿੰਡ ਵਾਲਿਆਂ ਦੀ ਏਨੀ ਹਿੰਮਤ, ਇਹਨਾਂ ਨੂੰ ਸਬਕ ਸਿਖਾਉਣਾ ਹੀ ਪਵੇਗਾ", ਪਹਿਲੇ ਅਮਲੀ ਨੇ ਗੁੱਸੇ ਵਿੱਚ ਕਿਹਾ । " ਕਿਉਂ ਨਾ ਆਪਾਂ ਸਾਰੇ ਪਿੰਡ ਨੂੰ ਅੱਗ ਲਾ ਦੇਈਏ", ਦੂਜੇ ਅਮਲੀ ਨੇ ਕਿਹਾ । " ਹਾਂ ਆਪਾ ਪਿੰਡ ਨੂੰ ਅੱਗ ਲਾ ਦੇਣੀ ਏ ", ਤੀਜੇ ਅਮਲੀ ਨੇ ਵੀ ਹਾਮੀ ਭਰੀ । ਤਿੰਨਾਂ ਅਮਲੀਆਂ ਨੇ ਮਿਲ ਕੇ ਪਿੰਡ ਨੂੰ ਅੱਗ ਲਾ ਦਿੱਤੀ ਅਤੇ ਇਕ ਟਿੱਬੇ ਉਤੇ ਚੜ੍ਹ ਕੇ ਉੱਚੀ-ਉੱਚੀ ਬੋਲਣ ਲੱਗੇ, ਹੋਰ ਚੂਪੋ ਗੰਨੇ, ਹੋਰ ਚੂਪੋ ਗੰਨੇ...ਕਲਾਸ ਵਿੱਚ ਉੱਚੀ ਸਾਰੀ ਹਾਸਾ ਫੈਲ ਗਿਆ, ਬੱਚੇ ਹੱਸ-ਹੱਸ ਕੇ ਦੂਹਰੇ ਹੋ ਰਹੇ ਹਨ, ਅਧਿਆਪਕ ਜੀ ਵੀ ਹੱਸ ਰਹੇ ਹਨ, ਅਚਾਨਕ ਹੀ ਉਹ ਬੱਚਾ ਉੱਚੀ ਸਾਰੀ ਰੋਣ ਲੱਗਿਆ, ਤੇ ਲਗਭਗ ਚੀਕ ਕੇ ਕਹਿਣ ਲੱਗਾ, " ਸਰ ਜੀ ਕੀ ਪਿੰਡ ਵਾਲੇ ਅੱਗ ਵਿੱਚ ਜਲ ਕੇ ਮਰ ਗਏ? "

ਸਾਰੇ ਬੱਚੇ ਅਤੇ ਅਧਿਆਪਕ ਜੀ ਉਸ ਬੱਚੇ ਵਲ ਹੈਰਾਨੀ ਨਾਲ ਵੇਖਣ ਲੱਗ ਪਏ, ਇਕ ਪਲ ਲਈ ਕਲਾਸ ਵਿਚ ਚੁੱਪ ਜਿਹੀ ਫੈਲ ਗਈ, ਅਧਿਆਪਕ ਜੀ ਨੇ ਮੱਥੇ ਉੱਤੇ ਤਿਊੜੀਆਂ ਪਾ ਕੇ ਉੱਚੀ ਸਾਰੀ ਪੁੱਛਿਆ, "ਕੀ ਕਿਹਾ ?" ਤੇ ਫਿਰ ਅਧਿਆਪਕ ਜੀ ਉੱਚੀ-ਉੱਚੀ ਹੱਸਣ ਲੱਗ ਪਏ, ਨਾਲ ਹੀ ਕਲਾਸ ਦੇ ਬਾਕੀ ਬੱਚੇ ਵੀ ਉੱਚੀ-ਉੱਚੀ ਹੱਸਣ ਲੱਗ ਪਏ, ਬੱਚੇ ਨੂੰ ਬਿਲਕੁਲ ਵੀ ਸਮਝ ਨਹੀਂ ਆ ਰਿਹਾ ਸੀ ਕਿ ਸਾਰੇ ਕਿਉਂ ਹੱਸ ਰਹੇ ਹਨ, ਉਹ ਇਹ ਸਮਝ ਹੀ ਨਾ ਸਕਿਆ ਕੇ ਹਿੰਸਾ, ਛੇੜ ਛਾੜ ਅਤੇ ਲਿੰਗ-ਭੇਦ ਵਰਗੇ ਅਪਰਾਧ ਸਾਡੇ ਚੁਟਕਲਿਆਂ ਅਤੇ ਬਾਲ ਕਵਿਤਾਵਾਂ ਵਿਚ ਇਸ ਤਰ੍ਹਾਂ ਸਾਧਾਰਨ ਢੰਗ ਨਾਲ ਪੇਸ਼ ਕੀਤੇ ਗਏ ਹਨ ਕਿ ਉਹ ਕਿਸੇ ਨੂੰ ਵੀ ਅਪਰਾਧ ਵਰਗੇ ਲਗਦੇ ਹੀ ਨਹੀਂ, ਬਲਕਿ ਇਸ ਹਿੰਸਾ, ਯੌਨ ਅਪਰਾਧ ਅਤੇ ਲਿੰਗ ਭੇਦ ਅਧਾਰਤ ਛੇੜ ਛਾੜ ਦਾ ਲੁਤਫ਼ ਉਠਾਇਆ ਜਾਂਦਾ ਹੈ, ਓਧਰ ਬਾਕੀ ਦੇ ਬੱਚਿਆਂ ਨੂੰ ਤੇ ਅਧਿਆਪਕ ਜੀ ਨੂੰ ਜਿਉਂਦਾ ਜਾਗਦਾ ਚੁਟਕਲਾ ਮਿਲ ਗਿਆ, ਆਕਾਸ਼ ਵਿਚ ਉਡਾਰੀ ਭਰਦਾ ਪੰਛੀਆਂ ਦਾ ਉਹ ਝੁੰਡ ਹੁਣ ਜੰਗਲੀ ਬਘਿਆੜ ਦੇ ਝੁੰਡ ਵਿੱਚ ਬਦਲ ਗਿਆ, ਜਿਨ੍ਹਾਂ ਦੇ ਹੱਥ ਅਚਾਨਕ ਕੋਈ ਸ਼ਿਕਾਰ ਲਗ ਗਿਆ ਹੋਵੇ, ਅਤੇ ਸਾਰਿਆਂ ਦੀਆਂ ਅੱਖਾਂ ਨੇ ਉਸ ਬੱਚੇ ਨੂੰ ਇਉਂ ਘੇਰ ਲਿਆ ਜਿਵੇਂ ਬਘਿਆੜ ਆਪਣੇ ਸਿਕਾਰ ਨੂੰ ਘੇਰ ਲੈਂਦੇ ਹਨ ।

ਅਤੇ ਇਕ ਚੁਟਕਲਾ ਲਿੰਗ-ਭੇਦ, ਯੌਨ ਅਪਰਾਧ ਅਤੇ ਹਿੰਸਾ ਦਾ ਵਾਰ ਸਹਿੰਦੇ ਹੋਏ ਲਹੂ ਨਾਲ ਲਿੱਬੜਿਆ ਹੋਇਆ ਜ਼ਮੀਨ ਤੇ ਡਿੱਗਿਆ ਹੋਇਆ ਹੈ........

## ਮੇਰੇ ਨਾਲ ਨਾਲ / ਸੁਮਨਦੀਪ ਸਿੰਘ



ਕਿੰਨਾ ਟੁੱਟ ਗਿਆ ਮੈਂ
ਕਿੰਨਾ ਟੁੱਟ ਸਕਦਾ ਸੀ ਮੈਂ
ਪੰਛੀ ਉਦਾਸ ਹੋ ਗਏ
ਰੁੱਖ ਗਲ਼ ਲੱਗ ਰੋਏ
ਬੱਦਲ ਝੁਕੇ ਫਿਰ ਬਰਸੇ
ਹਵਾ ਮਲਕੜੇ ਜਿਹੇ ਕੋਲੋਂ ਲੰਘੀ
ਇਸ ਡਰੋਂ ਕੇ ਕਿਤੇ
ਛਿੱਲੇ ਹੀ ਨਾ ਜਾਣ
ਜ਼ਖਮ ਮੇਰੇ
ਚੰਦਰਮਾ ਨੇ ਪਰਕਰਮਾ
ਰੋਕ ਦਿੱਤੀ
ਤਾਰੇ ਗੇੜੀਆਂ ਲਾਉਂਦੇ ਰਹੇ
ਮੇਰਾ ਧੀਰਜ਼ ਬੰਨਣ ਲਈ
ਦਰਦ ਇੰਨਾ ਸੀ
ਫਰੋਲਦਾ ਕਿਸ ਨਾਲ਼
ਮੈਨੂੰ ਲੱਗਾ ਜਿਵੇਂ ਮੈਂ
ਪੱਥਰ ਦੀ ਜੂਨੇ ਆ ਗਿਆ ਹੋਵਾਂ
ਫਿਰ ਮੈਨੂੰ ਤੇਰਾ ਮੋਮ ਦਾ
ਫਿਕਰਾ ਯਾਦ ਆਇਆ
ਪਤਾ ਨਹੀਂ ਕੀ ਮਨ 'ਚ ਆਈ
ਮੈਂ ਪਿਘਲਦਾ ਹੀ ਚਲਾ ਗਿਆ
ਨਦੀਆਂ ਦੇ ਪਾਣੀਆਂ 'ਚ
ਡੂੰਘਾ ਉਤਰਦਾ ਗਿਆ
ਪਰ ਮੇਰੀ ਤਪਸ਼ ਨਾ ਗਈ
ਕਿੰਨਾ ਕੁਝ ਸੜ ਚੁੱਕਾ ਸੀ
ਬਸ ਤੇਰਾ ਚੇਤਾ ਸਾਬਤ ਸਬੂਤ ਸੀ
ਮੇਰੇ ਨਾਲ ਨਾਲ਼।

## ਅਕਸ / ਰਮਿੰਦਰ ਕੌਰ ਰੰਮੀ

ਉਹ ਸ਼ੀਸ਼ੇ ਅੱਗੇ ਖੜੀ !
ਆਪਣੇ ਅਕਸ ਨੂੰ ਨਿਹਾਰ ਰਹੀ ਸੀ !!
ਸੋਚਦੀ ਇਹ ਤੇ ਮੈਂ ਨਹੀਂ ਹਾਂ !
ਲੱਗਦਾ ਮੁੱਦਤਾਂ ਹੋ ਗਈਆਂ ਮੁਸਕਰਾਏ !!
ਸੁੰਨੀਆਂ ਜਿਹੀਆਂ ਅੱਖਾਂ ਵਿੱਚ !
ਹੰਝੂ ਤੈਰਦੇ ਹੋਏ ਦਿੱਸਦੇ ਨੇ !!
ਵਾਲਾਂ ਵਿੱਚ ਵੀ ਸਫ਼ੈਦੀ ਆ ਗਈ !
ਗੱਲਾਂ ਅੰਦਰ ਨੂੰ ਧੱਸ ਗਈਆਂ ਨੇ!!
ਚਿਹਰੇ ਤੇ ਦਰਦ ਦੀਆਂ ਲਕੀਰਾਂ !
ਰੰਗ ਵੀ ਕੁਝ ਕਾਲਾ ਹੋ ਗਿਆ ਹੈ !!
ਉਫ਼ ! ਜ਼ਿੰਦਗੀ ਖਤਮ ਹੋ ਗਈ !!
ਦੂਸਰਿਆਂ ਨੂੰ ਖੁਸ਼ ਕਰਦੇ ਕਰਦੇ !
ਆਪਣੇ ਲਈ ਕਦੇ ਸੋਚਿਆ ਨਹੀਂ !!
ਸਕੂਲ ਕਾਲਜ ਪੇਕਾ ਸੌਹਰਾ ਘਰ !
ਟੀਚਰ ਦੋਸਤ ਮਿੱਤਰ ਕੰਮ ਵਾਲੀ ਬਾਈ !!
ਆਸ ਪੜੋਸ ਰਿਸ਼ਤੇ ਨਾਤੇ ਬੱਚੇ ਭੈਣ ਭਰਾ !
ਸੱਭ ਦਾ ਖਿਆਲ ਰੱਖਦੇ ਰੱਖਦੇ !!
ਆਪਣਾ ਕਦੀ ਖਿਆਲ ਹੀ ਨਹੀਂ ਆਇਆ !
ਕਿਸੇ ਜੋ ਮੰਗਿਆ ਦੇ ਦਿੱਤਾ !!
ਜੋ ਕਿਸੇ ਕਿਹਾ ਕਰ ਦਿੱਤਾ !
ਪਰ ਤੇਰਾ ਤੇ ਕੋਈ ਨਹੀਂ ਕਰਨ ਵਾਲਾ !!
ਕੌਣ ਬਣਿਆ ਤੇਰਾ ਆਪਣਾ !
ਤੇਰਾ ਆਪਣਾ ਕੀ ਹੈ ਕੁਝ ਨਹੀਂ !!
ਆਪਣੇ ਤੇ ਸਿਰਫ਼ ਦਰਦ ਨੇ !
ਜਿਹਨਾਂ ਦੀ ਗੱਠੜੀ ਪੱਲੇ ਬੰਨੀ ਬੈਠੀ ਹਾਂ !!
ਹੰਝੂ ਪੂੰਝਦੀ ਆਪ ਮੁਹਾਰੇ ਸ਼ਿਵ ਦੀ !
ਨਜ਼ਮ ਬੁਦਬੁਦਾਉਂਦੀ ਹੈ !!
ਕਿੰਨੀ ਬੀਤੀ ਤੇ ਕਿੰਨੀ ਬਾਕੀ ਹੈ !
ਮੈਨੂੰ ਇਹੋ ਹਿਸਾਬ ਲੈ ਬੈਠਾ !!



## ਸਫ਼ਰ / ਰਿਸ਼ੀ ਹਿਰਦੇਪਾਲ



ਬਹੁਤ ਵਚਿੱਤਰ ਹੈ

ਮੇਰੇ ਕੋਲ ਪੈਰ ਨਹੀਂ
ਖ਼ਿਆਲ ਨੇ
ਖ਼ਿਆਲ ਮੈਨੂੰ ਦੂਸਰੇ
ਮੁਲਕ ਪਹੁੰਚਾ ਸਕਦੇ ਨੇ
ਪਰ ਘਰ ਦਾ ਰਸਤਾ
ਨਹੀਂ ਦੱਸ ਸਕਦੇ
ਮੰਜ਼ਿਲ ਵਿਖਾ ਸਕਦੇ ਨੇ
ਪਹੁੰਚਾ ਨਹੀਂ ਸਕਦੇ

ਪੱਲੇ ਕੁਝ ਵੀ ਨਹੀਂ
ਸ਼ਾਇਦ ਤਾਂ ਹੀ ਅੱਗੇ
ਵਧਦਾ ਜਾਂਦਾ ਹਾਂ
ਜਿਸ ਦਿਨ ਪੱਲੇ
ਕੁਝ ਪੈ ਗਿਆ
ਖਿਆਲ ਬੋਝ ਹੇਠ ਦਬ ਜਾਣਗੇ
ਤੁਰਨ ਦੀ ਥਾਂ ਖੜੇ ਖੜ੍ਹੇ
ਨਫ਼ਾ ਨੁਕਸਾਨ ਸੋਚਣਗੇ ਸ਼ਾਇਦ
ਉਸ ਦਿਨ ਮੈਨੂੰ
ਇਹ ਵੀ ਖਿਆਲ ਆ ਜਾਵੇ ਕਿ
ਸਫ਼ਰ 'ਤੇ ਨਿਕਲਣ ਤੋਂ ਪਹਿਲਾਂ
ਘਰ ਨੂੰ ਵੀ ਨਾਲ ਲੈ ਕੇ ਤੁਰੀਦਾ
ਬੀਆਬਾਨ ਵਿਚਰਦਿਆਂ
ਗਮਲਿਆਂ 'ਚ ਉੱਗੇ ਬੂਟਿਆਂ
ਦਾ ਵੀ ਖ਼ਿਆਲ ਰੱਖੀਦਾ।

## ਕਵਿਤਾ / ਜੰਗ ਤੇ ਆਵਾਮ / ਡਾ. ਮੇਹਰ ਮਾਣਕ




ਹੁਕਮਰਾਨਾਂ ਨੇ ਤਾਂ
ਹੁਕਮ ਦੇਣਾ ਹੁੰਦਾ ਹੈ
ਕਿ ਸੂਰਬੀਰ ਧਰਤੀ ਦੇ ਪੁੱਤਰੋ
ਬਰੂਦ ਦੀ ਬਰਸਾਤ ਚ ਉੱਤਰੋ
ਦੁਸ਼ਮਣ ਤੋਂ ਖਤਰਾ ਹੈ
ਤੁਹਾਡਾ ਜੋ ਵੀ ਕਤਰਾ ਹੈ
ਉਹ ਰਾਖੀ ਲਈ ਹੈ
ਸੂਰਮਿਓ ਸ਼ੇਰੋ ਜਾ ਘੇਰੋ
ਜੋ ਜੋ ਸਾਹਮਣੇ ਖੜਾ ਹੈ
ਮੈਦਾਨ ਤਾਂ ਰੜਾ ਹੈ
ਘੁੱਗੀ ਕੁੱਟ ਦਿਓ
ਦੋ ਹੱਥ ਤਾ ਹੋਣਾ ਹੀ ਪੈਣਾ ਹੈ
ਵੱਢਣਾ ਜਹਿਣਾ ਹੈ
ਨਿੱਤ ਦੇ ਕਲੇਸ਼ ਦਾ
ਦੱਸ ਦਿਓ ਅਸੀਂ ਕੌਣ ਹਾਂ
ਜੱਗ ਰਹੇ ਵੇਖਦਾ।

ਇੰਨਾ ਕਹਿ ਕਿਲਾਬੰਦੀ ਕਰ
ਜਾਂਦੇ ਨੇ ਬਹਿ
ਆਪ ਤਾਂ ਬੰਕਰਾਂ ਚ
ਫਿਰ ਝੁਲਸਿਆ
ਜਾਂਦਾ ਹੈ ਸਭ ਕੁਝ
ਬਦਨ, ਮਿੱਟੀ, ਪਾਣੀ
ਹਵਾ, ਦਰਖਤ, ਬੂਟੇ
ਪਸ਼ੂ, ਪੰਛੀ, ਜੀਵ ਜੰਤੂ
ਰਿਸ਼ਤੇ, ਨਾਤੇ,ਸਧਰਾਂ
ਪਰਿਵਾਰ, ਘਰ ਬਾਰ
ਚਾਅ ਤੇ ਮਲਾਰ
ਬੇਦੋਸ਼ੇ, ਬੇਗੁਨਾਹ, ਮਾਸੂਮ
ਬਸ ਖੂਨ ਹੀ ਖੂਨ
ਵਹਿੰਦਾ ਹੈ ਚੁਫ਼ੇਰੇ
ਢੱਠ ਜਾਂਦੇ ਨੇ ਬਨੇਰੇ
ਵਸਦੇ ਘਰਾਂ ਦੇ
ਤੇ ਮਘਦੇ ਦੀਵੇ
ਜਾਂਦੇ ਨੇ ਸਮਾਅ
ਖਾਕ ਚ ਫੇਰ
ਮਿਲਦਾ ਕੁਝ ਨਹੀਂ
ਪਸਰੀ ਤੇ ਖਿਲਰੀ ਰਾਖ ਚ
ਜੋ ਹਵਾ ਸੰਗ ਉਡ ਜਾਂਦੀ ਹੈ
ਜਿਸ ਤੇ ਕਬੂਤਰ
ਪਰੇਮ ਪਰਸੰਗਾਂ
ਨਵਿਆਂ ਸਬੰਧਾਂ
ਦੇ ਪੈਗਾਮ ਲੈ
ਨਵੇਂ ਨਵੇਂ ਅਯਾਮ ਲੈ
ਉੜਦੇ ਨੇ ਅਕਸਰ
ਖਾਕ ਤੇ ਰਾਖ ਦੀ ਥਾਂ
ਨਵੀਂ ਬਾਤ ਲੈ ਲੈਂਦੀ ਹੈ
ਇਵੇਂ ਹੀ ਗਮਗੀਨ ਜਿੰਦਗੀ
ਫਿਰ ਤੁਰਨ ਦੀ
ਕੋਸਿਸ਼ ਕਰਦੀ
ਕਦੇ ਜਿਉਂਦੀ ਤੇ ਕਦੇ ਮਰਦੀ
ਦਿਨ ਕਟੀ ਕਰਦੀ
ਹਕੂਮਤ ਦੀ ਥਾਂ
ਕਦੇ ਖੁਦਾ ਕਦੇ ਖੁਦ ਨੂੰ
ਸਵਾਲ ਰਹੇ ਕਰਦੀ
ਹਾਉਂਕੇ ਰਹੇ ਭਰਦੀ
ਬੇਵਸੀ ਚ ਹੜਦੀ
ਤਿੱਪ ਤਿੱਪ ਰਹੇ ਮਰਦੀ।

ਉਨ੍ਹਾਂ ਨੂੰ ਹੋਰ ਕੀ ਚਾਹੀਦਾ
ਨਾ ਪਰਮਾਣ ਬੇਗੁਨਾਹੀ ਦਾ
ਮੰਗਦਾ ਹੈ ਕੋਈ
ਵੱਡੇ ਹਿੱਤਾਂ ਦੇ ਓਹਲੇ
ਬੜਾ ਕੁਝ ਢਕਿਆ ਜਾਂਦਾ ਹੈ
ਤੇ ਅਵਾਮ
ਸ਼ੁਕਰ ਮਨਾਉਦਾ ਹੈ
ਕਿ ਸ਼ਾਤੀ ਤਾਂ ਹੋਈ
ਤਬਾਹੀਆਂ ਦੀ ਜਿੰਮੇਵਾਰੀ
ਕੋਈ ਨਹੀਂ ਚੁੱਕਦਾ
ਕੋਈ ਨਹੀਂ ਪੁਛਦਾ
ਕਿ ਅਜਿਹੇ ਗੁਨਾਹਾਂ ਦੀ
ਕੀ ਸਜਾ ਹੋਵੇ
ਕੌਣ ਕਿਸੇ ਦੇ ਕਹੇ
ਇਹ ਜੁਰਮ ਕਿਉਂ ਕਰਦਾ ਹੈ
ਤੇ ਕਿਸੇ ਹੋਰ ਦੀ ਥਾਵੇਂ
ਕੋਈ ਹੋਰ ਕਿਉਂ ਮਰਦਾ ਹੈ?
ਇਹ ਸ਼ਹਾਦਤਾਂ ਦੇ ਅੰਬਾਰ
ਨਹੀ ਸਕਦੇ
ਜਿੰਦਗੀ ਦੇ ਬੇੜੇ ਨੂੰ ਤਾਰ
ਕੋਈ ਕਿਸੇ ਦੇ ਵੀ ਵੱਲ ਹੋਵੇ
ਇਨ੍ਹਾਂ ਸਿਰਜੀਆਂ ਸਾਜਿਸ਼ੀ
ਅੱਗਾਂ ਦਾ
ਕੋਈ ਤਾਂ ਹੱਲ ਹੋਵੇ
ਹੱਲਾਸ਼ੇਰੀਆ਼ ਤੇ
ਫੋਕੀਆਂ ਵਾਹ ਵਾਹੀਆਂ
ਮਚਾ ਧਰਦੀਆਂ ਨੇ ਤਬਾਹੀਆਂ
ਕਿਉਂ ਹੇਠਲੇ ਤਬਕੇ
ਜਿਸ ਨੂੰ ਹਾਕਮ ਵੇਖ ਤਰਬਕੇ
ਦੇ ਹਿੱਸੇ ਆਈਆਂ।
ਹਕੂਮਤਾਂ ਨੂੰ
ਜੰਗ ਬੜੀ ਕਿਉਂ ਪਸੰਦ ਹੈ
ਇਸ ਗੱਲ ਦਾ
ਬੜਾ ਰੰਜ ਹੈ ਮੈਨੂੰ
ਇਹ ਗੱਲ ਚੁਭਦੀ ਹੋਏਗੀ
ਤੈਨੂੰ
ਜੰਗ ਚ ਅਵਾਮ ਕਿਉਂ ਮਰੇ
ਜੋ ਨਿੱਤ
ਭੁੱਖ, ਨੰਗ, ਗਰੀਬੀ ਨਾਲ
ਲੜੇ
ਤਖਤ ਕਿਉਂ ਨਾ ਜਰਬ ਜਰੇ
ਤੇ ਕਟਹਿਰੇ ਚ
ਕਿਉਂ ਨਾ ਖੜੇ?
ਇਹ ਕਿਸੇ ਦੇ ਅੱਗੇ ਤਾਂ
ਜਵਾਬਦੇਹ ਹੋਵੇ
ਪੂਰਾ ਹਿਸਾਬ ਹੋਵੇ
ਸਿਰਜੇ ਸੰਕਟਾਂ ਤੇ
ਹੋਏ ਚੌਹਤਰਫਾ ਘਾਣ ਦਾ
ਤੇ ਮਨੁੱਖ ਹੋ ਸਮੇ ਦੇ ਹਾਣ ਦਾ
ਸਵਾਲਾਂ ਦਾ ਜਵਾਬ ਮੰਗੇ
ਕਿ ਇਹ ਸਭ ਕੁਝ
ਕਿਸ ਦੇ ਇਸ਼ਾਰੇ ਤੇ
ਕਿਉਂ ਤੇ ਕਿਵੇਂ ਹੋਇਆ ਹੈ
ਬੇਵਸੀ ਦੀ ਹਾਲਤ ਚ
ਦਿਨ ਕਟੀ ਕਰਦੇ
ਕਿਉਂ ਨੇ ਬਲੀ ਚੜਦੇ
ਬੇਗੁਨਾਹ ਤੇ ਮਾਸੂਮ
ਬੇਵਸ ਮਿਹਨਤਕਸ਼ਾਂ ਦੀਆਂ
ਖੁਸ਼ੀਆਂ ਨੂੰ ਹੀ ਕਿਉਂ
ਖੋਹਿਆ ਹੈ ਇਹ ਅੱਗ
ਉਨ੍ਹਾਂ ਦੇ ਘਰਾਂ ਤੇ ਹੀ
ਕਿਉਂ ਕਹਿਰਵਾਨ ਹੈ?
ਤੇ ਉਨ੍ਹਾਂ ਤੇ
ਕਿਉਂ ਮਿਹਰਵਾਨ ਹੈ
ਜਿਨ੍ਹਾਂ ਦੇ ਗਲਿਆਰਿਆਂ ਚ
ਸ਼ਾਨਦਾਰ ਚੁਬਾਰਿਆਂ ਚ
ਸਿਆਸਤ ਦੀ ਖਿਚੜੀ
ਰਿਝਦੀ ਹੈ
ਨਸ਼ੇ ਲੱਦੇ ਨਾਹਰਿਆਂ ਨਾਲ
ਜੋ ਹਰ ਖੁਸ਼ੀ ਨੂੰ ਮਿਧਦੀ ਹੈ।
ਹੱਦਾਂ ਤੇ ਸਰਹੱਦਾਂ
ਦਾਇਰਾ ਹੁੰਦੀਆਂ ਨੇ
ਜਿੰਦਗੀ ਜੀਣ ਦਾ ਕਦੋਂ ਤੋਂ
ਬਣ ਗਈਆਂ ਨੇ ਜਰੀਆ
ਇਹ ਲੋਕਾਂ ਦੇ ਲਹੂਨੂੰ ਪੀਣ ਦਾ
ਇਹ ਵੀ ਤਾ ਸਵਾਲ ਹੋਵੇ
ਕਿਉਂ ਜੀਣਾ ਮੁਹਾਲ ਹੋਵੇ
ਜੋ ਅਣਚਾਹੀ ਜੰਗ ਦਾ ਐਲਾਨ
ਕਰਦੇ ਨੇ ਹਰ ਦੂਜੇ ਦਿਨ
ਬਾਹਾਂ ਵਿੱਚ ਬਾਹਾਂ ਪਾ ਖੜਦੇ
ਨੇ
ਇਨ੍ਹਾਂ ਚ ਬੜਾ ਕੁਝ ਸਾਝਾਂ ਹੈ
ਇਹ ਜਾਣਦਿਆਂ ਵੀ
ਨਜ਼ਰ ਦੇ ਟੀਰ ਨੂੰ
ਪਛਾਣਦਿਆਂ ਵੀ
ਅਵਾਮ ਹੀ ਕਿਉਂ
ਦੁੱਖਾਂ ਦਾ ਭਾਰ ਢੋਵੇ
ਕਿਉਂ ਰਹਿਬਰਾਂ ਦੇ ਚਿਹਰੇ ਤੇ
ਨਿਰਲੱਜਤਾ ਨਾਲ ਲੱਦੀ
ਬੇਖੌਫ਼ ਮੁਸਕਾਨ ਹੋਵੇ
ਇਹ ਵੀ ਤਾਂ ਸਵਾਲ ਹੋਵੇ
ਕਿ ਕਿਉਂ ਬੇਗੁਨਾਹ ਤੇ ਮਾਸੂਮ
ਬੇਵਸੀ ਦੀ ਅੱਖ ਰੋਵੇ
ਕਿਸੇ ਸਿਰ ਸਿਰ ਆਈਆਂ
ਤੇ ਮਚੀਆਂ ਤਬਾਹੀਆਂ
ਦਾ ਦੋਸ਼ ਤਾਂ ਆਇਦ ਹੋਵੇ
ਕਿਉਂ ਕੋਈ ਬੇਗੁਨਾਹ
ਅੱਖ ਰੋਵੇ।
ਚੌਧਰ, ਹੰਕਾਰ ਤੇ ਧੌਂਸ ਤੋਂ ਦੂਰ
ਬੇਖੌਫ਼ ਹੋ ਕੋਈ ਕਦੇ
ਚੈਨ ਦੀ ਨੀਂਦ ਤਾਂ ਸੋਵੇ।

## ਕਵਿਤਾਵਾਂ / ਕੁਲ ਰਾਜੀਵ ਪੰਤ



### ਮਿੱਟੀ

ਇਕ ਦਿਨ ਸ਼ਹਿਰ ਨੂੰ
ਪਤਾ ਲੱਗਿਆ
ਕਿ ਉਸਦੇ ਕੋਲ ਤਾਂ
ਮਿੱਟੀ ਹੀ ਨਹੀਂ ਹੈ

ਮਿੱਟੀ ਦੀ ਭਾਲ ਸ਼ੁਰੂ ਹੋਈ
ਤਾਂ ਕਿਸੇ ਨੇ ਕਿਹਾ
ਜੰਗਲ ਦੇ ਦਰੱਖਤਾਂ ਨੇ
ਪੈਰਾਂ ਦੇ ਥੱਲੇ
ਲੁਕੋ ਕੇ ਰੱਖੀ ਹੈ ਮਿੱਟੀ

ਲੋਕ ਦਰੱਖਤਾਂ ਦੇ ਕੋਲ
ਮਿੱਟੀ ਪੁੱਟਦੇ
ਤੇ ਕਹਿੰਦੇ
ਕੰਬਖਤਾਂ ਨੇ ਪਤਾ ਨਹੀਂ
ਕਿਥੇ ਕਿਥੇ
ਪਸਾਰੇ ਹੋਏ ਨੇ ਪੈਰ

### ਸਲੇਟ

ਬੱਚੇ ਨੇ ਸਲੇਟ ਤੇ
ਘਰ ਬਣਾਇਆ
ਤੇ ਲੁਕੋ ਲਿਆ ਉਸਨੂੰ
ਸਕੂਲ ਦੇ ਬਸਤੇ ਵਿਚ
ਸਾਰਾ ਦਿਨ
ਹੱਸਦਾ ਖੇਡਦਾ ਰਿਹਾ ਬੱਚਾ
ਘਰ ਵਿਚ
ਸਾਰਾ ਦਿਨ ਇਕ
ਰੌਲਾ ਪਿਆ ਰਿਹਾ
ਬਸਤੇ ਵਿਚ

### ਪੰਛੀ

ਬਿਰਖਾਂ ਨੇ ਟੰਗ ਲਈਆਂ ਨੇ
'ਟੂਲੈੱਟ' ਦੀਆਂ ਤਖਤੀਆਂ
ਕਿਉਂ ਰੁਸ ਗਏ ਹੋ ਪੰਛੀਓ
ਆਓ ਆਹਲਣੇ ਬਣਾਓ
ਗਾਓ ਚਹਿਚਿਹਾਓ
ਸ਼ਹਿਰ ਉਦਾਸ ਹੈ
ਤੇ ਬੱਚੇ ਅੰਦਾਜ਼ੇ ਨਾਲ
ਤੁਹਾਡੀ ਤਸਵੀਰ ਬਣਾ ਰਹੇ ਨੇ....

## ਹੇ ਕੁਦਰਤ / ਬਚਨ ਸਿੰਘ ਗੁਰਮ


ਹੇ ਕੁਦਰਤ !
ਅਸੀਂ ਮਾਨਵ
ਅਸਾਵੀਂ ਸੋਚ ਦੇ ਮਾਲਕ
ਸੀ ਪਹਿਲਾਂ ਹੀ
ਬੜੇ ਗ਼ਮਜ਼ਦਾ
ਮਿਲ ਜਾਣ ਤੇ
ਚਾਹਿਆ ਹੋਇਆ ਬੜਾ ਕੁਝ
ਤੇ ਆ ਟਪਕਣ ਤੇ
ਇੱਕ ਜ਼ੱਰਾ ਵੀ
ਅਣਚਾਹਿਆ, ਅਣਕਿਆਸੀਆਂ

ਲੱਗ ਪਾਏ ਸੀ ਸੋਚਣ ਸੀ
ਕਿ ਕੀ ਹੈ ਫਾਇਦੇਮੰਦ
ਇਹ ਸੋਚਣ ਦੀ ਥਾਂ
ਕਿ ਕੀ ਹੈ ਠੀਕ

ਤੈਨੂੰ
ਤੇ ਤੇਰੀਆਂ ਹੋਰ ਨਸਲਾਂ ਨੂੰ
ਕਰ ਦਿੱਤਾ ਸੀ ਅਸੀਂ
ਆਪਣੇ ਚੇਤਿਆਂ 'ਚੋਂ
ਵੀ ਜਲਾਵਤਨ

ਪਰ ਹੁਣ
ਜਦ ਹੋ ਗਈ ਹੈ ਹਾਸਿਲ ਸਾਨੂੰ
ਬਦਲੇ ਵਿਚ ਚੀਜ਼ ਇਕ
ਬੜੀ ਹੀ ਅਣਕਿਆਸੀ ਤੇ
ਬੜੀ ਹੀ ਅਣਇੱਛਤ ਜਿਹੀ
ਤਾਂ ਆਉਣ ਲੱਗੇ ਨੇ
ਸਮਝ ਸਾਨੂੰ
ਆਜ਼ਾਦੀ ਦੇ ਖੁੱਸ
ਜਾਣ ਦੇ ਗ਼ਮ
ਤੇ ਕੈਦ ਦੇ ਦੁਖੜੇ

ਆ ਰਿਹਾ ਹੁਣ ਸਾਨੂੰ
ਜ਼ੁਬਾਨਾਂ ਵਾਲਿਆਂ ਨੂੰ
ਬੇਜ਼ੁਬਾਨਾਂ ਦੀ
ਮਰਜੀ ਦਾ ਵੀ ਖਿਆਲ
ਕਹਿੰਦੇ ਨੇ ਕਿ ਬੰਦਾ
ਕਸੂਤਾ ਫਸਿਆ ਹੀ ਸਿੱਖਦਾ
ਸ਼ਾਇਦ ਸਿੱਖ ਜਾਈਏ
ਅਸੀਂ ਕੁਝ
ਇਸ ਅਣਕਿਆਸੀ ਮਾਰ ਤੋਂ
ਤੇ ਜਾਈਏ ਸਮਝ
"ਕਰਮ ਦਾ ਫਲਸਫਾ"
ਕਿ ਮਿਲਦੈ ਫਲ
ਮਿੱਠਾ ਜਾਂ ਕੌੜਾ
ਹਮੇਸ਼ਾ ਕੀਤੇ ਕਰਮਾਂ ਦਾ
ਤੇ ਬਣ ਜਾਈਏ
ਸਾਊ ਪੁੱਤ ਫਿਰ ਤੋਂ
ਜਿਵੇਂ ਸੀ ਅਸੀਂ
'ਮੰਡੀ' ਦੀ ਦਲਦਲ ਵਿਚ
ਫਸਣ ਤੋਂ ਪਹਿਲਾਂ....



## ਹਿੰਦੀ ਕਵਿਤਾਵਾਂ / ਸੁਸ਼ੀਲ ਕੁਮਾਰ ਅਜਾਦ

### ਮੈਂ ਦੇਖੀ ਹੈ ਸਦੀ ਦੀ ਭਿਆਨਕ ਤਸਵੀਰ

ਸੜਕ ਤੇ ਚਲਦੇ ਦ੍ਰਿਸ਼
ਘਰਾਂ ਵਿਚ ਬੰਦ ਪੈਰਾਂ ਦੀ ਸੋਜ
ਮੀਲਾਂ ਤੁਰਦੇ ਰਹਿਣ ਦੀ ਤੜਪ
ਦੀਵਾਰਾਂ ਤੇ ਟੰਗੀ
ਜਿਉਂਦੇ ਲੋਕਾਂ ਦੀ ਤਾਸੀਰ
ਮੈਂ ਦੇਖੀ ਹੈ ਸਦੀ ਦੀ ਭਿਆਨਕ ਤਸਵੀਰ

ਗਰੀਬਾਂ ਦਾ ਕਾਫ਼ਿਲਾ
ਬੇਜੁਬਾਨ ਜਿੰਦਗੀ ਦਾ ਸਫਰ
ਛਾਲੇ ਪਈਆਂ ਅੱਡੀਆਂ ਦਾ ਦਰਦ
ਅੱਖਾਂ ਵਿਚ ਸੁੱਕੇ ਤਲਾਬ
ਲੁੱਟੇ ਹੋਏ ਅਰਮਾਨਾਂ ਦੀ ਤਸਵੀਰ
ਮੈਂ ਦੇਖੀ ਹੈ ਸਦੀ ਦੀ ਭਿਆਨਕ ਤਸਵੀਰ

ਸਵੇਰ ਦੇ ਹਨ੍ਹੇਰੇ ਵਿਚ ਤੁਰੇ ਹੋਏ ਲੋਕ
ਸ਼ਾਮ ਦੇ ਕਾਲੇ ਆਗੋਸ਼ ਤੱਕ
ਸੜਕਾਂ ਦਾ ਅੰਤਹੀਨ ਸਫਰ
ਨਿਰੰਤਰ ਭੁੱਖੇ ਪਿਆਸੇ ਛੋਟੇ ਤੇ
ਕਮਜ਼ੋਰ ਬੱਚਿਆਂ ਦੇ ਨਾਲ
ਮਾਤਾ ਪਿਤਾ ਦੀ ਬੇਵਸੀ ਨਾਲ ਤੁਰੇ ਜਾਂਦੇ ਪੈਰ
ਹੁਕਮਰਾਨਾਂ ਦੇ ਛਲ 'ਚ ਫਸੇ
ਲੋਕਾਂ ਦੀਆਂ ਆਸ਼ਾਵਾਂ ਦੇ
ਬੁਝਦੇ ਸੁਪਨਿਆਂ ਦੀ ਤਾਮੀਰ
ਮੈਂ ਦੇਖੀ ਹੈ ਸਦੀ ਦੀ ਭਿਆਨਕ ਤਸਵੀਰ

### ਬਹੁਤ ਅਨਪੜ੍ਹ ਸੀ ਮੇਰੀ ਮਾਂ

ਬਹਤ ਅਨਪੜ੍ਹ ਸੀ ਮੇਰੀ ਮਾਂ
ਬਹੁਤ ਅਨਪੜ੍ਹ
ਪਰ ਜਦੋਂ ਬੋਲਦੀ ਸੀ ਉਹ
ਬਹਤ ਬੋਲਦੀ ਸੀ ਲਗਾਤਾਰ
ਪਤਾ ਨਹੀਂ ਖਣਕਦੀ ਅਵਾਜ਼ ਵਿਚ
ਪੇਂਡੂ ਸ਼ਬਦਾਂ ਦੀ ਗੜਕ ਕਿਥੋਂ
ਉਤਰ ਆਉਂਦੀ ਸੀ
ਤੇ ਮੈਂ ਸਹਿਮਿਆਂ ਹੋਇਆ ਦੇਖਦਾ ਰਹਿੰਦਾ ਸਾਂ
ਆਕਾਸ਼ ਵਿਚ ਹੁੰਦੇ ਸੁਰਾਖਾਂ ਨੂੰ



ਮਾਂ ਅਕਸਰ ਕਿਹਾ ਕਰਦੀ ਸੀ
ਸਦੀਆਂ ਦੇ ਬਾਅਦ
ਸਮੁੰਦਰ ਨਦੀਆਂ ਤੇ
ਹਵਾਵਾਂ ਦੇ ਬਾਅਦ
ਕਹਿੰਦੀ ਸੀ ਇਨਸਾਨ ਦੀ
ਅੱਤ ਦੇ ਬਾਅਦ
ਬਲਦ ਦੇ ਸਿੰਗਾਂ ਤੋਂ ਭਟਕ
ਜਾਏਗੀ ਇਹ ਧਰਤੀ
ਭੂਚਾਲ ਹੜ੍ਹ ਅਤੇ ਵਿਨਾਸ਼
ਪਹਾੜਾਂ ਤੱਕ ਨੂੰ ਤਬਾਹ ਕਰ ਦੇਣਗੇ
ਕਹਿੰਦੀ ਸੀ ਮਾਂ ਗਰਮ ਸਾਹ ਦੇ ਨਾਲ
ਆਦਮੀ ਨੂੰ ਆਦਮੀ
ਨਜਰ ਕਿਥੇ ਆਉਣਗੇ
ਦੂਰ ਤੱਕ ਪਰਿੰਦਾ,
ਨਾ ਆਵਾਜ਼,
ਨਾ ਕਿਸੇ ਦੀ ਦਸਤਕ
ਨਾ ਕੋਈ ਰੀਤੀ ਰਿਵਾਜ਼ ਨਾ
ਕੋਈ ਪਰਵਾਹ
ਆਦਮੀ ਦੀ ਜਿੰਦਗੀ ਵਿਚ
ਠਹਿਰ ਸਕੇਗੀ
ਸਾਰੇ ਰਿਸ਼ਤੇ ਗਰਕ ਜਾਣਗੇ
ਆਕਾਸ਼ ਵਿਚ ਬਿਖਰੇ
ਤਾਰਿਆਂ ਦੇ ਵਾਂਗ
ਅੱਜ ਸਚ ਵਿਚ
ਉਤਰ ਰਹੀ ਹੈ ਮਾਂ ਦੀ ਗੱਲ
ਨਿਰਵਿਕਾਰ ਰੂਪ ਵਿਚ ਆਕਾਸ਼ ਦੀ
ਅਨੰਤ ਖਾਮੋਸ਼ੀ ਦੇ ਵਿਚੋਂ।

**ਅਨੁ. ਅਮਰਜੀਤ ਕੌਂਕੇ**

## ਕਿਵੇਂ ਸਿਰਜੀ ਜਾਂਦੀ ਕਵਿਤਾ / ਸ਼ਾਲਿਨੀ ਰਾਵਤ

ਕਿਵੇਂ ਸਿਰਜੀ ਜਾਂਦੀ ਕਵਿਤਾ
ਕੁਝ ਕੁ ਚੁੱਪ ਲੈ ਲਵੋ
ਪਰ ਬਾਹਰਲੀ ਨਹੀਂ
ਧੁਰ ਅੰਦਰੋਂ ਜਿਥੋਂ
ਤਸੀਹਿਆਂ ਤੋਂ ਬੇਖੌਫ ਹੋ ਤੁਸੀਂ

ਕਿਵੇਂ ਸਿਰਜੀਏ ਕਵਿਤਾ
ਦ੍ਰਿਸ਼ ਤੇ ਸੁਰ ਇਕੱਠੇ ਗੁੰਨ੍ਹ ਲਵੋ
ਜਿਹੜੇ ਹਾਕਾਂ ਮਾਰਦੇ ਨੇ ਮੁਢਲੇ ਵੀ
ਤੇ ਅੱਜ ਜਿਉਂਏ ਜਿਹੜੇ ਤੁਸੀਂ
ਵਕਤ ਤੇ ਖਲਾ ਤੋਂ ਪਰ੍ਹਾਂ ਬੇਖਬਰ

ਕਿਵੇਂ ਸਿਰਜੀ ਜਾਂਦੀ ਹੈ ਕਵਿਤਾ
ਕੁਝ ਲੋਕਾਂ ਤੇ ਸ਼ੈਆਂ ਨਾਲ
ਜਿਨ੍ਹਾਂ ਨੂੰ ਦੇਖਦਿਆਂ ਹੀ
ਦਿਲ ਧੱਕ ਕਰ ਕੇ
ਰਹਿ ਜਾਂਦਾ ਹੈ ਤੁਹਾਡਾ
ਕਿਉਂਕਿ ਉਹ ਬਹੁਤ ਮਨਹੂਸ ਸਨ
ਕਿਉਂਕਿ ਉਹ ਬਹੁਤ ਲਾਡਲੇ ਸਨ

ਕਿਵੇਂ ਸਿਰਜੀਏ ਕਵਿਤਾ
ਲਹੂ ਨਾਲ ਭਿੱਜੇ ਹੋਏ
ਬੋਲ ਲੈ ਲਓ ਕੁਝ
ਯਾਦਾਂ ਦੀਆਂ
ਖੁਸ਼ਬੋਈਆਂ 'ਚੋਂ ਨਿਖਾਰ
ਲਵੋ ਉਨ੍ਹਾਂ ਨੂੰ ਫਿਰ
ਕਿਉਂਕਿ ਨਾ ਕਵੀ ਅਮਰ ਹੈ
ਨਾ ਉਸਦਾ ਪਿਆਰ
ਪਰ ਕਵਿਤਾ ਤਾਂ ਹੈ.....



## ਹਿੰਦੀ ਕਵਿਤਾ / ਮਜ਼ਦੂਰ / ਦੀਪਤੀ ਸਾਰਸਵਤ



ਮਜ਼ਦੂਰ....
ਜਿਸਦਾ ਜੀਵਨ ਹੀ ਹੋਵੇ ਮਜ਼ਦੂਰੀ
ਕਿਵੇਂ ਫੜ ਲਵੇ
ਔਜ਼ਾਰਾਂ ਨੂੰ ਕਰਕੇ ਦਰਕਿਨਾਰ
ਤੁਹਾਡਾ ਵਧਾਇਆ
ਗਿਆ ਦਾਨ ਪਾਤਰ।

ਤੁਸਾਂ ਪੈਸਾ ਕਮਾਇਆ ਹੋਵੇਗਾ ਬਹੁਤ
ਮਨ ਭਰ ਗਿਆ ਹੋਵੇਗਾ ਹੁਣ
ਤੁਹਾਡਾ ਪੈਸਿਆਂ ਤੋਂ
ਵਧੀਆ ਮੌਕਾ ਮਿਲਿਆ ਹੈ
ਉੱਪਰ ਉੱਠਣ ਲਈ
ਕਮਾ ਲੈਣਾ ਚਾਹੁੰਦੇ ਹੋ
ਹੋਰ ਜ਼ਿਆਦਾ ਪੁੰਨ।

ਸੁਣਿਆ ਹੈ ਕਿ ਪੈਸਾ ਪੈਸੇ ਨੂੰ ਖਿੱਚਦਾ ਹੈ
ਪੈਸੇ ਨਾਲ ਕਮਾਇਆ ਜਾਂਦਾ ਹੈ ਪੁੰਨ।

ਪਹਿਲੀ ਵਾਰ ਦੇਖਿਆ ਇਹ ਹਿਸਾਬ
ਬਣਾ ਕੇ ਭਿਖਾਰੀ ਇੱਕ ਮਜ਼ਦੂਰ ਨੂੰ
ਦਰੜ ਕੇ ਉਸਦੀ ਆਤਮਾ ਤੇ
ਕਰਕੇ ਉਸਦੇ ਸਵੈਮਾਣ ਤੇ ਚੋਟ।
ਕਿਤੇ ਪਰਲੋਕ ਦੇ
ਬਹੀ ਖਾਤੇ ਵਿੱਚ ਬੇਰਹਿਮ
ਹੱਤਿਆਰਾ ਤਾਂ ਨਹੀਂ ਹੋ ਜਾਂਦੈ ਦਰਜ
ਤੁਹਾਡੀ ਕਰੁਣਾ...
ਮੰਨੀ ਜਾਵੇਗੀ ਪਰ ਪੀੜਾ ਆਨੰਦ
ਤੁਹਾਡੀ ਦਾਨ ਨਾਲ ਮਿਲੀ ਸੰਤੁਸ਼ਟੀ
ਜਿਵੇਂ ਕਿਸੇ ਦੀ ਉਦਾਸ ਤ੍ਰਿਪਤੀ।

ਇੱਕ ਵਾਰ ਗੌਰ ਨਾਲ
ਚਸ਼ਮਾ ਚੜ੍ਹਾ ਕੇ ਦੇਖ ਲੈਣ ਜ਼ਰਾ
ਕਿਤੇ ਉੱਪਰ ਵਾਲ਼ਾ ਵੀ ਨਾ ਨਿਕਲੇ
ਤੁਹਾਡੇ ਤੋਂ ਵੀ ਵੱਡਾ ਸਵੈ ਸ਼ਲਾਘੀ ਲਾਲਾ।

**ਅਨੁਵਾਦ: ਗੁਰਮਾਨ ਸੈਣੀ**

## ਰਾਜਸਥਾਨੀ ਕਵਿਤਾਵਾਂ / ਮੀਠੇਸ਼ ਨਿਰਮੋਹੀ



### ਥਾਰ

ਧਰਤੀ ਅਕਾਸ਼ ਜਿੰਨਾ
ਵਿਸ਼ਾਲ ਤੇਰਾ ਹਿਰਦਾ
ਹਨ੍ਹੇਰੀ ਦੇ ਵਾਂਗ
ਤੇਰਾ ਸਾਹ
ਸਮੁੰਦਰ ਦੇ ਜਿੱਡਾ
ਤੇਰਾ ਵਿਸਤਾਰ
ਥਾਰ

ਨਾ ਥੱਕੇਂ ਨਾ ਹਾਰੇਂ ਤੂੰ
ਵਾਹ
ਮੇਰੇ ਮਾਰੂਥਲ ਦੇ ਸਰਦਾਰ....

### ਚੇਤਾਵਨੀ

ਇੱਕੀਵੀਂ ਸਦੀ ਵਿਚ
ਪਹੁੰਚਦੇ ਪਹੁੰਚਦੇ
ਕਿੱਥੇ ਪਹੁੰਚ ਗਏ ਹਾਂ ਅਸੀਂ
ਦਾਦੀਆਂ ਨਾਨੀਆਂ ਨੂੰ
ਝੂਰਦੇ ਵਿਲਕਦੇ ਦੇਖਿਆ ਹੈ
ਦਿਨ ਰਾਤ
ਗੀਤਾਂ ਤੇ ਗੱਲਾਂ ਵਿਚ

ਦੁਖੀ ਨੇ ਵਿਆਕੁਲ ਨੇ
ਗੀਤਾਂ ਦੇ ਲਈ ਗਲੇ
ਤੇ ਦੇਖ ਰਹੇ ਨੇ ਪਾਠਕਾਂ ਨੂੰ
ਕਵਿਤਾ ਤੇ ਸ਼ਬਦ

ਨੀਂਦ ਵਿਚ ਮਾਤਾ ਪਿਤਾ ਦੇ ਲਈ
ਰੋਂਦੇ ਰੋਂਦੇ ਛਟਪਟਾਉਂਦੇ ਨੇ ਬੱਚੇ
ਅਤੇ ਬੱਚਿਆਂ ਦੇ ਲਈ ਮਾਤਾ ਪਿਤਾ
ਸੰਭਲੋ !
ਸੰਭਲੋ ਤੁਸੀਂ
ਨਹੀਂ ਤਾਂ
ਹੋਵੇਗਾ ਆਤਮਘਾਤ
ਜਿਸਨੂੰ ਭੁੱਲਣਾ ਚਾਹੁੰਦੇ ਵੀ
ਨਹੀਂ ਭੁਲਾ ਸਕੋਗੇ ਤੁਸੀਂ

### ਰੇਗਿਸਤਾਨ ਦੀ ਦੁਪਹਿਰ

ਮੇਰੀਆਂ ਮੋਢਿਆਂ ਨਾਲ ਟਕਰਾਉਂਦਾ
ਰੇਤ ਦਾ ਸਮੁੰਦਰ
ਉਬਲਦਾ ਹੈ

ਅੱਗ ਵਰਸਾਉਂਦਾ ਸੂਰਜ ਵੀ
ਡੁੱਬ ਜਾਂਦਾ ਹੈ
ਪਰ ਸਾਰੇ ਹੈਰਾਨ
ਲੱਭ ਰਹੇ ਹੁੰਦੇ ਹਨ
ਪਾਣੀ ਤੇ ਬਿਰਖ

### ਦੰਗਾ ਅਤੇ ਦਾਦੀ ਮਾਂ

ਅੰਗੀਠੀਆਂ ਤੇ ਚੁੱਲ੍ਹੇ
ਅਣਸੁਲਘੇ ਹੀ ਰਹੇ
ਸੁਲਘਦਾ ਰਿਹਾ
ਮੇਰੀ ਦਾਦੀ ਦਾ ਦਿਲ

ਜਦੋਂ ਰਹਿ ਰਹਿ ਕੇ
ਉੱਠਦਾ ਸੀ ਧੂੰਆਂ
ਮੇਰੇ ਸ਼ਹਿਰ ਵਿਚੋਂ

**ਅਨੁ. ਅਮਰਜੀਤ ਕੌਂਕੇ**

## ਪਰਮਿੰਦਰ ਕੌਰ ਅਮਨ / ਭਾਵਾਂ ਦੀ ਛੱਲ

ਲੌਕਡਾਊਨ ਦੀ ਘੜੀ ’ਚ
ਕਈ ਰਹੇ ਸੁਰੱਖਿਅਤ
ਤੇ ਕਈਆ ਨੂੰ ਕੋਹਾਂ ਦਾ
ਪੈਂਡਾ ਟੁੱਟੀਆਂ ਚੱਪਲ੍ਹਾਂ ਨਾਲ
ਕਰਨਾ ਪਿਆ ਤੈਅ
ਢਿੱਡ ਦੀ ਭੁੱਖ
ਕੁੱਝ ਕਬੀਲਦਾਰੀ ਦਾ ਭਾਰ
ਉੱਤੋਂ ਉਮਰ ਦਾ ਤਕਾਜ਼ਾ
ਕਦੇ ਰੋਜ਼ਗਾਰ ਦੀ ਭਾਲ
ਸੁੰਨਸਾਨ ਅੱਖਾਂ
ਤੇ ਹੰਝੂਆਂ ਦੀਆ ਡਾਰਾਂ
ਜਦੋਂ ਤੜਫੇ ਕਈ ਘਰਾਂ ਨੂੰ
ਕਈ ਭਾਲਦੇ ਸਹਾਰਾ
ਕੋਈ ਬਿਰਧ ਉਮਰ ਦਾ ਮਾਰਾ
ਨਾਲੇ ਓਪਰੀ ਥਾਂ
ਤੇ ਗੁਆਚਿਆ ਸਰਨਾਵਾਂ
ਉਧੜੀ ਪੈਰਾਂ ਦੀ ਚਮੜੀ
ਸਿੰਮਦੇ ਛਾਲਿਆਂ ਦਾ ਪਾਣੀ
ਔਖੀ ਬਿਆਨ ਕਰਨੀ
ਇਹ ਮਰਮਰੀ ਕਹਾਣੀ
ਜੇ ਅਪੜੇ ਘਰੀਂ ਤਾਂ ਠੀਕ
ਜਿੱਥੇ ਪੈਦਾ ਹੋਏ ਸਾਰੇ
ਨਹੀਂ ਤੜਫਦੀ ਰਹੂ
ਇਹ ਬੇਰੰਗ ਤਸਵੀਰ
ਹੋਵੇ ਭਲਾ ਉਹਨਾਂ ਦਾ
ਜਿੰਨਾ ਕੀਤੀ ਨੇਕ ਕਮਾਈ
ਪਹੁੰਚਣ ਤੇ ਮੰਜ਼ਿਲ ਲਈ
ਜੋ ਹੋਏ ਇੰਨਾ ਦੇ ਸਹਾਈ।



## ਸੰਦੇਸ਼ / ਨੀਤੂ ਰਾਮਪੁਰ

ਇਕ ਬਿਰਖ਼
ਬਹੁਤ ਬੁੱਢਾ
ਅਕਸਰ ਉਹਦੇ ਵੱਲ ਵੇਖਣਾ
ਉਲਝੀਆਂ ਉਲਝੀਆਂ ਟਾਹਣੀਆਂ
ਉਸਦੀ ਲੰਮੀ ਦਾੜੀ ਲੱਗਣੀ।

ਸੋਚਦੀ....
ਪਹਿਲਾਂ ਇਹ ਬੀਜ਼ ਸੀ
ਫੇਰ ਬੂਟਾ ਬਣਿਆ ਹੋਣੈ
ਬੂਟੇ ਤੋਂ ਬਿਰਖ਼, ਬੁੱਢਾ ਬਿਰਖ਼
ਮੈਂ ਵੀ ਥੋੜ੍ਹੀ ਸਿਆਣੀ ਹੋਈ
ਫਿਰ ਮੁਟਿਆਰ
ਹੁਣ ਤਾਂ ਢਲਣ ਲੱਗੀ
ਮੇਰੀ ਵੀ ਉਮਰ।

ਫੁੱਟਦੀਆਂ ਰਹਿਣ
ਇਸ ਬਿਰਖ਼ ਦੀਆਂ ਟਾਹਣੀਆਂ
ਅਜੇ ਵੀ ਹਰਿਆ ਭਰਿਆ
ਹਾਰ ਨਾ ਮੰਨੇ
ਕਿਸੇ ਵੀ ਮੌਸਮ ਤੋਂ
ਨ੍ਹੇਰੀ, ਤੂਫ਼ਾਨ,ਝੱਖੜ ਝੱਲਦਾ
ਡੱਟਿਆ ਖੜ੍ਹਾ ਰਹੇ।

ਦੇਈ ਜਾਵੇ ਸੰਦੇਸ਼
ਜ਼ਿੰਦਗੀ ਮਾਨਣ ਦਾ
ਮੌਸਮਾਂ ਨਾਲ ਜੂਝਣ ਦਾ
ਸਬਰ ਸੰਤੋਖ ਤੇ ਵੱਡੇ ਜੇਰੇ ਦਾ
ਦੇਈ ਜਾਵੇ ਸੰਦੇਸ਼
ਇਹ ਬੁੱਢਾ ਬੋਹੜ।



## ਕਵਿਤਾਵਾਂ / ਰਾਜੀਵ ਸੇਠ



### ਅਸ਼ਵ-ਮੇਧ

ਪੌੜਾਂ ਦੀ ਧਮਕ,
ਹਵਾ ਵਿੱਚ ਹਿਣਕ,
ਦੁਰਾਡੇ ਵੈਣ,
ਸੁਣਦੇ ਹਨ।

ਉੱਡਦੀ ਗਰਦ,
ਲਤਾੜੇ ਫੁੱਲ,
ਸੜੀ, ਬਲੀ ਘਾਹ
ਮੋਏ, ਅੱਧ ਮੋਏ
ਜੀਵ,
ਦਿਸਦੇ ਹਨ।

ਘੋੜੇ ਦੀ ਸ਼ਾਨਾਂ ਮੱਤੀ
ਜੇਤੂ ਅੱਖ,
ਦਿਸਦੀ ਹੈ।
ਘੋੜਾ,
ਨਹੀਂ ਦਿਸਦਾ।

### ਅੱਜ-ਕੱਲ

ਚੰਗੇ ਹੋਣਾ
'ਚੰਗਾ' ਹੁੰਦਾ ਹੈ
ਬਹੁਤ ਚੰਗੇ ਹੋਣਾ
ਚੰਗਾ ਨਹੀਂ ਹੁੰਦਾ, ਪਰ
ਬਹੁਤ ਚੰਗੇ ਹੋਣ ਦੇ
ਦੋਸ਼ ਤਹਿਤ
ਤੁਸੀਂ ਬਣ ਜਾਂਦੇ ਹੋ,
'ਬੁਰੇ'

ਬੁਰਾ ਹੋਣਾ
ਚੰਗਾ ਨਹੀਂ ਹੁੰਦਾ,
ਯਕੀਨਨ
ਪਰ
ਬਹੁਤ ਬੁਰੇ ਹੋਣਾ
ਬਹੁਤ ਚੰਗੇ ਹੋਣਾ
ਹੋ ਜਾਂਦਾ ਹੈ ,
ਅੱਜ-ਕੱਲ

ਤੁਸੀਂ
ਬਣ ਜਾਂਦੇ ਹੋ,
ਦਿਆਲੂ, ਮਹਾਨ
ਬਹੁਤ ਚੰਗੇ।

### ਈਵੈਂਟ ਮੈਨੇਜਮੈਂਟ

'ਲੋਕ ਰਾਇ' ਨਿਰਮਿਤ
ਕੀਤੀ ਜਾਂਦੀ ਹੈ, ਭਾਈ,

ਸਭ ਤੋਂ ਉੱਚੀ ਬੋਲੀ
ਲਾਉਣ ਵਾਲਾ ਖਰੀਦ
ਚੁਕਾ ਹੈ, ਸਮਾਂ

ਹੱਕ, ਸੱਚ, ਨਿਆਂ
ਸ਼ਬਦ ਹਨ, ਬਸ
ਜਿਵੇਂ, ਪੌਣ, ਪਾਣੀ
ਹਨ ਮਹਿਜ਼ ਉਤਪਾਦ ,
ਹੁਣ

ਨਸ਼ਰ ਹੋ ਗਈ ਹੋਵੇਗੀ
ਹਾਸ਼ੀਏ ਤੇ ਕਿਤੇ

ਪਹੁੰਚੇਗਾ ਨਹੀਂ
ਹੁਣ ਕੋਈ
ਅਸਲੀ ਖ਼ਬਰ ਤੀਕਣ

ਪਿੰਜਰੇ ਅੰਦਰ
ਪੂਰਾ ਅਜ਼ਾਦ ਹੈ
ਪੰਛੀ...।

## ਡਰੇ ਹੋਏ ਲੋਕ / ਕੋਮਲਦੀਪ



ਡਰੇ ਹੋਏ ਲੋਕ
ਕਿਸੇ ਸੀਲ ਗਊ ਵਾਂਗ
ਸਹਿੰਦੜ ਤੇ ਭਲੇਮਾਨਸ ਹੁੰਦੇ ਨੇ ,
ਸੋਟੀ ਵੱਜਣ ਤੇ ਦੁੱਲਤੀ ਨਹੀਂ ਮਾਰਦੇ
ਨਾ ਭੁੱਖੇ ਹੋਣ ਤੇ ਅੜਿੰਗਦੇ ਨੇ।
ਡਰੇ ਹੋਏ ਲੋਕ
ਨ੍ਹੇਰਾ ਹੋਣ ਤੋਂ ਪਹਿਲਾਂ ਹੀ
ਘਰੇ ਮੁੜ ਆਉਂਦੇ ਨੇ
ਤੇ ਟੱਬਰ ਨਾਲ ਟੀਵੀ ਮੂਹਰੇ ਬਹਿ ਕੇ
ਸਨਸਨੀ ਵੇਖਦੇ ਨੇ ।

ਡਰੇ ਹੋਏ ਲੋਕ
ਰਾਤੀਂ ਪੈਣ ਵੇਲੇ ਦੋ ਵਾਰ
ਤਾਲਾ ਖਿੱਚ ਕੇ ਵੇਖਦੇ ਨੇ
ਪਰ ਖੜਾਕ ਹੋਣ ਤੇ ਘੇਸ ਮਾਰੀ
ਵਾਹਗੁਰੂ ਵਾਹਗੁਰੂ
ਕਰ ਛੱਡ ਦੇ ਨੇ।
ਡਰੇ ਹੋਏ ਲੋਕ
ਸਵੇਰੇ ਪਾਰਕ ਵਿੱਚ ਜਾ ਕੇ
ਸਿਹਤ ਲਈ ਭੱਜਦੇ ਨੇ
ਯੋਗੇ ਕਰਦੇ ਨੇ
ਤੇ ਮਗਰੋਂ ਯੂਰੀਏ ਵਾਲੇ ਦੁੱਧ
ਨਾਲ ਲੇਪ ਵਾਲਾ
ਸੇਬ ਖਾ ਲੈਂਦੇ ਨੇ ।
ਡਰੇ ਹੋਏ ਲੋਕ
ਘਰ ਆਵਦੀ ਧੀ ਨੂੰ
ਘੂਰ ਕੇ ਰੱਖਦੇ ਨੇ
ਤੇ ਬਾਹਰ ਰਤਾ
ਟੇਢੀ ਅੱਖ ਕਰ ਕੇ
ਬਿਗਾਨੀਆਂ ਘੂਰ ਲੈਂਦੇ ਨੇ

ਡਰੇ ਹੋਏ ਲੋਕ
ਪੁਰਖਿਆਂ ਦੀ ਜ਼ਮੀਨ
ਵੇਚ ਕੇ ਤੁਰ ਪੈਂਦੇ ਨੇ
ਬਿਗਾਨੀ ਜਮੀਨ ਵੱਲ
ਤੇ ਸਿਹਕਦੇ ਰਹਿੰਦੇ ਨੇ ਉਮਰ ਭਰ
ਆਪਣੀ ਜ਼ਮੀਨ ਨੂੰ।

ਡਰੇ ਹੋਏ ਲੋਕ
ਨਿਜ਼ਾਮ ਨਹੀਂ ਬਦਲਦੇ,
ਬਦਲਦੇ ਨੇ,
ਫੇਸਬੁੱਕ ਦੀ ਪ੍ਰੋਫਾਈਲ ਪਿਕ,
ਵਹਾਟਸਐਪ ਦਾ ਸਟੇਟਸ
ਡਰੇ ਹੋਏ ਲੋਕ ਕ੍ਰਾਂਤੀ ਨਹੀਂ ਕਰਦੇ
ਬਸ ਸਬਰ ਕਰਦੇ ਨੇ
ਉਹ ਰੋਸ ਨਹੀਂ ਜਾਣਦੇ
ਨਾ ਹੋਸ਼ ਜਾਣਦੇ ਨੇ
ਉਹ ਅਖ਼ਬਾਰ ਵਿੱਚ ਪੜ੍ਹਕੇ
ਵਿਕਾਸ ਦਰ ਦੇ ਆਂਕੜੇ
ਕਰਦੇ ਨੇ ਬਹਿਸ ਤੇ
ਘਰੋਂ ਘਰੀਂ ਬਹਿ ਕੇ
ਅੱਛੇ ਦਿਨਾਂ ਦੀ ਉਡੀਕ
ਕਰਦੇ ਨੇ।

## ਅਸਲ ਰੰਗ / ਪ੍ਰੀਤੀ ਸ਼ਰਮਾ ਅਸੀਮ



ਰੰਗ ਭਰਨ ਲਈ
ਜੀਵਨ ਵਿੱਚ ਤੇਰੇ
ਬਾਹਰੋਂ ਕੋਈ ਨਹੀਂ ਆਵੇਗਾ

ਤੇਰੇ ਜੀਵਨ ਦੇ ਵਿੱਚ ਰੰਗ ਤਾਂ
ਤੇਰੇ ਭਰਨ ਨਾਲ ਆਵੇਗਾ

ਰੰਗ ਭਰਨ ਲਈ
ਜੀਵਨ ਵਿੱਚ ਤੇਰੇ
ਬਾਹਰੋਂ ਕੋਈ ਨਹੀਂ ਆਵੇਗਾ

ਕਿਸ ਸੋਚ ਵਿੱਚ ਡੁੱਬਿਆ
ਕੋਈ ਬੰਨ੍ਹ ਦੇਵੇ
ਰੰਗਾਂ ਨੂੰ ਸਾਰੇ,
ਸਤਰੰਗੀ ਪੀਂਘ
ਤੇਰੇ ਹੱਥ ਫੜਾ ਜਾਵੇਗਾ

ਜ਼ਿੰਦਗੀ ਨੂੰ ਤੇਰੀ
ਰੰਗਾਂ ਨਾਲ ਰੰਗੀਨ
ਕੋਈ ਕਰ ਜਾਵੇਗਾ

ਰੰਗ ਭਰਨ ਲਈ,
ਜੀਵਨ ਵਿੱਚ ਤੇਰੇ
ਬਾਹਰੋਂ ਕੋਈ ਨਹੀਂ ਆਵੇਗਾ

ਹਕੀਕਤ ਦੇ,
ਬਦਰੰਗ ਦਾਗਾਂ ਨਾਲ ਲੜ
ਤਾਹੀਂ ਤੂੰ ਆਪਣੀ
ਹਿੰਮਤ ਦੇ ਨਾਲ ,
ਜ਼ਿੰਦਗੀ ਦੇ ਵਿੱਚ ਰੰਗ ਨਵੇਂ
ਭਰ ਪਾਏਂਗਾ

ਦੁਨੀਆਂ ਦੇ,
ਰੰਗਾਂ ਨੂੰ ਉਡੀਕਦਿਆਂ
ਬਦਰੰਗ ਤੂੰ ਹੋ ਜਾਵੇਂਗਾ

ਰੰਗ ਭਰਨ ਲਈ,
ਜੀਵਨ ਵਿੱਚ ਤੇਰੇ
ਬਾਹਰੋਂ ਕੋਈ ਨਹੀਂ ਆਵੇਗਾ

ਤੇਰੇ ਜੀਵਨ ਵਿੱਚ ਅਸਲ ਰੰਗ ਤਾਂ,
ਤੇਰੇ ਭਰਨ ਨਾਲ ਹੀ ਆਵੇਗਾ।

**ਅਨੁ. ਅਮਰਜੀਤ ਕੌਂਕੇ**

## ਬਲਬੀਰ ਪਰਵਾਨਾ ਦੇ ਨਾਵਲ: ਪਛਾਣ ਚਿੰਨ੍ਹ / ਪਰਮਿੰਦਰ ਕੌਰ

ਪੰਜਾਬੀ ਨਾਵਲ ਇਤਿਹਾਸ ਦੀਆਂ ਜੜ੍ਹਾਂ ਡੂੰਘੀਆਂ ਹਨ। ਇਸ ਇਤਿਹਾਸਕ-ਰੇਖਾ ਵਿਚ ਇੱਕੀਵੀਂ ਸਦੀ ਦੇ ਪਹਿਲੇ ਦੋ ਦਹਾਕੇ ਵੀ ਮੁਕੰਮਲ ਹੋਣ ਵਾਲੇ ਹਨ। ਸਮਕਾਲੀ ਪੰਜਾਬੀ ਨਾਵਲ ਨੂੰ ਚੌਥੇ ਪੜ੍ਹਾਅ ਦੇ ਨਾਵਲ ਦੀ ਸ਼੍ਰੇਣੀ 'ਚ ਗਿਣਿਆ ਜਾਣ ਲੱਗਿਆ ਹੈ। ਇਸ ਦਾ ਪ੍ਰਮੁੱਖ ਕਾਰਣ ਨਾਵਲ ਦੀ ਵਿਸ਼ੇਗਤ ਅਤੇ ਕਲਾਗਤ ਪ੍ਰਪੱਕਤਾ ਨੂੰ ਮੰਨਿਆ ਜਾ ਸਕਦਾ ਹੈ। ਸਮਕਾਲੀ ਨਾਵਲ ਮਨੁੱਖੀ ਅਵੇਚਤਨ, ਸਮਾਜ ਦੇ ਸੂਖਮ ਮਸਲਿਆਂ ਨੂੰ ਪਕੜਨ ਦੀ ਪੂਰੀ ਪੂਰੀ ਕੋਸ਼ਿਸ਼ ਕਰ ਰਿਹਾ ਹੈ। ਨਾਵਲ ਵਿਚ ਕਈ ਰੁਝਾਨ ਪੈਦਾ ਹੋਏ ਹਨ, ਜੋ ਵਿਅਕਤੀ ਦੇ ਸਮਾਜਕ ਵਰਤਾਰੇ ਦਾ ਬਹੁਪਰਤੀ ਯਥਾਰਥ ਪੇਸ਼ ਕਰ ਰਹੇ ਹਨ। ਅੱਜ ਨਾਵਲ ਵਿਚੋਂ ਭਿੰਨ੍ਹ-ਭਿੰਨ੍ਹ ਧੁਨੀਆਂ ਸਾਹਮਣੇ ਆ ਰਹੀਆਂ ਹਨ। ਨਾਵਲਕਾਰ, ਸਥਾਨਕ ਵਿਸ਼ਵ ਪੱਧਰ ਦੇ ਸਰੋਕਾਰਾਂ ਨਾਲ ਸੰਵਾਦ ਰਚਾਉਂਦੇ ਹਨ। ਮਨੁੱਖ ਸਮਾਜ ਦੇ ਸੰਵਾਦੀ ਸੰਬੰਧ ਨਾਵਲਾਂ ਦਾ ਹਿੱਸਾ ਬਣੇ ਹੋਏ ਹਨ। ਕਿਸ਼ਨ ਸਿੰਘ ਦੇ ਸ਼ਬਦਾਂ ਵਿਚ: 'ਉਹੀ ਸਾਹਿਤਕਾਰ ਵਿਚਾਰਧਾਰਾ ਸਹੀ ਪੇਸ਼ ਕਰ ਸਕਦਾ ਹੈ, ਜਿਹੜਾ ਸਮਾਜਕ ਜੀਵਨ ਨੂੰ ਸਹੀ ਤਰ੍ਹਾਂ ਸਮਝਦਾ ਹੋਵੇ, ਮਨੁੱਖੀ ਖ਼ਾਸੀਅਤਾਂ ਦੀ ਬੋਲੀ ਵਿਚ ਉਸ ਦੀ ਸਹੀ ਵਿਆਖਿਆ ਕਰ ਸਕਦਾ ਹੋਵੇ, ਸਮਾਜਕ ਜੀਵਨ ਨੂੰ ਜਿਸ ਦਿਸ਼ਾ ਵਿਚ ਸਮਾਜਕ ਜੜ੍ਹਾਂ ਤੋਰਦੀਆਂ ਹਨ, ਉਨ੍ਹਾਂ ਨੂੰ ਉਸ ਪਾਸੇ ਤੁਰਦਿਆਂ, ਕੰਮ ਕਰਦਿਆਂ ਵਿਖਾ ਸਕਦਾ ਹੋਵੇ।'1

ਇਹ ਗੱਲ ਤਰਕਪੂਰਨ ਰੂਪ ਵਿਚ ਸਵੀਕਾਰਨੀ ਬਣਦੀ ਹੈ ਕਿ ਪੰਜਾਬੀ ਨਾਵਲ ਸੁਮਾਦਕ ਚੁਣੌਤੀਆਂ ਦੀ ਪੇਸ਼ਕਾਰੀ ਲਈ ਜ਼ਿੰਮੇਵਾਰ ਭੂਮਿਕਾ ਨਿਭਾ ਰਿਹਾ ਹੈ। ਵਿਸ਼ਵੀਕਰਨ ਵਰਤਾਰਿਆਂ ਨੂੰ ਵਿਸ਼ਾਲ ਕੈਨਵਸ ਤੇ ਚਿਤਰਣ ਲਈ ਨਾਵਲ ਕਾਰਗਰ ਵਿਧਾ ਸਾਬਿਤ ਹੁੰਦੀ ਹੈ। 'ਬੁਰਜ਼ਵਾ ਜ਼ਿੰਦਗੀ ਦੇ ਚਿਤਰਣ ਵਿਚ ਸਭ ਤੋਂ ਸਫ਼ਲ ਸਾਹਿਤ ਰੂਪ ਨਾਵਲ ਸਿੱਧ ਹੋਇਆ ਹੈ। ਇੰਝ ਹੀ ਨਾਵਲ ਸਮਾਜਵਾਦੀ ਚੇਤਨਾ ਪੈਦਾ ਕਰਨ ਦਾ ਮੁੱਖ ਸਾਧਨ ਹੈ। ਇਹ ਹਜ਼ਾਰਾਂ ਲੋਕਾਂ ਤੱਕ ਪਹੁੰਚ ਸਕਦਾ ਹੈ ਅਤੇ ਪਾਠਕ ਲਈ ਗੁੰਝਲਦਾਰ ਤੋਂ ਗੁੰਝਲਦਾਰ ਸਮੱਸਿਆ ਨੂੰ ਸੁਲਝਾਉਣ ਦੀ ਸੰਭਾਵਨਾ ਰੱਖਦਾ ਹੈ।'2 ਕੋਈ ਵੀ ਸਿਰਜਣਾਤਮਕ ਰਚਨਾ ਕਲਾਤਮਕ ਦੇ ਸੁਹਜ ਤੋਂ ਮੁਕਤ ਨਹੀਂ ਹੋ ਸਕਦੀ। ਸਾਸਿਊਰ, ਰੋਲਾਂ ਬਾਰਤ, ਮਿਸ਼ੈਲ ਫੂਕੋ ਆਦਿ ਚਿੰਤਕ ਰਚਨਾਤਮਕ ਮਾਡਲ ਸਥਾਪਿਤ ਕਰਕੇ ਵਿਚਾਰਧਾਰਾਈ ਟਿੱਪਣੀਆਂ ਕਰਦੇ ਹਨ। ਸਮਕਾਲੀ ਪੰਜਾਬੀ ਨਾਵਲ ਦਾ ਅਧਿਐਨ ਕਰਦਿਆਂ ਇਹ ਗੱਲ ਭਲੀ-ਭਾਂਤ ਸਪੱਸ਼ਟ ਹੋ ਚੁੱਕੀ ਹੈ ਕਿ ਪੰਜਾਬੀ ਨਾਵਲ ਨੇ ਆਪਣੀ ਨਿਕਾਸ-ਵਿਕਾਸ ਪ੍ਰਕਿਰਿਆ ਦੌਰਾਨ ਕਈ ਰੂਪ ਵਟਾਏ ਹਨ। ਵਿਸ਼ਾਗਤ-ਵਿਧਾਗਤ ਪੱਖੋਂ ਅਨੇਕਾਂ ਤਬਦੀਲੀਆਂ ਵਾਪਰੀਆਂ ਹਨ। ਹਰੇਕ ਨਾਵਲਕਾਰ ਨੇ ਬਦਲਾਉਨੁਮਾ ਮਾਹੌਲ ਨੂੰ ਆਪਣੀ ਦ੍ਰਿਸ਼ਟੀ/ਦ੍ਰਿਸ਼ਟੀਕੋਣ ਤੋਂ ਵਾਚਿਆ ਹੈ। ਇਸ ਕੜੀ ਵਿੱਚ ਬਲਬੀਰ ਪਰਵਾਨਾ  ਦਾ ਨਾਂ ਵੀ ਆਉਂਦਾ ਹੈ। ਉਹ ਪਿਛਲੇ ਦਹਾਕਿਆਂ ਤੋਂ ਨਿਰੰਤਰ ਇਸ ਵਿਧਾ ਨਾਲ ਜੁੜਿਆ ਹੋਇਆ ਹੈ। ਸੁਪਨੇ ਤੇ ਪਰਛਾਵੇਂ" (2001) ਤੋਂ ਸ਼ੁਰੂ ਹੋਇਆ ਸਫ਼ਰ ਖਾਂਡਵ ਦਾਹ (2018) ਤੱਕ ਆ ਪਹੁੰਚਿਆ ਹੈ। ਉਸਦੇ ਨਾਵਲ ਵਿਭਿੰਨ ਵਿਸ਼ਿਆਂ ਦੀ ਤਰਜ਼ਮਾਨੀ ਕਰਦੇ ਹਨ। ਸਮਕਾਲੀ ਸਾਹਿਤ ਸਿਰਜਣਾ ਵਿਚ ਬਲਬੀਰ ਪਰਵਾਨਾ ਵਿਸ਼ੇਸ਼ ਪਛਾਣ ਦਾ ਹੱਕਦਾਰ ਹੈ। ਪਛਾਣ ਦਾ ਆਧਾਰ ਉਸਦਾ ਬਹੁ-ਵਿਧਾਈ ਲੇਖਕ ਹੋਣਾ ਵੀ ਹੈ।

'ਉਸਦਾ ਬਹੁ-ਵਿਧਾਵੀ ਹੋਣਾ ਫ਼ੈਸ਼ਨਕਾਰੀ ਨਹੀਂ, ਸਗੋਂ ਅਨੁਭਵ ਦੀ ਗਤੀਸ਼ੀਲਤਾ ਅਤੇ ਵਿਧਾਗਤ ਪ੍ਰਤਿਮਾਨਾਂ ਵਿਚਲਾ ਤਣਾਅ ਹੈ। ਇਸ ਕਰਕੇ ਉਹ ਵਿਧਾਗਤ ਬੰਦੇਜ਼ ਤੋਂ ਲੈ ਕੇ ਚਿੰਤਨ ਦੀਆਂ ਹਠੀ ਧਾਰਨਾਵਾਂ ਤੋਂ ਮੁਕਤ ਹੈ।'3

ਉਹ ਸਮਕਾਲ ਨੂੰ ਸੰਬੋਧਿਤ ਹੁੰਦਾ ਹੋਇਆ ਸਰਵਕਾਲੀ ਪ੍ਰਸੰਗਾਂ ਨਾਲ ਜੁੜ ਜਾਂਦਾ ਹੈ। ਉਸਦਾ ਰਚਨਾਤਮਕ ਸਫ਼ਰ ਕਾਵਿ ਤੋਂ ਸ਼ੁਰੂ ਹੋ ਕੇ ਮਿੰਨੀ ਕਹਾਣੀ, ਕਹਾਣੀ, ਨਾਵਲੈੱਟ ਰਾਹੀਂ ਨਾਵਲ ਵਰਗੀ ਮੋਕਲੀ ਵਿਧਾ 'ਚ ਪ੍ਰਵੇਸ਼ ਕਰ ਜਾਂਦਾ ਹੈ। ਪੱਤਰਕਾਰੀ ਪੇਸ਼ਾ ਉਸਦੇ ਸਾਹਿਤਕ ਪਿਆਰ ਨੂੰ ਹੋਰ ਨਿਖਾਰਦਾ ਹੈ।

ਬਲਬੀਰ ਪਰਵਾਨਾ ਦੀ ਨਾਵਲ ਜਗਤ ਵਿਚ ਸਾਹਿਤਕ ਘਾਲਣਾ ਇਸ ਪ੍ਰਕਾਰ ਹੈ ਨਾਵਲ: ਸੁਪਨੇ ਤੇ ਪਰਛਾਵੇਂ (2001), ਨਿੱਕੇ-ਨਿੱਕੇ ਯੁੱਧ (2008), ਆਪਣੇ-ਆਪਣੇ ਮੋਰਚੇ (2008), ਗਹਿਰ ਚੜ੍ਹੀ ਅਸਮਾਨ (2010), ਕਥਾ ਇਸ ਯੁੱਗ ਦੀ (2011), ਅੰਬਰ ਵੱਲ ਉਡਾਣ (2012), ਖੇਤਾਂ ਦਾ ਰੁਦਨ (2013), ਬਹੁਤ ਸਾਰੇ ਚੁਰਸਤੇ (2014), ਸਿਮਟਦਾ ਆਕਾਸ਼ (2016,17), ਬੰਜ਼ਰ ਧਰਤੀ (2017), ਖਾਂਡਵ ਦਾਹ (2018)

ਬਲਬੀਰ ਪਰਵਾਨਾ ਦਾ ਨਾਵਲੀ ਸਫ਼ਰ ਸੁਪਨੇ ਤੇ ਪਰਛਾਵੇਂ ਤੋਂ ਸ਼ੁਰੂ ਹੋ ਕੇ ਖਾਂਡਵ ਦਾਹ' ਤੱਕ ਨਿਰੰਤਰ ਜਾਰੀ ਹੈ। ਉਹ ਆਪਣੇ ਨਾਵਲਾਂ ਦੇ ਬਿਰਤਾਂਤਕੀ ਚੱਕਰ ਵਿਚ ਪਾਠਕਾਂ ਅੰਦਰ ਰੁਚੀ ਪੈਦਾ ਕਰਨ ਲਈ ਹੋਰ ਰਚਨਾਵਾਂ ਨੂੰ ਪੜ੍ਹਨ ਲਈ ਵੀ ਪ੍ਰੇਰਿਤ ਕਰਦਾ ਹੈ। ਜਿਵੇਂ ਸਿਮਟਦਾ ਆਕਾਸ਼' ਨਾਵਲ ਨਕਸਲਬਾੜੀ ਲਹਿਰ ਤੋਂ ਪ੍ਰਭਾਵਿਤ ਹੈ। ਖਾਂਡਵ ਦਾਹ' ਰਿਗਵੇਦ, ਮਹਾਂਭਾਰਤ, ਰਮਾਇਣ ਆਦਿ ਗ੍ਰੰਥਾਂ ਚੋਂ ਚੁਣੀ ਗਈ ਸਮੱਗਰੀ ਆਧਾਰਤ ਹੈ। ਉਸਦੇ ਬਿਰਤਾਂਤਕੀ ਸੰਗਠਨ ਵਿੱਚ ਉਹ ਨਾਵਲ ਵੀ ਸ਼ਾਮਲ ਹਨ, ਜਿਨ੍ਹਾਂ ਦੀ ਕਹਾਣੀ ਇਕ ਤੋਂ ਵਧੇਰੇ ਨਾਵਲਾਂ ਵਿੱਚ ਸਮੋਈ ਹੋਈ ਹੈ। ਇਸ ਪ੍ਰਸੰਗ ਵਿੱਚ ਉਸਦਾ ਨਾਵਲ ਬਹੁਤ ਸਾਰੇ ਚੁਰੱਸਤੇ' ਵਾਚਣਯੋਗ ਹੈ।

2001 ਵਿਚ ਸੁਪਨੇ ਤੇ ਪਰਛਾਵੇਂ ਨਾਲ ਨਾਵਲ ਵਿਧਾ ਵੱਲ ਝੁਕਾਅ ਹੁੰਦਾ ਹੈ। ਝੁਕਾਅ ਦੇ ਕਾਰਨ ਬਾਰੇ ਗਲਪਕਾਰ ਦਾ ਮਤ ਹੈ :

"ਮੈਂ ਕਵਿਤਾਵਾਂ ਵੀ ਲਿਖੀਆਂ ਹਨ, ਮਿੰਨੀ ਕਹਾਣੀਆਂ ਵੀ, ਕਹਾਣੀਆਂ ਤੇ ਨਾਵਲੈੱਟ ਵੀ। ਪਰ ਮੈਨੂੰ ਲੱਗਦਾ ਹੈ ਜਿਵੇਂ ਨਾਵਲ ਵਿਚ ਲੇਖਕ ਆਪਣੀ ਗੱਲ ਪੂਰੇ ਮਨ ਨਾਲ ਕਹਿ ਸਕਦਾ ਹੈ। ਦੂਸਰੀਆਂ ਵਿਧਾਵਾਂ ਦੀ ਸੀਮਾਵਾਂ ਕਰਕੇ ਉਵੇਂ ਜ਼ਿੰਦਗੀ ਦੇ ਸਮੁੱਚ ਨੂੰ ਨਹੀਂ ਚਿਤਰਿਆਂ ਜਾ ਸਕਦਾ। ਜਿਵੇਂ ਕਾਲੀਆ ਘਟਾਵਾਂ ਵਾਲੀ ਕਾਲੀ ਰਾਤ 'ਚ ਬਿਜਲੀ ਦੀ ਲਿਸ਼ਕੋਰ ਇਕ ਪਲ ਲਈ ਸਭ ਕੁਝ ਚਾਨਣ-ਚਾਨਣ ਕਰ ਜਾਂਦੀ ਹੈ, ਇਕ ਝਲਕ ਦਿਖਾ ਜਾਂਦੀ ਹੈ। ਚੁਗਿਰਦੇ ਦੀ, ਪਰ ਜੇ ਤੁਸੀਂ ਕਿਸੇ ਥਾਂ ਬਾਰੇ ਪੂਰੀ ਤਰ੍ਹਾਂ ਜਾਨਣਾ ਹੋਵੇ ਤਾਂ ਤੁਹਾਨੂੰ ਦਿਨੇ ਹੀ ਸਫ਼ਰ ਕਰਨਾ ਪਵੇਗਾ। ਇਹ ਦਿਨ ਦਾ ਸਫ਼ਰ ਹੀ ਨਾਵਲ ਹੈ।"4

ਬਲਬੀਰ ਪਰਵਾਨਾ ਦੇ ਨਾਵਲਾਂ ਦੀ ਸਭ ਤੋਂ ਵੱਡੀ ਖ਼ੂਬੀ ਪਾਤਰਾਂ ਦਾ ਮਨੋਵਿਸਲੇਸ਼ਣੀ ਅਧਿਐਨ ਪੇਸ਼ ਕਰਨਾ ਹੈ। ਉਸ ਕੋਲ ਅਜਿਹੀ ਦ੍ਰਿਸ਼ਟੀ ਹੈ, ਜਿਸ ਰਾਹੀਂ ਉਹ ਇੱਕ ਪਾਸੇ ਆਪਣੇ ਪਾਤਰਾਂ ਦੇ ਮਨੋ ਸੰਕਟ ਪੇਸ਼ ਕਰਦਾ ਹੈ ਤੇ ਦੂਜੇ ਪਾਸੇ ਪਾਤਰਾਂ ਦੀ ਜ਼ਿੰਦਗੀ ਦੇ ਵਿਭਿੰਨ ਪਾਸਾਰਾਂ ਨੂੰ ਘਟਨਾਵੀਂ ਵਿਉਂਤ ਰਾਹੀਂ ਸਿਰਜਦਾ ਜਾਂਦਾ ਹੈ। ਇਸ ਘਟਨਾਈ ਵਿਉਂਤ ਵਿਚੋਂ ਹੀ ਪਾਤਰ ਦਾ ਸਮਾਜਕ, ਰਾਜਸੀ, ਨੈਤਿਕ, ਸਭਿਆਚਾਰ, ਆਰਥਿਕ ਆਦਿ ਪੱਖ ਵੀ ਉਜਾਗਰ ਹੁੰਦਾ ਰਹਿੰਦਾ ਹੈ। ਰੰਗ, ਰੂਪ, ਕਿੱਤਾ, ਰੁਚੀ ਆਦਿ ਦੀ ਜਾਣਕਾਰੀ ਵੀ ਉਪਲੱਬਧ ਹੁੰਦੀ ਜਾਂਦੀ ਹੈ। ਸਮਕਾਲ ਨੂੰ ਸ਼ਿੱਦਤ ਨਾਲ ਪੇਸ਼ ਕਰਨ ਉਹ ਅਤੀਤ – ਭਵਿੱਖ ਵਿਚ ਚਲਾ ਜਾਂਦਾ ਹੈ। ਬਹੁਤ ਸਾਰੇ ਚੁਰੱਸਤੇ' ਨਾਵਲ (ਚੌ-ਲੜੀ ਨਾਵਲ) ਵਿਚ ਪੰਜਾਬ ਦੀ ਲਗਭਗ ਪੌਣੀ ਸਦੀ ਨੂੰ ਪੇਸ਼ ਕੀਤਾ ਗਿਆ ਹੈ। ਉਸਨੂੰ ਪੇਚੀਦਾ ਜ਼ਿੰਦਗੀ ਦੀ ਪੇਸ਼ਕਾਰੀ ਲਈ ਨਾਵਲ ਵਿਧਾ ਬੜੀ ਰਾਸ ਆਉਂਦੀ ਹੈ। ਉਹ ਪਲ-ਪਲ ਬਦਲ ਰਹੀ ਜ਼ਿੰਦਗੀ ਨੂੰ ਨਾਵਲ ਦੇ ਕੇਂਦਰ ਬਿੰਦੂ ਵਿਚ ਲਿਆਉਣ ਲਈ ਤਤਪਰ ਤੇ ਤੜਪਦਾ ਰਹਿੰਦਾ ਹੈ। ਕਮਿਊਨਿਸਟ ਲਹਿਰ ਤੋਂ ਬਾਅਦ ਉਹ ਹਰੇ ਇਨਕਲਾਬ ਦਾ ਵੀ ਨਾਵਲੀ-ਨੋਟਿਸ ਲੈਂਦਾ ਹੈ। ਇਸ ਕ੍ਰਾਂਤੀ ਨੇ ਪੰਜਾਬ ਦੇ ਲੋਕਾਂ ਦੀ ਜੀਵਨ-ਸ਼ੈਲੀ ਨੂੰ ਨਿਘਾਰਗ੍ਰਸਤ ਪਰਸਥਿਤੀਆਂ ਵਿਚ ਧਕੇਲਿਆ। ਕਿਸਾਨੀ ਦਾ ਮਿਆਰ ਨਿਮਨ ਹੋਣ ਲੱਗਆ। ਦੁਵਿਧਾਗ੍ਰਸਤ ਹੋਣੀ ਦੇ ਸੰਕਟ 'ਚ ਵਾਧਾ ਹੋਇਆ। ਮਸ਼ੀਨ ਨੇ ਬੇਰੁਜਗਾਰੀ ਦੇ ਨਾਲ-ਨਾਲ ਗਰੀਬੀ ਰੇਖਾ ਨੂੰ ਵੀ ਵਧਾਇਆ।

ਬਲਵੀਰ ਪਰਵਾਨਾ ਦੇ ਨਾਵਲਾਂ ਦੀ ਰਹੱਸ ਸਿਰਜਣਾ ਕਮਾਲ ਦੀ ਹੈ। ਇਸ ਦਾ ਵੱਡਾ ਕਾਰਣ ਇਹ ਵੀ ਹੈ ਕਿ ਉਸਦੇ ਨਾਵਲ ਬਿਰਤਾਂਤਕ ਵਿਉਂਤ ਅਤੇ ਮਿਆਦ ਦੀ ਨਿਯਮਾਂਵਲੀ ਅਨੁਸਾਰ ਵੀ ਚੱਲਦੇ ਹਨ। ਭਾਵ ਇਹ ਹੈ ਕਿ ਉਸਦੇ ਨਾਵਲ ਸੁਤੰਤਰ ਰੂਪ ਵਿਚ ਵੀ ਮਾਨਤਾ ਰੱਖਦੇ ਹਨ ਤੇ ਸੰਗਠਿਤ ਰੂਪ ਵਿਚ ਵੀ ਅਹਿਮੀਅਤ ਰੱਖਦੇ ਹਨ। 'ਬਹੁਤ ਸਾਰੇ ਚੁਰੱਸਤੇ' ਨਾਵਲ ਦੇ ਚਾਰ ਭਾਗ ਹਨ : 'ਗਹਿਰ ਚੜੀ ਅਸਮਾਨ', 'ਨਿੱਕੇ ਨਿੱਕੇ ਯੁੱਧ', 'ਆਪਣੇ ਆਪਣੇ ਮੋਰਚੇ' ਅਤੇ 'ਕਥਾ ਇਸ ਯੁੱਗ ਦੀ'। ਇਨ੍ਹਾਂ ਨਾਵਲਾਂ ਤੋਂ ਬਿਨ੍ਹਾਂ 'ਅੰਬਰ ਵੱਲ ਉਡਾਣ', 'ਖੇਤਾ ਦਾ ਰੁਦਨ', 'ਸਿਮਟਦਾ ਆਕਾਸ਼', 'ਬੰਜ਼ਰ ਧਰਤੀ', 'ਖਾਂਡਵ ਦਾਹ' ਆਦਿ ਨਾਵਲ ਹਨ। ਬਲਬੀਰ ਪਰਵਾਨਾ ਨਾਵਲ ਨੂੰ ਦੁਮੇਲਮੁਖੀ ਰੂਪ 'ਚ ਫੈਲਾਉਣ ਦੀ ਸਮਰੱਥਾ ਰੱਖਦਾ ਹੈ। ਉਹ ਨਾਵਲ ਦੇ ਆਰੰਭ ਵਿਚ ਹੀ ਦੁਮੇਲਮੁਖਤਾ ਨੂੰ ਫੈਲਾਉਂਦਾ ਜਾਂਦਾ ਹੈ ਤੇ ਦ੍ਰਿਸ਼ ਸਿਰਜਦਾ ਜਾਂਦਾ ਹੈ। ਦੁਮੇਲਮੁਖਤਾ ਦੀਆਂ ਪਰਤਾਂ ਖੁੱਲ੍ਹਦੀਆਂ ਜਾਂਦੀਆਂ ਹਨ।

ਨਾਵਲਾਂ ਵਿੱਚ ਵਿਸ਼ਿਆਂ ਦੀ ਵਿਭਿੰਨਤਾ ਦੇ ਨਾਲ ਨਾਲ ਬਿਰਤਾਂਤਕੀ ਸੰਗਠਨ 'ਚ ਵੀ ਭਿੰਨਤਾ ਦੇਖਣ ਨੂੰ ਮਿਲਦੀ ਹੈ। ਬਿਰਤਾਂਤਕੀ ਸੰਗਠਨ ਉਸਾਰਨ ਲਈ ਉਹ ਘਟਨਾਵੀਂ ਲਕੀਰੀ ਕ੍ਰਮ, ਪਿੱਛਲ ਝਾਤ, ਸ਼ਬਦ ਲੋਪ, ਮਨਬਚਨੀ, ਸੰਵਾਦ ਯੋਜਨਾ, ਰਹੱਸ ਸਿਰਜਣਾ, ਬਹੁ-ਘਟਨਾਵੀਂ ਆਦਿ ਅਨੇਕਾਂ ਵਿਧੀਆਂ ਦਾ ਪ੍ਰਯੋਗ ਕਰਦਾ ਹੈ।

ਪਰਵਾਨਾ ਦੀ ਕੋਈ ਵੀ ਨਾਵਲ ਰਚਨਾ ਐਸੀ ਨਹੀਂ ਜੋ ਪਾਠਕ ਲਈ ਅਕੇਂਵਾ ਥਕੇਂਵਾ ਮਹਿਸੂਸ ਕਰਵਾਉਂਦੀ ਹੋਵੇ। ਇਸ ਦਾ ਕਾਰਣ ਨਾਵਲਾਂ ਦਾ ਸਮਾਜਕ ਵਰਤਾਰੇ ਨਾਲ ਜੁੜੇ ਹੋਣਾ ਹੈ। ਸਿਰਜਣਾਤਮਕ ਆਧਾਰ ਤੇ ਵਿਚਾਰਧਾਰਕ ਪਿੱਠਭੂਮੀ' ਲੇਖ 'ਚ ਲਿਖਦਾ ਹੈ : "ਨਾਵਲ ਲਿਖਣ ਤੋਂ ਪਹਿਲਾਂ ਮੇਰੇ ਮਨ 'ਚ ਕੁਝ ਸਮਾਜਕ ਵਰਤਾਰੇ ਹੁੰਦੇ ਹਨ, ਜਿਹੜੇ ਮੈਨੂੰ ਚੁੱਭਦੇ ਹਨ ਜਾਂ ਇਹਨਾਂ 'ਚ ਮੈਂ ਕੁਝ ਹੋਰ ਲੋਕਾਂ ਦੇ ਦਮ ਘੁੱਟਦੇ ਦੇਖਦਾ ਹਾਂ। ਮੈਨੂੰ ਲੱਗਦਾ ਹੈ ਇੰਝ ਨਹੀਂ ਹੋਣਾ ਚਾਹੀਦਾ। ਬਸ ਇਹ ਰੜਕ ਹੀ ਮੇਰੇ ਨਾਵਲ ਦੀ ਪ੍ਰੇਰਨਾ ਸਰੋਤ ਹੋ ਨਿਬੜਦੀ ਹੈ।"5

**ਹਵਾਲੇ**


1) ਕਿਸ਼ਨ ਸਿੰਘ, ਸਾਹਿਤ ਦੀ ਸਮਝ, ਪੰਨਾ-69

2) ਇਨਕਲਾਬੀ ਸਾਹਿਤ ਅਤੇ ਸਭਿਆਚਾਰ ਦਾ ਰੋਲ, ਲਕੀਰ (ਜੂਨ-ਜੁਲਾਈ 1978), ਪੰਨਾ 40

3) ਰਜਨੀਸ਼ ਬਹਾਦਰ ਸਿੰਘ ਗਤੀਸ਼ੀਲ ਸਮਾਜ ਦਾ ਚਿੰਤਨਸ਼ੀਲ ਸਿਰਜਕ, ਰਜਨੀਸ਼ ਬਹਾਦਰ ਸਿੰਘ (ਸੰਪਾਦਕ), ਬਲਬੀਰ ਪਰਵਾਨਾ ਦਾ ਸਿਰਜਣੀ ਵਰਤਾਰਾ, ਪੰਨਾ 08

4) ਬਲਬੀਰ ਪਰਵਾਨਾ, ਲੇਖਕ ਲਿਖਤ ਤੇ ਵਿਚਾਰਧਾਰਾ, ਪੰਨਾ 28

5) ਬਲਬੀਰ ਪਰਵਾਨਾ, ਲੇਖਕ ਲਿਖਤ ਤੇ ਵਿਚਾਰਧਾਰਾ, ਪੰਨਾ-24



**ਖੋਜਾਰਥੀ**
**ਗੁਰੂ ਕਾਸ਼ੀ ਯੂਨੀਵਰਸਿਟੀ**
**ਤਲਵੰਡੀ ਸਾਬੋ, ਬਠਿੰਡਾ**

## ਭਗਤ ਕਬੀਰ ਅਤੇ ਉਨ੍ਹਾਂ ਦੀ ਬਾਣੀ / ਹਰਿੰਦਰਪਾਲ ਕੌਰ

ਸਿੱਖ ਧਰਮ ਦੇ ਆਧੁਨਿਕ ਧਰਮ ਹੋਣ ਕਾਰਣ ਇਸਦੇ ਪਵਿੱਤਰ ਗ੍ਰੰਥ ਨੂੰ ਜ਼ਿਆਦਾ ਪ੍ਰਮਾਣਿਕ ਮੰਨਿਆ ਜਾਂਦਾ ਹੈ ਕਿਉਂਕਿ ਇਸਦੀ ਰਚਨਾ ਅਤੇ ਸੰਪਾਦਨਾ ਦਾ ਸਾਰਾ ਕੰਮ ਗੁਰੂ ਸਾਹਿਬਾਨ ਦੁਆਰਾ ਕੀਤਾ ਗਿਆ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਸਾਹਿਬਾਨ ਦੇ ਨਾਲ-ਨਾਲ ਭਗਤਾਂ ਤੇ ਭੱਟਾਂ ਦੀ ਬਾਣੀ ਵੀ ਦਰਜ ਕੀਤੀ ਗਈ ਹੈ ਕਿਉਂਕਿ ਪ੍ਰਾਪਤ ਰਚਨਾਵਾਂ ਗੁਰੂ ਆਸ਼ੇ ਦੇ ਅਨਕੂਲ ਸਨ। ਇਹ ਬੜੀ ਵਿਲੱਖਣ ਗੱਲ ਹੈ ਕਿ ਸਿੱਖ ਧਰਮ ਦੇ ਗ੍ਰੰਥ ਵਿਚ ਸਿੱਖ ਗੁਰੂਆਂ ਤੋਂ ਇਲਾਵਾ ਮੁਸਲਮਾਨ ਅਤੇ ਕਈ ਹੋਰ ਜਾਤਾਂ ਦੇ ਭਗਤਾਂ ਦੀ ਬਾਣੀ ਦਰਜ ਹੈ। ਜਿਸ ਨੂੰ ਬੜੇ ਮਾਣ ਤੇ ਸਤਿਕਾਰ ਨਾਲ ਗੁਰੂ ਸਾਹਿਬਾਨ ਨੇ ਆਪਣੀ ਬਾਣੀ ਦੇ ਨਾਲ ਉਸ ਗ੍ਰੰਥ ਵਿਚ ਰੱਖਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਿਲ ਭਗਤਾਂ ਦੀ ਬਾਣੀ ਵਿਚ ਇਕ ਨਾਮ ਭਗਤ ਕਬੀਰ ਜੀ ਦਾ ਆਉਂਦਾ ਹੈ। ਭਗਤ ਕਬੀਰ ਜੀ ਦੀ ਬਾਣੀ 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਸ਼ਾਮਿਲ ਹੈ। ਉਸ ਵਿਚ ਭਘਤ ਕਬੀਰ ਦੇ ਜੀਵਨ-ਕਾਲ ਸੰਬੰਧੀ ਇਹੀ ਸੰਕੇਤ ਮਿਲਦਾ ਹੈ ਕਿ ਉਹ ਭਗਤ ਜੈ ਦੇਵ ਅਤੇ ਸੰਤ ਰਾਮ ਦੇਵ ਦੇ ਬਾਅਦ ਵਿਚ ਹੋਏ:-

ਗੁਰੂ ਪਰਸਾਦਿ ਜੈ ਦੇਵ ਨਾਮਾ
ਭਗਤੀ ਕੈ ਪ੍ਰੇਮੀ ਇਨਹੀ ਹੈ ਜਾਨਾ॥ 1

ਸੰਕਰੂ ਜਾਗੈ ਚਰਨ ਸੇਵ
ਕਲਿ ਜਾਗੈ ਨਾਮਾ ਜੈ ਦੇਵ॥ 2

ਇਨ੍ਹਾਂ ਸਤਰਾਂ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਭਗਤ ਕਬੀਰ ਜੀ ਭਗਤ ਜੈ ਦੇਵ ਅਤੇ ਭਗਤ ਨਾਮਦੇਵ ਤੋਂ ਬਾਅਦ ਹੋਏ।

ਡਾ. ਰਾਮਕੁਮਾਰ ਵਰਮਾ ਨੇ 'ਸੰਤ ਕਬੀਰ' ਪੁਸਤਕ ਵਿਚ 'ਕਬੀਰ-ਚਰਿਤ ਬੋਧ' ਦੇ ਪ੍ਰਸੰਗ ਵਿਚ ਲਿਖਿਆ ਹੈ ਕਿ ਭਗਤ ਕਬੀਰ ਜੀ ਦਾ ਜਨਮ 1455 ਬਿਕਰਮੀ (1398 ਈ.) ਪੂੰਨਿਆ ਨੂੰ ਸੋਮਵਾਰ ਦੇ ਦਿਨ ਹੋਇਆ।3

ਕਬੀਰ ਜੀ ਦੀ ਬਾਣੀ ਬਾਰੇ ਕਿਹਾ ਜਾਂਦਾ ਹੈ ਕਿ ਉਨ੍ਹਾਂ ਨੇ ਆਪਣੇ ਹੱਥੀ ਕੋਈ ਬਾਣੀ ਨਹੀਂ ਲਿਖੀ ਬਲਕਿ ਮੌਖਿਕ ਹੀ ਉਚਾਰੀ ਸੀ ਜਿਸਨੂੰ ਉਨ੍ਹਾਂ ਦੇ ਸ਼ਰਧਾਲੂਆਂ ਨੇ ਲਿਖਤੀ ਰੂਪ ਦਿੱਤਾ। ਇਹ ਲਿਖਤੀ ਰੂਪ ਉਨ੍ਹਾਂ ਦੀ ਮੌਤ ਤੋਂ ਬਹੁਤ ਦੇਰ ਬਾਅਦ ਹੋਂਦ 'ਚ ਆਇਆ। ਪ੍ਰੋ. ਬ੍ਰਹਮ ਜਗਦੀਸ਼ ਸਿੰਘ ਲਿਖਦੇ ਹਨ ਕਿ 'ਇਕ ਅਨੁਮਾਨ ਇਹ ਵੀ ਲਗਾਇਆ ਜਾਂਦਾ ਹੈ ਕਿ ਕਬੀਰ ਜੀ ਨੇ ਕਦੇ 'ਮਸੁਕਾਗਜ਼' ਨੂੰ ਛੋਹਿਆ ਤੱਕ ਨਹੀਂ ਸੀ, ਉਨ੍ਹਾਂ ਦੀ ਸਾਰੀ ਬਾਣੀ ਮੌਖਿਕ ਰੂਪ ਵਿਚ ਹੀ ਰਚੀ ਗਈ ਸੀ ਅਤੇ ਉਨ੍ਹਾਂ ਦੇ ਸ਼ਰਧਾਲੂਆਂ ਨੇ ਹੀ ਇਹ ਮੌਖਿਕ ਬਾਣੀ ਮੌਖਿਕ ਰੂਪ ਵਿਚ ਹੀ ਰਚੀ ਗਈ ਸੀ ਅਤੇ ਉਨ੍ਹਾਂ ਦੇ ਸ਼ਰਧਾਲੂਆਂ ਨੇ ਹੀ ਇਹ ਮੌਖਿਕ ਬਾਣੀ ਨੂੰ ਲਿਖਿਆ ਹੋਵੇਗਾ। ਕਬੀਰ ਜੀ ਦੇ ਜੀਵਨ ਕਾਲ ਵਿਚ ਉਨ੍ਹਾਂ ਦੇ ਕੁਝ ਅਨਿੰਨ ਸ਼ਿਸ਼ ਬਣ ਗਏ ਸਨ। ਜਿਨ੍ਹਾਂ ਨੇ ਕਬੀਰ ਬਾਣੀ ਦੇ ਇਕੱਤਰੀਕਰਣ ਅਤੇ ਸੰਭਾਲ ਵੱਲ ਧਿਆਨ ਦੇਣਾ ਸ਼ੁਰੂ ਕਰ ਦਿੱਤਾ ਸੀ।4 ਕਬੀਰ ਜੀ ਦੀਆਂ ਜੋ ਰਚਨਾਵਾਂ ਅੱਜ ਸਾਨੂੰ ਉਪਲਬਧ ਹਨ, ਇਹ ਸਭ ਵਿਭਿੰਨ ਸੰਗ੍ਰਹਿਆਂ ਦੇ ਰੂਪ ਵਿਚ ਹਨ। ਇਨ੍ਹਾਂ ਵਿਚੋਂ ਬਹੁਤੀਆਂ ਪਦ ਸਾਖੀਆਂ ਜਾਂ ਰਮੈਣੀਆਂ ਦੇ ਰੂਪ ਵਿਚ ਹਨ। ਕਬੀਰ ਬਾਣੀ ਦੇ ਅਨੇਕ ਸੰਗ੍ਰਹਿ ਵੱਖ-ਵੱਖ ਪੁਸਤਕਾਲਿਆਂ ਸੰਗ੍ਰਹਾਲਿਆਂ ਵਿਚ ਮਿਲਦੇ ਹਨ। ਇਹ ਬਹੁਤ ਸੰਭਵ ਹੈ ਕਿ ਕਬੀਰ ਜੀ ਦੀ ਸਮੁੱਚੀ ਬਾਣੀ ਨੂੰ ਕਿਸੇ ਇਕ ਵਿਅਕਤੀ ਨੇ ਇਕੱਤਰ ਨਹੀਂ ਕੀਤਾ ਹੋਵੇਗਾ ਬਲਕਿ ਕਬੀਰ ਜੀ ਦੇ ਕੁਝ ਅਨੁਯਾਈਆਂ ਨੇ ਅਤੇ ਬਾਅਦ ਵਿਚ ਅਜਿਹੇ ਅਨੁਯਾਈਆਂ ਤੋਂ ਸੁਣ - ਸੁਣ ਕੇ ਕੁੱਝ ਵਿਦਵਾਨਾਂ ਨੇ ਇਸ ਬਾਣੀ ਨੂੰ ਇਕੱਤਰ ਕੀਤਾ ਹੋਵੇਗਾ। ਇਸ ਲਈ ਕਿਸੇ ਵੀ ਸੰਗ੍ਰਹਿ ਜਾਂ ਸੰਕਲਨ ਦੀ ਕਬੀਰ-ਬਾਣੀ ਨੂੰ ਸੰਪੂਰਨ ਨਹੀਂ ਮੰਨਿਆ ਜਾ ਸਕਦਾ । ਪਰ ਇਸ ਦ੍ਰਿਸ਼ਟੀ ਤੋਂ ਨਿਮਨ ਲਿਖਤ ਸੰਗ੍ਰਹਿ ਵਧੇਰੇ ਪ੍ਰਮਾਣਿਕ ਮੰਨੇ ਜਾਂਦੇ ਹਨ। (1) ਬੀਜਕ (2) ਕਬੀਰ ਗ੍ਰੰਥਾਵਲੀ (3) ਗੁਰੂ ਗ੍ਰੰਥ ਸਾਹਿਬ।"5 ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਬੀਰ ਜੀ ਦੀ ਬਾਣੀ ਹੋਰ ਭਗਤਾਂ ਦੀ ਬਾਣੀ ਨਾਲੋਂ ਸਭ ਤੋਂ ਵੱਧ ਹੈ। ਕਬੀਰ ਜੀ ਦੀ ਬਾਣੀ 17 ਰਾਗਾਂ ਵਿਚ ਮਿਲਦੀ ਹੈ। ਇਨ੍ਹਾਂ ਦੇ 225 ਸ਼ਬਦ, ਇਕ ਬਾਵਨ ਅੱਖਰੀ, ਇੱਕ ਥਿਤੀ, ਇਕ ਸਤਵਾਰਾ ਅਤੇ 243 ਸਲੋਕ ਸੰਕਲਿਤ ਕੀਤੇ ਗਏ ਹਨ। ਇਨ੍ਹਾਂ ਦੀ ਪ੍ਰਾਪਤ ਰਚਨਾਵਾਂ ਵਿਚ ਕਰਮ ਕਾਂਡ, ਵਿਕਾਰਾਂ ਤੋਂ ਮੁਕਤੀ, ਮਾਇਆ, ਮੂਰਤੀ ਪੂਜਾ, ਜਾਤ - ਪਾਤ ਆਦਿ ਵਿਸ਼ੇ ਮਿਲਦੇ ਹਨ। ਇਨ੍ਹਾਂ ਵਿਸ਼ੇ ਵਿਕਾਰਾਂ ਦਾ ਉਹ ਸਰਲ ਭਾਸ਼ਾ ਵਿਚ ਵਿਖਿਆਨ ਕਰਦੇ ਹਨ ਕਿਉਂਕਿ ਅਜਿਹੇ ਵਿਸ਼ਵਾਸ ਉਨ੍ਹਾਂ ਦੇ ਸਮੇਂ ਪ੍ਰਚਲਿਤ ਸਨ।

ਭਗਤ ਕਬੀਰ ਜੀ ਨੇ ਆਪਣੇ ਸਲੋਕਾਂ ਵਿਚ ਧਰਮ-ਸੱਤਾ ਲਈ ਸਭ ਤੋਂ ਵੱਧ "ਹਰਿ" ਅਤੇ "ਰਾਮਾ" ਪਦ ਵਰਤੇ ਹਨ। ਇਸ ਤੋਂ ਇਲਾਵਾ ਗੋਬਿੰਦ, ਗੋਪਾਲ, ਕਰਤਾਰ, ਸਿਰਜਨਹਾਰ, ਜਗਦੀਸ਼, ਠਾਕੁਰ, ਪਰਮੇਸੁਰ, ਪਰਵਿਦਗਾਰ, ਪ੍ਰਭੂ, ਬ੍ਰਹਮ, ਅਲਹ, ਖੁਦਾਇ ਪਦ, ਦੀ ਵਰਤੋਂ ਵੀ ਕੀਤੀ ਹੈ। ਭਗਤ ਕਬੀਰ ਜੀ ਵਾਸਤਵ ਵਿਚ ਅਧਿਆਤਮਕ ਚਿੰਤਕ ਸਨ। ਇਸ ਦਾ ਆਧਾਰ ਉਹ ਅਨੁਭਵ ਸੀ ਜੋ ਉਨ੍ਹਾਂ ਕਠੋਰ ਸਾਧਨਾਂ ਉਪਰੰਤ ਪ੍ਰਾਪਤ ਕੀਤਾ ਸੀ। ਆਪ ਜੀ ਨੇ ਅੰਤਰ-ਗਿਆਨ ਦੀ ਸਹਾਇਤਾ ਨਾਲ ਪਰਮਸੱਤਾ ਦੇ ਸਰੂਪ ਨੂੰ ਨਿਰੂਪਣ ਕਰਦੇ ਹੋਏ ਇਸ ਗੱਲ ਉੱਪਰ ਜ਼ੋਰ ਦਿੱਤਾ ਹੈ ਕਿ ਇਕਤੱਵ ਹੀ ਧਰਮ ਸਤਿ ਹੈ।

"ਓਅੰਕਾਰ ਆਦਿ ਮੈ ਜਾਨਾ॥
ਲਿਖਿ ਅਰੁ ਮੇਟੈ ਤਾਹਿ ਨ ਮਾਨਾ॥

ਓਅੰਕਾਰ ਲਖੈ ਜਉ ਕੋਈ॥
ਸੋਇ ਲਖਿ ਮੇਟਣਾ ਨ ਹੋਈ॥"6

ਭਗਤ ਕਬੀਰ ਜੀ ਨੇ ਪਰਮਾਤਮਾ ਦੀ ਵਿਰਾਟਤਾ ਨੂੰ ਦਰਸਾਉਂਦੇ ਹੋਏ ਇਹ ਦ੍ਰਿੜ ਕਰਵਾਇਆ ਹੈ ਕਿ ਉਸ ਦਾ ਨਾਮ ਨਿਰਗੁਣ ਹੈ ਤੇ ਪਰਮਾਤਮਾ ਨੂੰ ਅਲਖ ਕਹਿ ਕੇ ਉਸ ਦੀ ਵਡਿਆਈ ਦਾ ਵਰਣਨ ਵੀ ਕੀਤਾ ਹੈ। ਉਹ ਬਿਨਾਂ ਰੂਪ, ਰੰਗ ਤੇ ਰੇਖ ਦੇ ਹੋਣ ਦੇ ਬਾਵਜੂਦ ਸਰਵਤਰ ਵਿਦਮਾਨ ਹੈ। ਕਬੀਰ ਜੀ ਕਹਿੰਦੇ ਹਨ:-

"ਕਬੀਰ ਸਾਤ ਸਮੁੰਦਹਿ ਮਸੁ ਕਰਉ ਕਲਮ ਕਰਉ ਬਨਰਾਇ॥
ਬਸੁਧਾ ਕਾਗਦੁ ਜਉ ਕਰਉ ਹਰਿ ਜਸ ਲਿਖਨੁ ਨ ਜਾਇ॥"7

ਕਬੀਰ ਜੀ ਸਭ ਥਾਈਂ ਨਿਰਗੁਣ ਰਾਮ ਦੀ ਵਿਆਪਕਤਾ ਨੂੰ ਸਵੀਕਾਰ ਕਰਦੇ ਹਨ। ਇਸ ਬਾਰੇ ਕਿਸੇ ਕਿਸਮ ਦਾ ਭੁਲੇਖਾ ਨਹੀਂ ਹੋਣਾ ਚਾਹੀਦਾ ਹੈ। 'ਗੁਰੂ ਗ੍ਰੰਥ ਸਾਹਿਬ' ਨਿਰਗੁਣ ਰਾਮ ਦੀ ਭਗਤੀ ਦੇ ਨਾਮ ਦਾ ਮਾਰਗ ਹੈ, ਬਾਣੀ ਦਾ ਮੂਲਾਧਾਰ ਇਹ ਹੈ। ਕਬੀਰ ਜੀ ਨੇ ਆਪਣੀ ਬਾਣੀ ਵਿਚ ਹਰਿ ਨੂੰ ਆਪਣਾ ਸਹਾਈ ਮੰਨਿਆ ਹੈ। ਕਬੀਰ ਜੀ ਕਹਿੰਦੇ ਹਨ:-

"ਹਰਿ ਬਿਨੁ ਕਉਨੁ ਸਹਾਈ ਮਨ ਕਾ॥
ਮਾਤ ਪਿਤਾ ਭਾਈ ਸੁਤ ਬਨਿਤਾ ਹਿਤ ਲਾਗੋ ਸਭ ਫਨ ਕਾ॥੧॥ ਰਹਾਉ॥
ਆਗੇ ਕਉ ਕਿਛੁ ਤੁਲਹਾ ਬਾਂਧਹੁ ਕਿਆ ਭਰਵਾਸਾ ਧਨ ਕਾ॥
ਕਹਾ ਬਿਸਾਸਾ ਇਸ ਭਾਂਡੇ ਕਾ ਇਤਨਕੁ ਲਾਗੈ ਠਨਕਾ॥
ਸਗਲ ਧਰਮ ਪੁੰਨ ਫਲ ਪਾਵਹੁ ਧੂਰਿ ਬਾਂਛਹੁ ਸਭ ਜਨ ਕਾ॥
ਕਹੈ ਕਬੀਰੁ ਸੁਨਹੁ ਰੇ ਸੰਤਹੁ ਮਨੁ ਉਡਨ ਪੰਖੇਰੂ ਬਨ ਕਾ॥8

ਭਗਤ ਕਬੀਰ ਜੀ ਦਾ ਪ੍ਰਸਿੱਧ ਵਾਕ "ਏਕ ਨੂਰ ਤੇ ਸਭੁ ਜਗੁ ਉਪਜਿਆ" (ਪੰਨਾ 1349) ਅਤੇ "ਖਾਲਿਕੁ ਖਲਕ ਖਲਕ ਮਹਿ ਖਾਲਿਕੁ" (ਪੰਨਾ 1350) ਸ੍ਰਿਸ਼ਟੀ ਦੀ ਅਸਲੀਅਤ ਸੰਬੰਧੀ ਸੰਕੇਤ ਕਰਦੇ ਹਨ। ਸ੍ਰਿਸ਼ਟੀ ਰਚਨਾ ਦਾ ਪ੍ਰਸਾਰ ਅਤੇ ਵਿਲੀਨਤਾ ਪਰਮਾਤਮਾ ਦਾ ਇਕ ਖੇਲ ਹੈ, ਲੀਲਾ ਹੈ। ਕਬੀਰ ਜੀ ਫ਼ਰਮਾਉਂਦੇ ਹਨ :-

"ਬਾਜੀਗਰ ਡੰਕ ਬਜਾਈ॥
ਸਭ ਖਲਕ ਤਮਾਸੇ ਆਈ॥
ਬਾਜੀਗਰ ਸਵਾਂਗ ਸਕੇਲਾ॥
ਅਪਨੇ ਰੰਗ ਰਵੈ ਅਕੇਲਾ॥"9

ਭਗਤ ਕਬੀਰ ਜੀ ਓਅੰਕਾਰ ਸਰੂਪ ਪਰਮਾਤਮਾ ਨੂੰ ਸਭ ਦਾ ਆਦਿ ਮੰਨਦੇ ਹੋਏ ਆਖਦੇ ਹਨ "ਓਅੰਕਾਰ ਆਦਿ ਮੈ ਜਾਨਾ॥" (ਪੰਨਾ 340) ਅਰਥਾਤ ਆਦਿ ਵਿਚ ਨਿਰਗੁਣ ਤੱਤ ਵਿਦਮਾਨ ਸੀ। ਕਬੀਰ ਜੀ ਨੇ ਪਰਮਾਤਮਾ ਨੂੰ ਸਿਰਜਨਹਾਰ ਕਹਿ ਕੇ ਉਸਦੀ ਕਰਤਾਰੀ ਸ਼ਕਤੀ ਵੱਲ ਸੰਕੇਤ ਕੀਤਾ ਹੈ:-

"ਕਬੀਰ ਕਾਰਨੁ ਸੋ ਭਾਇਓ ਜੋ ਕੀਨੋ ਕਰਤਾਰਿ॥
ਤਿਸ ਬਿਨ ਦੂਸਰੁ ਕੋ ਨਹੀਂ ਏਕੈ ਸਿਰਜਨਹਾਰ॥"10

ਭਗਤ ਕਬੀਰ ਜੀ ਆਖਦੇ ਹਨ "ਕਬੀਰ ਪ੍ਰੀਤਿ ਇਕ ਸਿਉ ਕੀਏ" (ਪੰਨਾ 1365/25) ਤੇ ਫਿਰ ਕੀ ਹੋਵੇਗਾ "ਆਨ ਦੁਬਿਧਾ ਜਾਇ" ਅਰਥਾਤ ਹੋਰ ਦਵੈਤ ਭਾਵ ਖਤਮ ਹੋ ਜਾਵੇਗਾ।

ਭਗਤ ਕਬੀਰ ਜੀ ਦਾ ਕਥਨ ਹੈ ਕਿ ਮਨ ਬੜਾ ਚੰਚਲ ਹੈ, ਇਹ ਕਿਤੇ ਵੀ ਟਿਕਦਾ ਨਹੀਂ। ਕਦੇ ਆਕਾਸ਼ ਵੱਲ ਦੌੜਦਾ ਹੈ ਅਤੇ ਕਦੇ ਪਾਤਾਲ ਵੱਲ ਹੇਠਾਂ ਚਲਿਆ ਜਾਂਦਾ ਹੈ। ਜੇ ਮਨ ਨੂੰ ਵਸ ਵਿਚ ਕਰ ਲਿਆ ਜਾਵੇ ਤਾਂ ਉੱਚ-ਅਵਸਥਾ ਵਿਚ ਪਹੁੰਚ ਕੇ ਤਿੰਨਾਂ ਲੋਕਾਂ ਦੀਆਂ ਗੱਲਾਂ ਦੱਸ ਸਕਦਾ ਹੈ।

"ਇਹ ਮਨੁ ਸ਼ਕਤੀ ਇਹ ਮਨੁ ਸੀਉ॥ ॥
ਇਹ ਮਨੁ ਪੰਚ ਤਤ ਕੋ ਜੀਉ॥
ਇਹ ਮਨੁ ਲੇ ਜਉ ਉਨਮਤਿ ਰਹੈ॥
ਤਉ ਤੀਨਿ ਲੋਕ ਕੀ ਬਾਤੈ ਕਹੈ॥

ਮਨ ਪਰਮਾਤਮਾ ਦੀ ਸ਼ਕਤੀ ਗਿਆਨ ਅਤੇ ਚੰਗਿਆਈਆਂ ਦੇ ਚਿੰਤਨ ਦੁਆਰਾ ਨਿਰੰਤਰ ਸਿਮਰਨ ਅਤੇ ਹਰਿ ਜਸ ਦੇ ਗਾਇਨ ਨਾਲ ਉਸ ਪ੍ਰਭੂ ਦੇ ਨੇੜੇ ਹੋ ਜਾਂਦਾ ਹੈ। ਭਗਤ ਕਬੀਰ ਜੀ ਦਾ ਵਿਚਾਰ ਹੈ ਕਿ ਪਰਮਾਤਮਾ ਦਾ ਨਾਮ ਸ਼ੁੱਧ ਮਨ ਵਿਚ ਹੀ ਨਾਮ ਰੂਪੀ ਅੰਮ੍ਰਿਤ ਟਿਕ ਸਕਦਾ ਹੈ। ਇਸ ਲਈ ਮਨੁੱਖ ਦਾ ਹਰ ਕਦਮ ਸ਼ੁੱਧ ਹੋਣਾ ਚਾਹੀਦਾ ਹੈ। ਸਿਮਰਨ ਦਾ ਸੰਬੰਧ ਮਨ ਨਾਲ ਹੈ। ਕੁਝ ਵਿਦਵਾਨਾਂ ਨੇ ਸਿਮਰਨ ਨੂੰ ਚਿਤ ਸਾਧਨਾ ਵੀ ਕਿਹਾ ਹੈ। ਸਿਮਰਨ ਵੇਲੇ ਵਿਵੇਕ, ਗਿਆਨ ਅਤੇ ਸਿਮਰਨ ਸ਼ਕਤੀ ਤਿੰਨਾਂ ਵਿਚ

## ਮਿੰਨੀ ਕਹਾਣੀ / ਸੱਟ / ਡਾ. ਪੂਨਮ ਗੁਪਤਾ



ਹਰ ਰੋਜ਼ ਦੀ ਤਰ੍ਹਾਂ ਮਨਜੀਤ ਉਸ ਦਿਨ ਵੀ ਦਫਤਰ ਤੋਂ ਘਰ ਆ ਰਹੀ ਸੀ। ਅਚਾਨਕ ਮੋੜ ਤੇ, ਉਹ ਦੂਜੇ ਪਾਸੇ ਤੋਂ ਤੇਜ਼ ਰਫਤਾਰ ਨਾਲ ਆਉਂਦੀ ਕਾਰ ਨਾਲ ਟਕਰਾ ਗਈ ਅਤੇ ਸਕੂਟਰ ਤੋਂ ਹੇਠਾਂ ਜਾ ਡਿੱਗੀ। ਸੱਟ ਬਹੁਤ ਜ਼ਿਆਦਾ ਨਹੀਂ ਸੀ ਆਈ, ਪਰ ਉਹ ਡਰ ਜਰੂਰ ਗਈ ਸੀ। ਕਿਸੀ ਤਰ੍ਹਾਂ ਹਿੰਮਤ ਕਰਕੇ ਉੱਠਣ ਤੋਂ ਬਾਅਦ, ਉਹ ਹੌਲੀ ਹੌਲੀ ਸਕੂਟਰ ਚਲਾ ਕੇ ਘਰ ਪਹੁੰਚ ਗਈ। ਉਸ ਦਾ ਪਤੀ ਮਹਿੰਦਰ ਵੀ ਦਫਤਰ ਤੋਂ ਘਰ ਆਇਆ ਹੋਇਆ ਸੀ। ਕੁਝ ਪਲ ਰੁਕਣ ਤੋਂ ਬਾਅਦ ਮਨਜੀਤ ਨੇ ਹਾਦਸੇ ਦੀ ਘਟਨਾ ਮਹਿੰਦਰ ਨੂੰ ਸੁਣਾਉਣੀ ਸ਼ੁਰੂ ਕਰ ਦਿੱਤੀ। ਅਜੇ ਉਹ ਸਾਰੀ ਘਟਨਾ ਦੱਸ ਹੀ ਰਹੀ ਸੀ ਕਿ ਉਸਦੀ ਗੱਲ ਕੱਟਦਿਆਂ ਮਹਿੰਦਰਾ ਨੇ ਕਿਹਾ, 'ਤੂੰ ਜ਼ਰੂਰ ਸਕੂਟਰ ਬਹੁਤ ਤੇਜ਼ ਚਲਾਇਆ ਹੋਣਾ! ਤੈਥੋਂ ਇਹ ਵੀ ਨਹੀਂ ਹੁੰਦਾ? ਸਕੂਟਰ ਵੀ ਖਰਾਬ ਹੋ ਗਿਆ ਹੋਣਾ, ਹੁਣ ਇਸਦੀ ਮੁਰੰਮਤ ਕੌਣ ਕਰਵਾਉਗਾ!' ਬੈਠੇ ਬਠਾਏ ਮੁਸੀਬਤ ਖੜੀ ਕਰ ਦਿੱਤੀ "

ਮਨਜੀਤ ਉਸਦੀ ਗੱਲ ਸੁਣ ਕੇ ਹੈਰਾਨ ਰਹਿ ਗਈ। ਬਾਕੀ ਦੀ ਗੱਲ ਉਸਦੇ ਅੰਦਰ ਹੀ ਰਹਿ ਗਈ। ਉਸਦੀ ਹੁਣ ਲੋੜ ਵੀ ਕਿੱਥੇ ਸੀ! ਹਮਦਰਦੀ ਦੇ ਦੋ ਬੋਲਾਂ ਦੀ ਥਾਂ, ਮਹਿੰਦਰ ਦੇ ਕਹੇ ਇਹ ਬੋਲ ਉਸ ਦੇ ਨਰਮ ਦਿਲ ਉੱਤੇ ਪੱਥਰਾਂ ਵਾਂਗ ਡਿੱਗੇ।

ਉਸ ਦੇ ਕੋਮਲ ਮਨ ਤੇ ਲੱਗੀ ਇਸ ਡੂੰਘੀ ਸੱਟ ਦਾ ਦਰਦ ਪਹਿਲਾਂ ਲੱਗੀ ਸੱਟ ਨਾਲੋਂ ਕਿਤੇ ਵਧੇਰੇ ਚੁੱਪਚਾਪ ਉਸਦੀਆਂ ਅੱਖਾਂ ਵਿੱਚੋਂ ਟਪਕਣ ਲੱਗ ਪਿਆ।

ਮਨ ਦੀ ਇਸ ਸੱਟ ਦੇ ਸਾਹਮਣੇ, ਉਸਦੇ ਸਰੀਰ ਤੇ ਲੱਗੀਆਂ ਸੱਟਾਂ ਹੁਣ ਬਹੁਤ ਹੌਲੀਆਂ ਹੋ ਗਈਆਂ ਸਨ।

ਇਕਸੁਰਤਾ ਦਾ ਹੋਣਾ ਲਾਜ਼ਮੀ ਹੈ। ਕਬੀਰ ਜੀ ਆਖਦੇ ਹਨ:-

"ਕਬੀਰ ਹਰਿ ਕਾ ਸਿਮਰਨ ਜੋ ਕਰੈ ਸੋ ਸੁਖੀਆ ਸੰਸਾਰਿ॥
ਇਤ ਉਤ ਕਤਹਿ ਨ ਡੋਲਈ ਜਿਸ ਰਾਖੈ ਸਿਰਜਨਹਾਰ॥"12

ਇਸ ਤਰ੍ਹਾਂ ਭਗਤ ਕਬੀਰ ਜੀ ਦੀ ਬਾਣੀ ਬਾਰੇ ਕਿਹਾ ਜਾ ਸਕਦਾ ਹੈ ਕਿ ਭਗਤ ਕਬੀਰ ਜੀ ਕਰਮਕਾਂਡਾਂ ਤੋਂ ਉਪਰ ਉੱਠ ਕੇ ਭਗਤੀ ਮਾਰਗ ਨੂੰ ਦ੍ਰਿੜ ਕਰਵਾਉਂਦੇ ਹਨ ਆਪਣੀ ਹਰੇਕ ਰਚਨਾ ਵਿਚ ਉਨ੍ਹਾਂ ਦਾ ਭਾਵ ਅਰਥ ਪਰਮਾਤਮਾ ਦੇ ਲੜ ਲੱਗਣਾ ਹੀ ਹੈ। ਇਕ ਚਿੱਤ ਹੋਇਆ ਮਨ ਪਰਮਾਤਮਾ ਨਾਲ ਜੋੜਨ ਨਾਲ ਹੀ ਮਨੁੱਖ ਜਨਮ ਸਫਲ ਹੋ ਸਕਦਾ ਹੈ।

### ਸਹਾਇਕ ਪੁਸਤਕ ਸੂਚੀ


1. ਰਾਗ ਗਾਉੜੀ ਗੁਆਰੇਰੀ ਕਬੀਰ ਜੀ, 'ਸ੍ਰੀ ਗੁਰੂ ਗ੍ਰੰਥ ਸਾਹਿਬ', ਪੰਨਾ – 330
2. ਰਾਗ ਬਸੰਤ, ਕਬੀਰ, 'ਸ੍ਰੀ ਗੁਰੂ ਗ੍ਰੰਥ ਸਾਹਿਬ', ਪੰਨਾ – 1193
3. ਡਾ. ਰਾਮ ਕੁਮਾਰ ਵਰਮਾ, ਸੰਤ ਕਬੀਰ, ਪੰਨਾ – 52
4. ਪ੍ਰੋ. ਬ੍ਰਹਮ ਜਗਦੀਸ਼ ਸਿੰਘ, ਕਬੀਰ ਜੀਵਨ ਦਰਸ਼ਨ ਅਤੇ ਬਾਣੀ, ਵਾਰਿਸ ਸ਼ਾਹ ਫਾਉਂਡੇਸ਼ਨ, ਅੰਮ੍ਰਿਤਸਰ, 1999, ਪੰਨਾ – 22
5. ਉਹੀ, ਪੰਨਾ – 23
6. ਬਾਵਨ ਅੱਖਰੀ, ਪੰਨਾ – 340
7. ਸ੍ਰੀ ਗੁਰੂ ਗ੍ਰੰਥ ਸਾਹਿਬ, ਸਲੋਕ 81, ਪੰਨਾ 1368
8. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ – 1253
9. ਸ੍ਰੀ ਗੁਰੂ ਗ੍ਰੰਥ ਸਾਰਿਬ, ਪੰਨਾ – 655
10. ਉਹੀ, ਸਲੋਕ 133, ਪੰਨਾ – 137
11. ਉਹੀ, ਸਲੋਕ 2006, ਪੰਨਾ – 1375



**ਅਸਿਸਟੈਂਟ ਪ੍ਰੋਫੈਸਰ (ਪੰਜਾਬੀ)**
**ਪੀ.ਐਮ.ਐਨ. ਕਾਲਜ**
**ਰਾਜਪੁਰਾ।**

## ਸਵਰਾਜਬੀਰ ਦੇ ਨਾਟਕ ਮੇਦਨੀ ਦਾ ਸ਼ੈਲੀਗਤ ਅਧਿਐਨ / ਜਸਦੀਪ ਕੌਰ

ਸਵਰਾਜਬੀਰ ਪੰਜਾਬੀ ਨਾਟ-ਜਗਤ ਦੇ ਚੌਥੀ ਪੀੜ੍ਹੀ ਦੇ ਨਾਟਕਕਾਰਾਂ ਵਿੱਚੋਂ ਇੱਕ ਸਿਰਕੱਢਵਾਂ ਨਾਟਕਕਾਰ ਹੈ। ਸਵਰਾਜਬੀਰ ਦੇ ਨਾਟਕ ਚਾਹੇ ਉਹ ਮੰਚ ਉੱਪਰ ਪ੍ਰਸਤੁਤ ਹੋ ਰਹੇ ਹੋਣ ਜਾਂ ਸਾਹਿਤਕ ਰੂਪ ਵਿੱਚ ਪੜ੍ਹੇ ਜਾ ਰਹੇ ਹੋਣ ਉਹ ਦਰਸ਼ਕਾਂ, ਪਾਠਕਾਂ ਅਤੇ ਆਲੋਚਕਾਂ ਦਾ ਧਿਆਨ ਆਪਣੇ ਵੱਲ ਖਿੱਚਣ ਵਿੱਚ ਕਾਮਯਾਬ ਰਹੇ ਹਨ। ਸਵਰਾਜਬੀਰ ਜਿੱਥੇ ਆਪਣਾ ਨਾਟਕਾਂ ਵਿੱਚ ਨਵੀਨ ਵਿਚਾਰਧਾਰਾ ਨੂੰ ਪੇਸ਼ ਕਰਦਾ ਹੈ ਉਥੇ ਇਤਿਹਾਸ-ਮਿਥਿਹਾਸ ਨਾਲ ਸਬੰਧਿਤ ਵਿਸ਼ਿਆਂ ਨੂੰ ਵੀ ਨਵੀਂ ਰੰਗਤ ਪ੍ਰਦਾਨ ਕਰਦਾ ਹੈ।

ਸਵਰਾਜਬੀਰ ਦੇ ਨਾਟਕ ਜਿੱਥੇ ਆਪਣੇ ਵਿਲੱਖਣ ਵਿਸ਼ਿਆਂ ਕਾਰਨ ਪਾਠਕਾਂ ਵਿੱਚ ਚਰਚਿਤ ਰਹੇ ਹਨ ਉਥੇ ਉਨ੍ਹਾਂ ਨਾਟਕਾਂ ਦੀ ਮੰਚੀ ਪੇਸ਼ਕਾਰੀ ਵੀ ਦਰਸ਼ਕਾਂ ਨੂੰ ਪ੍ਰਭਾਵਿਤ ਕਰਦੀ ਰਹੀ ਹੈ। ਕਿਸੇ ਵੀ ਨਾਟਕ ਦੀ ਸਫ਼ਲਤਾ ਉਸਦੇ ਲਿਖਤੀ ਸਰੂਪ ਦੇ ਨਾਲ-ਨਾਲ ਉਸਦੀ ਮੰਚੀ ਪੇਸ਼ਕਾਰੀ ਉੱਪਰ ਨਿਰਭਰ ਕਰਦੀ ਹੈ। ਹਰੇਕ ਨਾਟਕਕਾਰ ਆਪਣੇ ਨਾਟਕਾਂ ਦੀ ਮੰਚੀ ਸਫ਼ਲਤਾ ਲਈ ਅਨੇਕਾਂ ਢੰਗਾਂ, ਵਿਧੀਆਂ ਅਤੇ ਜੁਗਤਾਂ ਦੀ ਵਰਤੋਂ ਕਰਦਾ ਹੈ। ਇਹ ਢੰਗ ਜਾਂ ਵਿਧੀਆਂ ਨਾਟਕ ਦੇ ਅਨੁਸਾਰ ਸੁਭਾਵਿਕ ਹੋਣੀਆਂ ਚਾਹੀਦੀਆਂ ਹਨ ਨਹੀਂ ਤਾਂ ਇਨ੍ਹਾਂ ਵਿੱਚ ਬਣਾਵਟੀਪਨ ਦਾ ਝਲਕਾਰਾ ਪੈਂਦਾ ਰਹੇਗਾ ਅਤੇ ਦਰਸ਼ਕਾਂ ਨੂੰ ਪ੍ਰਭਾਵਿਤ ਨਹੀਂ ਕਰ ਸਕਣਗੀਆਂ। ਇਹ ਢੰਗ ਜਾਂ ਜੁਗਤਾਂ ਨਾਟਕ ਦੀ ਨਾਟ-ਸ਼ੈਲੀ ਦੇ ਆਧਾਰ 'ਤੇ ਸੰਗਠਤ ਕੀਤੀਆ ਜਾਂਦੀਆਂ ਹਨ।

ਇਹ ਨਾਟ-ਸ਼ੈਲੀਆਂ ਹੀ ਹੁੰਦੀਆਂ ਹਨ ਜੋ ਸਮੁੱਚੇ ਨਾਟਕ ਦੇ ਅਧਿਐਨ ਦਾ ਆਧਾਰ ਬਣਦੀਆਂ ਹਨ ਅਤੇ ਜਿਸ ਉੱਪਰ ਸਮੁੱਚਾ ਨਾਟ-ਚਿੰਤਨ ਟਿਕਿਆ ਹੁੰਦਾ ਹੈ। ਡਾ. ਰਾਜਿੰਦਰ ਲਹਿਰੀ ਅਨੁਸਾਰ, "ਨਾਟ-ਸ਼ੈਲੀਆਂ ਅਜਿਹੇ ਨੇਮ ਪ੍ਰਬੰਧ ਹਨ ਜਿਸਦੇ ਆਧਾਰ ਉੱਪਰ ਮੰਚੀ-ਪਾਠ ਦੇ ਸਾਰੇ ਤੱਤਾਂ ਨੂੰ ਸੰਗਠਤ ਕੀਤਾ ਜਾਂਦਾ ਹੈ। ਲਿਖਤ-ਪਾਠ ਦੀ ਸਿਰਜਣਾ ਵੀ ਇਸੇ ਹੀ ਨੇਮ ਪ੍ਰਬੰਧ ਅਧੀਨ ਹੁੰਦੀ ਹੈ....।"1 ਮੰਚ ਉੱਪਰ ਪੇਸ਼ਕਾਰੀ ਦੇ ਆਧਾਰ 'ਤੇ ਦੋ ਪ੍ਰਕਾਰ ਦੀਆਂ ਸ਼ੈਲੀਆਂ ਪ੍ਰਚਲਿਤ ਹਨ। ਇੱਕ ਹੈ - ਯਥਾਰਥਵਾਦੀ ਸ਼ੈਲੀ। ਜਿਸ ਵਿੱਚ ਜ਼ਿੰਦਗੀ ਦੇ ਯਥਾਰਥ ਨੂੰ ਜਿਸ ਤਰ੍ਹਾਂ ਹੈ ਉਸੇ ਤਰ੍ਹਾਂ ਪੇਸ਼ ਕੀਤਾ ਜਾਂਦਾ ਹੈ ਜਾਂ ਯਥਾਰਥ ਦਾ ਭਰਮ ਪੈਦਾ ਕੀਤਾ ਜਾਂਦਾ ਹੈ। ਦਰਸ਼ਕ ਇਹ ਮਹਿਸੂਸ ਕਰਦੇ ਹਨ ਕਿ ਉਹ ਮੰਚ ਉੱਪਰ ਨਾਟਕ ਨਹੀਂ ਸਗੋਂ ਜ਼ਿੰਦਗੀ ਦੀ ਹੀ ਤਸਵੀਰ ਦੇਖ ਰਹੇ ਹਨ। ਦੂਜੀ ਸ਼ੈਲੀ ਹੈ- ਗੈਰ-ਯਥਾਰਥਵਾਦੀ ਸ਼ੈਲੀ। ਜਿਸ ਵਿੱਚ ਕੇਵਲ ਯਥਾਰਥ ਦਾ ਭਾਵ ਪੈਦਾ ਕੀਤਾ ਜਾਂਦਾ ਹੈ। ਦਰਸ਼ਕਾਂ ਨੂੰ ਇਸ ਸ਼ੈਲੀ ਦੇ ਅਧੀਨ ਇਹ ਅਹਿਸਾਸ ਰਹਿੰਦਾ ਹੈ ਕਿ ਮੰਚ ਉੱਪਰ ਕੋਈ ਨਾਟਕ ਹੀ ਦੇਖ ਰਹੇ ਹਨ ਨਾ ਕਿ ਅਸਲ ਜ਼ਿੰਦਗੀ। ਕੋਈ ਨਾਟਕ ਯਥਾਰਥਵਾਦੀ ਹੈ ਜਾਂ ਗੈਰ-ਯਥਾਰਥਵਾਦੀ ਇਸ ਦਾ ਅੰਦਾਜ਼ਾ ਉਸ ਵਿਚਲੀਆਂ ਵਿਧੀਆਂ ਜਾਂ ਜੁਗਤਾਂ ਤੋਂ ਲਗਾਇਆ ਜਾ ਸਕਦਾ ਹੈ।

ਸਵਰਾਜਬੀਰ ਦਾ ਨਾਟਕ 'ਮੇਦਨੀ' ਜੋ ਕਿ ਇੱਕ ਮਿੱਥ ਹੈ, ਵਿੱਚ ਸਮਾਜਕ-ਯਥਾਰਥ ਦੀ ਤਸਵੀਰ ਪੇਸ਼ ਕੀਤੀ ਗਈ ਹੈ। ਇਸ ਨਾਟਕ ਵਿੱਚ ਸੱਤਾ ਦੀ ਲਾਲਸਾ, ਬਦਲਦੇ ਰਿਸ਼ਤੇ-ਨਾਤੇ, ਪ੍ਰੇਮ ਪਿਆਰ ਦੀਆਂ ਗੁੰਝਲਾਂ ਅਤੇ ਖੁਦਕੁਸ਼ੀ ਤੇ ਕਤਲ ਦੇ ਆਪਸੀ ਦਵੰਦ ਨੂੰ ਬਹੁਤ ਹੀ ਕਲਾਤਮਕ ਰੂਪ ਵਿੱਚ ਪੇਸ਼ ਕੀਤਾ ਹੈ। ਸਵਰਾਜਬੀਰ ਦਾ ਇਹ ਨਾਟਕ ਗੈਰ-ਯਥਾਰਥਵਾਦੀ ਸ਼ੈਲੀ ਦੇ ਅਧੀਨ ਸਿਰਜਿਆ ਗਿਆ ਹੈ। ਕਿਉਂਕਿ ਇਸ ਵਿੱਚ ਕਈ ਅਜਿਹੀਆਂ ਜੁਗਤਾਂ ਜਾਂ ਵਿਧੀਆਂ ਦੀ ਵਰਤੋਂ ਕੀਤੀ ਗਈ ਹੈ ਜੋ ਗੈਰ-ਯਥਾਰਥਵਾਦੀ ਨਾਟ-ਸ਼ੈਲੀ ਦੇ ਅੰਤਰਗਤ ਆਉਂਦੀਆਂ ਹਨ। ਜਿਵੇਂ ਕਿ ਸਵਰਾਜਬੀਰ 'ਮੇਦਨੀ' ਨਾਟਕ ਵਿੱਚ ਅਨੇਕ ਥਾਈ 'ਸੂਤਰਧਾਰ ਦੀ ਵਰਤੋਂ' ਕਰਦਾ ਹੈ। ਸੂਤਰਧਾਰ ਦੀ ਵਰਤੋਂ ਨਾਟਕਕਾਰ ਨਾਟਕੀ ਸਥਿਤੀ ਨੂੰ ਸਪੱਸ਼ਟ ਕਰਨ ਜਾਂ ਨਾਟਕੀ ਕਾਰਜ ਨੂੰ ਅੱਗੇ ਵਧਾਉਣ ਲਈ ਕਰਦਾ ਹੈ।

'ਮੇਦਨੀ' ਨਾਟਕ ਵਿੱਚ 'ਗਾਇਕ ਮੰਡਲੀ ਦੀ ਵਰਤੋਂ', 'ਪਿਛੋਕੜ ਵਿੱਚੋਂ ਗੀਤ, ਸ਼ਲੋਕ' ਅਤੇ 'ਪਾਤਰਾਂ ਦੇ ਮੂੰਹੋਂ ਗੀਤ' ਆਦਿ ਕੁਝ ਅਜਿਹੀਆਂ ਵਿਧੀਆਂ ਦੀ ਵਰਤੋਂ ਕੀਤੀ ਮਿਲਦੀ ਹੈ ਜੋ ਕਿ ਗੈਰ-ਯਥਾਰਥਵਾਦੀ ਨਾਟ-ਸ਼ੈਲੀ ਦੇ ਨਾਲ ਸਬੰਧਿਤ ਹਨ। ਨਾਟਕ ਦੀ ਪਾਤਰ ਮਨਦੀਪ ਦੇ ਗਰਭ ਵਿੱਚ ਪਲ ਰਹੇ ਬੱਚੇ ਨੂੰ ਜਦੋਂ ਧੋਖੇ ਨਾਲ ਮਾਰ ਦਿੱਤਾ ਜਾਂਦਾ ਹੈ ਤਾਂ ਉਸ ਬੇਚੈਨੀ ਅਤੇ ਆਵੇਸ਼ ਵਿੱਚ ਉਸ ਦੇ ਮੂੰਹੋਂ ਗੀਤ ਦੇ ਬੋਲ ਨਿਕਲਦੇ ਹਨ, ਬਾਅਦ ਵਿੱਚ ਕੋਰਸ ਵਿਚਲੀਆਂ ਬਜ਼ੁਰਗ ਔਰਤਾਂ ਉਸਦਾ ਸਾਥ ਦਿੰਦੀਆਂ ਹਨ :

"ਮੇਰੇ ਲਹੂ ਵਿੱਚ ਸੁੱਤੇ ਬੱਚੜਿਆ,ਤੈਨੂੰ ਮੈਂ ਜਗਾਵਾਂ।
ਸੁੱਖ ਸੁੱਤੜਿਆ, ਰੰਗ ਰੱਤੜਿਆ, ਤੈਨੂੰ ਮੈਂ ਜਗਾਵਾਂ ! ...."2

ਇਹ ਗੀਤ ਅਤੇ ਇਸ ਤਰ੍ਹਾਂ ਦੇ ਹੋਰ ਕਈ ਗੀਤ ਮੇਦਨੀ ਨਾਟਕ ਵਿੱਚ ਦਰਸ਼ਕਾਂ ਵਿੱਚ ਯਥਾਰਥ ਦੇ ਭਰਮ ਨੂੰ ਤੋੜ ਦਿੰਦੇ ਹਨ। ਕਿਉਂਕਿ ਅਸਲ ਜ਼ਿੰਦਗੀ ਵਿੱਚ ਕੋਈ ਵੀ ਗੀਤ ਦੀ ਵਰਤੋਂ ਨਹੀਂ ਕਰਦਾ।

ਸਵਰਾਜਬੀਰ ਨੇ ਨਾਟਕ 'ਮੇਦਨੀ' ਵਿੱਚ 'ਮਨਬਚਨੀ' ਅਤੇ 'ਕਾਵਿਕ-ਵਾਰਤਲਾਪ' ਵਿਧੀਆਂ ਦੀ ਵਰਤੋਂ ਕੀਤੀ ਹੈ। ਮਨਬਚਨੀ ਤੋਂ ਭਾਵ ਪਾਤਰ ਦਾ ਆਪਣੇ-ਆਪ ਨਾਲ ਗੱਲਾਂ ਕਰਨਾ। ਉਸਦੀ ਆਪਣੇ-ਆਪ ਨਾਲ ਕੀਤੀ ਗੱਲ ਉਸ ਦੇ ਨਾਲ ਖੜ੍ਹੇ ਦੂਜੇ ਪਾਤਰਾਂ ਨੂੰ ਸੁਣਾਈ ਨਹੀਂ ਦਿੰਦੀ ਪਰੰਤੂ ਦਰਸ਼ਕਾਂ ਨੂੰ ਸੁਣਾਈ ਦਿੰਦੀ ਹੈ ਜੋ ਕਿ ਯਥਾਰਥ ਨਹੀਂ ਲੱਗਦੀ। ਇਸ ਤੋਂ ਇਲਾਵਾ ਮੇਦਨੀ ਨਾਟਕ

ਵਿੱਚ ਪਾਤਰ ਆਪਸ ਵਿੱਚ ਕਾਵਿਮਈ ਵਾਰਤਲਾਪ ਕਰਦੇ ਵੀ ਦਿਖਾਈ ਦਿੰਦੇ ਹਨ। ਪਰੰਤੂ ਅਸਲ ਜੀਵਨ ਵਿੱਚ ਕੋਈ ਵੀ ਕਾਵਿਕ-ਵਾਰਤਾਲਾਪ ਨਹੀਂ ਕਰਦਾ। ਸੁਰਜੀਤ ਸਿੰਘ ਸੇਠੀ ਅਨੁਸਾਰ :

"ਕਾਵਿਕ ਵਾਰਤਾਲਾਪ ਵਧੇਰੇ ਯਥਾਰਥਕ ਵੀ ਨਹੀਂ ਜਾਪਦੀ।... ਅੱਜ ਦੀ ਜ਼ਿੰਦਗੀ ਏਨੀ ਤੇਜ ਤੇ ਜਟਿਲ ਹੋ ਗਈ ਹੈ ਕਿ ਕਾਵਿਕ ਗੱਲ ਸੁਣਨ ਦੀ ਕਿਸੇ ਕੋਲ ਫ਼ੁਰਸਤ ਨਹੀਂ।"3

ਇਸ ਨਾਟਕ ਵਿੱਚ 'ਰੌਸ਼ਨੀ ਦੀ ਵਰਤੋਂ' ਦੀ ਜੁਗਤ ਵੀ ਅਪਣਾਈ ਗਈ। ਰੌਸ਼ਨੀ ਦੀ ਵਰਤੋਂ ਯਥਾਰਥਕ ਅਤੇ ਗੈਰ-ਯਥਾਰਥਕ ਦੋਵੇਂ ਪ੍ਰਕਾਰ ਦੀ ਸ਼ੈਲੀ ਵਿੱਚ ਕੀਤੀ ਜਾਂਦੀ ਹੈ। ਰੌਸ਼ਨੀ ਨਾਲ ਦਰਸ਼ਕ ਮੰਚ ਉੱਪਰ ਵਾਪਰਦੀਆਂ ਹਰੇਕ ਘਟਨਾਵਾਂ ਤੇ ਸਥਿਤੀ ਨੂੰ ਚੰਗੀ ਤਰ੍ਹਾਂ ਨਾਲ ਸਮਝ ਸਕਦੇ ਹਨ। ਪਰੰਤੂ ਯਥਾਰਥਕ ਨਾਟ-ਸ਼ੈਲੀ ਵਿੱਚ ਰੌਸ਼ਨੀ ਦੀ ਵਰਤੋਂ ਇਕਸਾਰ ਹੁੰਦੀ ਹੈ ਜਦਕਿ ਗੈਰ-ਯਥਾਰਥਵਾਦੀ ਸ਼ੈਲੀ ਵਿੱਚ ਗੂੜੀ-ਫਿੱਕੀ ਅਤੇ ਰੰਗ-ਬਿਰੰਗੀ ਰੌਸ਼ਨੀ ਦੀ ਵਰਤੋਂ ਪ੍ਰਤੀਕ ਰੂਪ ਵਿੱਚ ਜਾਂ ਨਾਟਕੀ ਸਥਿਤੀ ਨੂੰ ਸਪੱਸ਼ਟ ਕਰਨ ਲਈ ਕੀਤੀ ਜਾਂਦੀ ਹੈ। ਮੇਦਨੀ ਨਾਟਕ ਵਿੱਚ ਰੌਸ਼ਨੀ ਦੀ ਵਰਤੋਂ ਗੈਰ-ਯਥਾਰਥਵਾਦੀ ਸ਼ੈਲੀ ਅਨੁਸਾਰ ਕੀਤੀ ਮਿਲਦੀ ਹੈ। ਜਿਵੇਂ :"ਫੇਡਆਊਟ ! ਨਾਟਕਕਾਰ ਅਲੋਪ ਹੋ ਜਾਂਦਾ ਹੈ। ਮੰਚ ਉਤੇ ਨੀਲੀ ਸੁਫ਼ਨਮਈ ਰੌਸ਼ਨੀ ਹੁੰਦੀ ਹੈ।"4

ਸਵਰਾਜਬੀਰ ਨਾਟਕ ਵਿੱਚ 'ਸਿਵਾ ਉਠਾਉਣ ਦੀ ਵਿਧੀ' ਨੂੰ ਵੀ ਅਪਣਾਉਂਦਾ ਹੈ। ਇਸ ਦਾ ਅਰਥ ਇਹ ਹੈ ਕਿ ਨਾਟਕ ਦੇ ਇੱਕ ਦ੍ਰਿਸ਼ ਵਿੱਚ ਨਾਟਕਕਾਰ 'ਲਾਸ਼' ਦੇ ਨਾਲ ਗੱਲਾਂ ਕਰਦਾ ਹੈ ਅਤੇ ਉਸਦੀ ਮੌਤ ਖੁਦਕੁਸ਼ੀ ਹੈ ਜਾਂ ਕਤਲ ਅਤੇ ਉਸਦੇ ਕਾਰਨਾਂ ਨੂੰ ਦਰਸ਼ਕਾਂ ਸਾਹਮਣੇ ਉਜਾਗਰ ਕਰਨਾ ਚਾਹੁੰਦਾ ਹੈ। ਪਰੰਤੂ ਇਹ ਵਿਧੀ ਦਰਸ਼ਕਾਂ ਵਿੱਚ ਯਥਾਰਥ ਦੇ ਭਰਮ ਨੂੰ ਬਿਲਕੁੱਲ ਤੋੜ ਦਿੰਦੀ ਹੈ ਜੋ ਕਿ ਗੈਰ ਯਥਾਰਥਵਾਦੀ ਸ਼ੈਲੀ ਦਾ ਲੱਛਣ ਹੈ। ਇਸ ਤੋਂ ਇਲਾਵਾ ਨਾਟਕ ਵਿੱਚ 'ਗਰਭ ਦੇ ਬੱਚੇ ਨੂੰ ਆਵਾਜ਼ ਦੇਣੀ' ਵਿਧੀ ਦੀ ਵਰਤੋਂ ਵੀ ਕੀਤੀ ਮਿਲਦੀ ਹੈ। ਜਿਸ ਵਿੱਚ ਨਾਟਕ ਦੀ ਪਾਤਰ ਮਨਦੀਪ ਆਪਣੇ ਗਰਭ ਵਿੱਚ ਪਲ ਰਹੇ ਬੱਚੇ ਨਾਲ ਗੱਲਾਂ ਕਰਦੀ ਹੈ ਅਤੇ ਬੱਚਾਂ ਵੀ ਉਸਨੂੰ ਜਵਾਬ ਦਿੰਦਾ ਹੈ। ਉਹਨਾਂ ਦੀ ਇਹ ਆਪਸੀ ਗੱਲਬਾਤ ਦਰਸ਼ਕਾਂ ਨੂੰ ਵੀ ਸੁਣਾਈ ਦਿੰਦੀ ਹੈ। ਜੋ ਕਿ ਬਿਲਕੁਲ ਵੀ ਵਾਸਤਵਿਕ ਨਹੀਂ ਜਾਪਦਾ।

ਸਵਰਾਜਬੀਰ 'ਮੇਦਨੀ' ਨਾਟਕ ਵਿੱਚ ਜਿੱਥੇ 'ਬੇ-ਪਛਾਣੇ ਪਾਤਰਾਂ' ਦੀ ਚੋਣ ਕਰਦਾ ਹੈ ਉਥੇ 'ਗੈਰ-ਮਨੁੱਖੀ ਪਾਤਰਾਂ' ਨੂੰ ਵੀ ਨਾਟਕੀ ਸਥਿਤੀ ਨੂੰ ਸਪੱਸ਼ਟ ਕਰਨ ਲਈ ਵਰਤਦਾ ਹੈ। ਨਾਟਕ ਵਿਚਲੇ ਬੇ-ਪਛਾਣੇ ਪਾਤਰ ਜੋ ਕਿ ਸਮੇਂ ਅਤੇ ਸਥਿਤੀ ਅਨੁਸਾਰ ਘੜੇ ਜਾਂਦੇ ਹਨ ਅਤੇ ਨਾਟਕਕਾਰ ਉਨ੍ਹਾ ਨੂੰ ਕੋਈ ਵਿਸ਼ੇਸ਼ ਨਾਮ ਵੀ ਨਹੀਂ ਦਿੰਦਾ, ਦਰਸ਼ਕ ਉਸ ਨਾਲ ਸੁਭਾਵਿਕ ਰੂਪ ਵਿੱਚ ਨਹੀਂ ਜੁੜਦੇ। ਗੈਰ-ਮਨੁੱਖੀ ਪਾਤਰਾਂ ਦੇ ਰੂਪ ਵਿੱਚ ਨਾਟਕਕਾਰ ਨਾਟਕ ਵਿੱਚ ਇੱਕ ਪਿੱਪਲ ਦੇ ਰੁੱਖ ਨੂੰ ਬਜ਼ੁਰਗ ਪਾਤਰ ਦੇ ਰੂਪ ਵਿੱਚ ਪੇਸ਼ ਕਰਦਾ ਹੈ।

ਸੂਤਰਧਾਰ ਅਤੇ ਨਟੀਆਂ :
ਦੱਸ ਵੇ ਪਿੱਪਲਾ ਮੇਰੇ ਪਿੰਡ ਦਿਆ
ਪੀਂਘਾ ਕਿਸ ਤੇਰੇ 'ਤੇ ਪਾਈਆਂ ?
ਨੱਚ ਨੱਚ ਪੱਟੀ ਕਿਸ ਨੇ ਧਰਤੀ
ਖ਼ੂਬ ਰੌਣਕਾਂ ਲਾਈਆਂ ?
ਪਿੱਪਲ (ਬਜ਼ੁਰਗ) :
ਪੀਂਘਾਂ ਪਾਈਆਂ ਪਿੰਡ ਦੀਆਂ ਕੁੜੀਆਂ
ਜਦ ਜਦ ਤੀਆਂ ਆਈਆਂ
ਸਾਉਣ ਮਹੀਨੇ ਦਿਨ ਗਿੱਧੇ ਦੇ
ਸਈਆਂ ਝੂਟਣ ਆਈਆਂ।....5

ਪਿੱਪਲ ਦੇ ਨਾਲ ਕੀਤੀ ਇਹ ਵਾਰਤਾਲਾਪ ਗੈਰ ਯਥਾਰਥਵਾਦੀ ਨਾਟ-ਸ਼ੈਲੀ ਦਾ ਹੀ ਲੱਛਣ ਹੈ। ਜੋ ਯਥਾਰਥ ਦੇ ਭਰਮ ਨੂੰ ਤੋੜ ਦਿੰਦਾ ਹੈ।

ਇਸ ਤਰ੍ਹਾਂ ਸਪੱਸ਼ਟ ਹੈ ਸਵਰਾਜਬੀਰ ਦਾ ਨਾਟਕ 'ਮੇਦਨੀ' ਜਿੱਥੇ ਆਪਣੇ ਨਵੀਨ ਵਿਸ਼ੇ ਕਰਕੇ ਪਾਠਕਾਂ ਦਾ ਧਿਆਨ ਆਪਣੇ ਵੱਲ ਖਿੱਚਦਾ ਹੈ ਉਥੇ ਮੰਚੀ ਪੇਸ਼ਕਾਰੀ ਪੱਖੋਂ ਵੀ ਇੱਕ ਸਫ਼ਲ ਨਾਟਕ ਹੈ। ਨਾਟਕਕਾਰ ਨੇ ਨਾਟਕ ਦੀ ਮੰਚੀ ਪੇਸ਼ਕਾਰੀ ਲਈ ਜਿਹੜੀਆਂ ਜੁਗਤਾਂ ਜਾਂ ਵਿਧੀਆਂ ਅਪਣਾਈਆਂ ਹਨ ਜਿਵੇਂ : ਸੂਤਰਧਾਰ ਦੀ ਵਰਤੋਂ, ਗਾਇਕ ਮੰਡਲੀ ਦੀ ਵਰਤੋਂ, ਗੀਤ-ਸੰਗੀਤ ਦੀ ਵਰਤੋਂ, ਮਨਬਚਨੀ ਦੀ ਵਰਤੋਂ, ਰੌਸ਼ਨੀ ਦੀ ਵਰਤੋਂ, ਸਿਵਾ ਉਠਾਉਣ ਦੀ ਵਿਧੀ ਅਤੇ ਗੈਰ-ਮਨੁੱਖੀ ਪਾਤਰਾਂ ਦੀ ਵਰਤੋਂ ਆਦਿ। ਇਹ ਸਭ ਵਿਧੀਆਂ ਗੈਰ-ਯਥਾਰਥਵਾਦੀ ਨਾਟ-ਸ਼ੈਲੀ ਨਾਲ ਸਬੰਧ ਰੱਖਦੀਆਂ ਹਨ ਕਿਉਂਕਿ ਇਹ ਵਿਧੀਆਂ ਦਰਸ਼ਕਾਂ ਵਿੱਚ ਯਥਾਰਥ ਦਾ ਭਾਵ ਤਾਂ ਪੈਦਾ ਕਰਦੀਆਂ ਹਨ ਪਰੰਤੂ ਯਥਾਰਥ ਦੇ ਭਰਮ ਨੂੰ ਤੋੜ ਦਿੰਦੀਆਂ ਹਨ। ਸੋ ਸਪੱਸ਼ਟ ਹੈ ਸਵਰਾਜਬੀਰ ਦਾ ਨਾਟਕ 'ਮੇਦਨੀ' ਗੈਰ-ਯਥਾਰਥਵਾਦੀ ਨਾਟ-ਸ਼ੈਲੀ ਨਾਲ ਸਬੰਧ ਰੱਖਦਾ ਹੈ।

**ਹਵਾਲੇ ਅਤੇ ਟਿੱਪਣੀਆਂ**


1. ਰਜਿੰਦਰ ਲਹਿਰੀ, ਨਾਟ-ਸ਼ੈਲੀਆਂ : ਸਿਧਾਂਤਕ ਪਰਿਪੇਖ, ਖੋਜ ਪੱਤ੍ਰਿਕਾ (ਨਾਟ-ਸ਼ੈਲੀਆਂ ਵਿਸ਼ੇਸ਼ ਅੰਕ-45) ਪੰਜਾਬੀ ਯੂਨੀਵਰਸਿਟੀ, 1997, ਪੰਨਾ-3
2. ਸਵਰਾਜਬੀਰ, ਮੇਦਨੀ, ਲੋਕਗੀਤ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, 2013, ਪੰਨਾ-61
3. ਸੁਰਜੀਤ ਸਿੰਘ ਸੇਠੀ, ਨਾਟਕ ਕਲਾ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2005, ਪੰਨਾ-72
4. ਸਵਰਾਜਬੀਰ, ਮੇਦਨੀ, ਪੰਨਾ-58
5. ਉਹੀ, ਪੰਨਾ-22



**ਖੋਜਾਰਥੀ**
**ਗੁਰੂ ਕਾਸ਼ੀ ਯੂਨੀਵਰਸਿਟੀ,**
**ਤਲਵੰਡੀ ਸਾਬੋ।**

# ਰਿਸ਼ਤਿਆਂ ਦਾ ਕੀ ਰਖੀਏ ਨਾਂ' ਨਾਟਕ ਦੀ ਨਾਟਕੀ ਵਿਧੀ

ਡਾ. ਗੁਰਮੋਹਿੰਦਰ ਸਿੰਘ

ਨਾਟਕ 'ਰਿਸ਼ਤਿਆਂ ਦਾ ਕੀ ਰਖੀਏ ਨਾਂ' ਪੰਜਾਬੀ ਦੇ ਪ੍ਰਸਿੱਧ ਨਾਟਕਕਾਰ ਆਤਮਜੀਤ ਦਾ ਲਿਖਿਆ, ਸਾਅਦਤ ਹਸਨ ਮੰਟੋ ਦੀ ਪ੍ਰਸਿੱਧ ਕਹਾਣੀ 'ਟੋਬਾ ਟੇਕ ਸਿੰਘ' 'ਤੇ ਆਧਾਰਿਤ ਹੈ। ਨਾਟਕ ਦੀ ਸਕ੍ਰਿਪਟ ਤਿਆਰ ਕਰਨ ਦੇ ਲਈ ਆਤਮਜੀਤ ਨੇ ਪੰਜਾਬ ਦੇ ਮੌਜੂਦਾ ਹਾਲਾਤ ਦੇ ਅਨੁਸਾਰ ਇਸ ਤੋਂ ਨਿਕਲਣ ਵਾਲੇ ਸੰਭਾਵਿਤ ਨਤੀਜਿਆਂ ਨੂੰ ਸਾਹਮਣੇ ਰੱਖ ਕੇ ਇਸ ਵਿਚ ਵਿਆਪੇ ਜਾਣ ਵਾਲੇ ਸੰਭਾਵਿਤ ਸਿੱਟੇ ਵਿਚ ਹਰ ਸੀਨਾ ਕਰਕੇ ਇਸ ਦੇ ਨਾਲ-ਨਾਲ ਸਮੇਂ ਦੀ ਲੋੜ ਮੁਤਾਬਿਕ ਢੁੱਕਵਾਂ ਨਾਂ ਦੇਣ ਦਾ ਯਤਨ ਕੀਤਾ ਹੈ। ਕਿਉਂਕਿ ਆਧੁਨਿਕ ਪੰਜਾਬ ਦੀ ਸਥਿਤੀਆਂ (ਫ਼ਿਰਕੂ ਅਤੇ ਰਾਜਸੀ) ਇਕ ਵਾਰ ਫਿਰ 1947 ਦੀ ਦੇਸ਼ ਵੰਡ ਦੀ ਯਾਦ ਤਾਜ਼ਾ ਕਰਾਉਂਦੀਆਂ ਹਨ। ਭਾਵੇਂ ਇਸ ਦੀਆਂ ਇਤਿਹਾਸਕ ਸਥਿਤੀਆਂ ਵਖੋ-ਵੱਖਰੀਆਂ ਹਨ। ਇਹੀ ਕਾਰਣ ਹੈ ਕਿ ਆਤਮਜੀਤ ਦੀ ਇਹ ਟੈਕਸਟ ਕਾਫ਼ੀ ਹੱਦ ਤਕ ਕਹਾਣੀ 'ਤੇ ਆਧਾਰਿਤ ਇਕ ਨਵੀਂ ਟੈਕਸਟ ਦਾ ਰੂਪ ਅੰਸ਼ ਤਿਆਰ ਕਰਦੀ ਹੈ। ਇਕ ਪਾਸੇ ਸਾਡੀ ਮਾਨਸਿਕਤਾ ਵਿਚ ਜਾਂ ਸਾਡੀ ਚੇਤਨਾ ਵਿਚ ਸਾਅਦਤ ਹਸਨ ਮੰਟੋ ਦੀ ਕਹਾਣੀ ਦੀ ਸਥਿਤੀ ਪਈ ਹੈ। ਦੂਜੇ ਪਾਸੇ ਸਾਡੇ ਇਸ ਕਾਲ ਦੀਆਂ ਸਥਿਤੀਆਂ ਰੂਪਮਾਨ ਹੁੰਦੀਆਂ ਹਨ।

ਇਥੇ ਮੁੱਖ ਪ੍ਰਸ਼ਨ ਮਨੁੱਖੀ ਰਿਸ਼ਤਿਆਂ ਦੇ ਜੁੜਨ ਅਤੇ ਵਿਗੜਨ ਦਾ ਹੈ। ਸਾਡੇ ਸਮਾਜ ਦਾ ਕੇਂਦਰ ਜਾਂ ਧੁਰਾ ਮੂਲ ਰੂਪ ਵਿਚ ਮਾਨਵੀ ਰਿਸ਼ਤੇ ਹਨ। ਇਹ ਮਨੁੱਖੀ ਰਿਸ਼ਤੇ ਸਮਾਜ, ਰਾਜਨੀਤੀ ਤੇ ਆਰਥਿਕਤਾ ਨਾਲ ਬੱਝੇ ਹੋਏ ਹਨ। ਦੇਸ਼ ਦੀਆਂ ਵੰਡੀਆਂ, ਜਾਇਦਾਦਾਂ ਦੀਆਂ ਵੰਡੀਆਂ, ਸਮਾਜਕ ਅਤੇ ਇਤਿਹਾਸਕ ਜਾਂ ਰਾਜਨੀਤਿਕ ਮਾਮਲੇ ਹੋ ਸਕਦੇ ਹਨ। ਪਰ ਇਨ੍ਹਾਂ ਵਿਚ ਅਗਰ ਕੋਈ ਵੰਡਿਆ ਜਾ ਸਕਦਾ ਹੈ, ਤਾਂ ਉਹ ਮਨੁੱਖ ਹੈ। ਮਨੁੱਖ, ਮਨੁੱਖੀ ਰਿਸ਼ਤੇ ਜਿਨ੍ਹਾਂ ਵਿਚ ਭਾਵਾਤਮਕਤਾ/ਭਾਵੁਕਤਾ ਵੀ ਪਈ ਹੋਈ ਹੈ। ਜਿਸ ਨੂੰ ਕੋਈ ਵੀ ਤਰਕ ਸੁਲਝਾ ਨਹੀਂ ਸਕਦਾ। ਇਉਂ ਮੂਲ ਤ੍ਰਾਸਦੀ ਉਥੇ ਹੀ ਪੈਦਾ ਹੋ ਜਾਂਦੀ ਹੈ। ਜਦੋਂ ਪਾਕਿਸਤਾਨ ਬਣਾਉਂਦਿਆਂ ਜਾਂ ਕਿਸੇ ਵੀ ਸਮੇਂ ਧਰਤੀ ਨੂੰ ਵੰਡਣ ਦੇ ਜ਼ਿੰਮੇਵਾਰ ਨੇਤਾ ਮੂਲ ਮਨੁੱਖੀ ਰਿਸ਼ਤਿਆਂ ਨੂੰ ਅੱਖੋਂ ਓਹਲੇ ਕਰਦੇ ਹਨ। ਅਜਿਹੀ ਸਥਿਤੀ ਨੂੰ ਮਨੁੱਖ ਦੀ ਹੋਣੀ ਨਹੀਂ ਆਖਿਆ ਜਾ ਸਕਦਾ। ਇਹ ਸਾਰੇ ਪ੍ਰਸ਼ਨਾਂ ਨੂੰ, ਇਸ ਸਾਰੀ ਕਟਾਖ਼ਸ਼ ਨੂੰ ਸਾਡੇ ਸਾਹਮਣੇ ਉਘਾੜਦਾ ਹੈ। ਰਿਸ਼ਤਿਆਂ ਦੀ ਜਿਸ ਸਥਿਤੀ ਨੂੰ ਇਹ ਪਾਤਰ ਭੋਗ ਰਹੇ ਹਨ। ਜਿਸ ਸਥਿਤੀ ਵਿਚ ਇਨ੍ਹਾਂ ਨੂੰ ਸੁੱਟ ਦਿਤਾ ਗਿਆ।

'ਰਿਸ਼ਤਿਆਂ ਦਾ ਕੀ ਰਖੀਏ ਨਾਂ' ਨਾਟਕ ਕੇਵਲ ਦਰਸ਼ਕਾਂ ਦੇ ਮਨ ਵਿਚ ਇਹੀ ਪ੍ਰਸ਼ਨ ਬੀਜਣ ਤਕ ਹੀ ਸੀਮਿਤ ਨਹੀਂ, ਇਸ ਦੇ ਸੰਦੇਸ਼ ਵਿਚ ਇਹ ਗੱਲ ਵੀ ਸ਼ਾਮਲ ਹੈ, ਕਿ ਉਹ ਕਿਹੜੀਆਂ ਸ਼ਕਤੀਆਂ ਹਨ, ਜਿਨ੍ਹਾਂ ਦੇ ਕਾਰਨੀ ਇਹ ਸਥਿਤੀਆਂ ਪੈਦਾ ਹੋਈਆਂ ਹਨ। ਜਿਸ ਕਾਰਨ ਰਿਸ਼ਤਿਆਂ ਦਾ ਨਾਂ ਗੁਆਚਦਾ ਹੈ। ਸਾਰੇ ਦੇ ਸਾਰੇ ਮਾਹਰ ਅਜਿਹੀ ਸਥਿਤੀ ਦੀ ਪਕੜ ਵਿਚ ਕਿਸੇ ਨਾ ਕਿਸੇ ਰੂਪ ਵਿਚ ਸ਼ਾਮਲ ਹਨ। ਵੰਡ ਦਾ ਹਾਦਸਾ ਵਾਪਰਨ ਤੇ ਬਚਨ ਸਿੰਘ ਦੇ ਯੋਗ ਚੇਤਨਾ ਅਤੇ ਦੇਸ਼ਾਂ ਨਾਲ ਪਛਣ ਵਲ ਕੀ ਉਹ ਸ਼ਬਦ ਇਸ ਦਾ ਸਬੂਤ ਦਿੰਦੇ ਹਨ।

"ਮੈਂ ਧਰਤੀ ਪੁਣਾਂਗਾ ਤੇ ਦਰਖਤਾਂ ਦੀ ਜੜ੍ਹਾਂ ਨੂੰ ਆਖਾਂਗਾ ਕਿ ਉਹ (ਤੁਸੀਂ) ਉਪਰਲੀ ਕੱਟ-ਵੱਢ ਤੋਂ ਨਾ ਡਰੋ ਜੜ੍ਹ ਨੂੰ ਜ਼ਿਹਰਾ ਕਰਨਾ ਚਾਹੀਦਾ ਹੈ। ਟਾਹਣੀਆਂ ਜਿਨ੍ਹੀ ਮਰਜ਼ੀ ਤਿੜ ਲੈਣ, ਰੁੱਖਾਂ ਦੀਆਂ ਜੜ੍ਹਾਂ ਨਹੀਂ ਵੰਡੀਆਂ ਜਾ ਸਕਦੀਆਂ।"

ਇਸ ਨਾਟਕ ਵਿਚ ਆਰੰਭ ਤੋਂ ਲੈ ਕੇ ਅੰਤ ਤੀਕ ਕੋਈ ਖ਼ਾਸ ਤਬਦੀਲੀ ਨਹੀਂ ਆਈ। ਆਤਮਜੀਤ ਨੇਹੋਰ ਵੀ ਕਈ ਨਾਟਕ ਲਿਖੇ ਹਨ 'ਹਵਾ ਮਹਿਲ', 'ਮੁਰਗੀਖ਼ਾਨਾ' ਆਦਿ। ਆਤਮਜੀਤ ਉਨ੍ਹਾਂ ਨਾਟਕਕਾਰਾਂ ਵਿਚੋਂ ਹੈ, ਜੋ ਨਵੇਂ ਪ੍ਰਯੋਗ ਕਰਨਾ ਚਾਹੁੰਦਾ ਹੈ। ਨਵੀਂ-ਨਵੀਂ ਵਿਧੀਆਂ ਦੀ ਵਰਤੋਂ ਕਰਨਾ ਚਾਹੁੰਦਾ ਹੈ। ਜਿਸ ਵੇਲੇ ਲੇਖਕ ਨੇ ਇਹ ਨਾਟਕ ਲਿਖਿਆ, ਉਸ ਵੇਲੇ ਕਈ ਕਿਸਮ ਦੀਆਂ ਆਧੁਨਿਕ ਵਿਧੀਆਂ ਪ੍ਰਚੱਲਿਤ ਸੀ। ਉਸ ਨੇ 'ਐਬਸਰਡ' ਵਿਧੀ ਨੂੰ ਸੁਚੇਤ ਤੌਰ 'ਤੇ ਅਪਣਾਇਆ, ਉਸ ਨੇ ਪਾਤਰ ਚਿਤਰਣ ਦੀ ਵਿਧੀ ਵੀ 'ਐਬਸਰਡ' ਲਈ। ਉਹ ਇਥੋਂ ਤਕ ਹੀ ਸੀਮਿਤ ਨਹੀਂ ਰਿਹਾ। ਉਸ ਦਾ ਨਾਟਕ ਹੈ 'ਮੁਰਗੀਖ਼ਾਨਾ', ਉਸ ਨੇ ਇਸ ਵਿਚ ਰਾਜਨੀਤਿਕ ਸਥਿਤੀ ਨੂੰ ਸਾਹਮਣੇ ਰੱਖ ਕੇ ਉਸ ਉਤੇ ਕਟਾਖ਼ਸ਼ ਕੀਤਾ। ਜਦੋਂ ਇਸ ਦੇ ਪ੍ਰਤੀਕਾਤਮਕ ਰੂਪ ਨੂੰ ਸਾਹਮਣੇ ਰੱਖ ਕੇ ਦੇਖਾਂਗੇ ਤਾਂ ਬਹੁਤ ਵੱਡਾ ਅਰਥ ਮਿਲਦਾ ਹੈ ਕਿ ਸਾਰਾ ਦੇਸ਼ ਇਕ 'ਮੁਰਗੀਖ਼ਾਨਾ' ਹੈ। ਇਸ ਨਾਟਕ ਵਿਚ ਵੀ 'ਐਬਸਰਡ' ਵਿਧੀ ਨੂੰ ਹੀ ਅਪਣਾਇਆ ਗਿਆ ਹੈ। ਉਹ ਸਥਿਤੀ ਸਮਕਾਲੀ ਹੈ। ਇਸ ਵਿਚ ਨਾਟਕਕਾਰ ਮਨੁੱਖ ਨੂੰ ਸੁਚੇਤ ਕਰਨਾ ਚਾਹੁੰਦਾ ਹੈ। ਇਸ ਵਿਚ ਕਟਾਖ਼ਸ਼ ਇਤਨਾ ਸਿਸਟਮ ਉਪਰ ਨਹੀਂ, ਜਿਤਨਾ ਕਿ ਸੰਚਾਲਨ ਉਪਰ ਹੈ। ਇਸ ਨਾਟਕ ਵਿਚ ਟਿੱਪਣੀਆਂ ਦੀ ਇਤਨੀ ਭਰਮਾਰ ਹੈ :-

"ਦੌੜਨਾ ਦਸਣ ਇਹ ਸਾਨੂੰ ਆਪ ਤੁਰਿਆ ਨਾ ਜਾਵੇ।"

"ਤੁਹਾਡੇ ਤਕਦੇ-ਤਕਦੇ ਅਸਾਂ ਨੇ ਦੇਸ਼ ਨੂੰ ਸੁਰਗ ਤੋਂ ਨਰਕ ਬਣਾਇਆ।"

ਇਹਨਾਂ ਸ਼ਬਦਾਂ ਰਾਹੀਂ ਉਹ ਵਿਅੰਗ ਦੀ ਵਿਧੀ ਨੂੰ

ਪੇਸ਼ ਕਰਦਾ ਹੈ। ਅਸਲ ਵਿਚ ਐਬਸਰਡ ਨਾਟਕ ਨਾਂ ਤਾਂ 'ਦੁਖਾਂਤ' ਹੁੰਦਾ ਹੈ ਅਤੇ ਨਾ ਹੀ 'ਕਾਮੇਡੀ' ਹੁੰਦਾ ਹੈ। ਇਸ ਨਾਟਕ ਦੀ ਵਿਧੀ ਵੀ ਐਬਸਰਡ ਹੀ ਹੋ ਨਿਬੜਦੀ ਹੈ।

'ਰਿਸ਼ਤਿਆਂ ਦਾ ਕੀ ਰਖੀਏ ਨਾਂ' ਨਾਟਕ ਵਿਚਲੀ ਸਥਿਤੀ ਰਾਜਨੀਤਿਕ ਹੈ। 1947 ਦੀ ਵੰਡ ਮਗਰੋਂ ਸਭ ਕੁਝ ਅਦਲਾ-ਬਦਲੀ ਹੋ ਗਿਆ। ਸਿਰਫ਼ ਇਕ ਪਾਗਲਖ਼ਾਨੇ ਦਾ ਪਾਗਲਾਂ ਦੀ ਵੰਡ ਹੋਣੀ ਬਾਕੀ ਸੀ। ਵੰਡ ਸਮੇਂ ਪਾਗਲਖ਼ਾਨੇ ਵਿਚ ਬੜੀ ਹੀ ਦਿਲਚਸਪ ਘਟਨਾਵਾਂ ਵਾਪਰਨ ਲਗੀਆਂ। ਪਾਗਲ ਪਾਕਿਸਤਾਨ ਅਤੇ ਹਿੰਦੁਸਤਾਨ ਬਾਰੇ ਆਪੋ-ਆਪਣੇ ਵਿਚਾਰ ਦੇਣ ਲਗ ਪਏ। ਕਈ ਪਾਗਲ ਅਜਿਹੇ ਵੀ ਸਨ, ਜੋ ਅਸਲੋਂ ਪਾਗਲ ਨਹੀਂ ਸਨ। ਉਹਨਾਂ ਦੇ ਰਿਸ਼ਤੇਦਾਰਾਂ ਨੇ ਅਫ਼ਸਰਾਂ ਨੂੰ ਪੈਸੇ ਦੇ ਦੁਆ ਕੇ ਭਾਵ ਰਿਸ਼ਵਤ ਦੇ ਕੇ ਉਨ੍ਹਾਂ ਨੂੰ ਪਾਗਲਖ਼ਾਨੇ ਵਿਚ ਭੇਜ ਦਿਤਾ ਸੀ। ਪਾਗਲਖ਼ਾਨੇ ਵਿਚ ਇਕ ਸਿੱਖ ਪਾਗਲ ਵੀ ਸੀ। ਉਹ ਵੰਡ ਬਾਰੇ ਜੋ ਗੱਲਾਂ ਹੁੰਦੀਆਂ ਨੇ, ਉਹਨਾਂ ਨੂੰ ਬੜੇ ਧਿਆਨ ਨਾਲ ਸੁਣਦਾ ਸੀ। ਉਹ ਪਹਿਲਾਂ ਇਕੋ ਹੀ ਗੱਲ ਨੂੰ ਦੁਹਰਾਉਂਦਾ ਸੀ:-

"ਉਪੜ ਦੀ ਗੜ ਗੜ ਦੀ ਬੇਧਿਆਨਿਆਂ ਦੀ ਮੁੰਗ ਦੀ ਦਾਲ ਆਫ ਦੀ ਪਾਕਿਸਤਾਨ ਗੌਰਮਿੰਟ।"

ਪਰੰਤੂ ਬਾਦ ਵਿਚ ਉਹ ਪਾਕਿਸਤਾਨ ਗੋਰਮਿੰਟ ਦੀ ਥਾਂ ਤੇ 'ਟੋਬਾ ਟੇਕ ਸਿੰਘ' ਕਹਿਣ ਲੱਗ ਪਿਆ।

ਜਦੋਂ ਪਾਗਲਖ਼ਾਨੇ ਦੇ ਪਾਗਲਾਂ ਨੂੰ ਉਹਨਾਂ ਦੇ ਨਾਂ ਦੇ ਆਧਾਰ 'ਤੇ ਵੰਡਿਆ ਜਾ ਰਿਹਾ ਸੀ ਤਾਂ ਇਕ ਅਫ਼ਸਰ ਨੇ ਬਿਸ਼ਨ ਸਿੰਘ ਦਾ ਨਾਂ ਲੈਂਦਿਆਂ ਕਿਹਾ ਕਿ "ਟੋਬਾ ਟੇਕ ਸਿੰਘ ਕਿਥੇ ਹੈ। ਹਿੰਦੁਸਤਾਨ ਵਿਚ ਜਾਂ ਪਾਕਿਸਤਾਨ ਵਿਚ।" ਤਾਂ ਉਹ ਭੱਜ ਕੇ ਆਪਣੇ ਸਾਥੀਆਂ ਨਾਲ ਜਾ ਰਲਿਆ ਅਤੇ ਦੂਜੇ ਪਾਸੇ ਜਾਣ ਤੋਂ ਇਨਕਾਰ ਕਰ ਦਿਤਾ। ਉਹ ਇਕ ਥਾਂ ਤੇ ਅੜ ਕੇ ਖੜੋ ਗਿਆ ਅਤੇ ਫਿਰ ਚੀਖ਼ ਮਾਰ ਕੇ ਡਿੱਗ ਪਿਆ। ਬਿਸ਼ਨ ਸਿੰਘ ਕੰਡਿਆਲੀ ਤਾਰਾਂ ਦੇ ਵਿਚਕਾਰ ਖ਼ਾਲੀ ਥਾਂ ਤੇ ਡਿਗਿਆ, ਜੋ ਨਾ ਹਿੰਦੁਸਤਾਨ ਦੀ ਸੀ ਨਾ ਹੀ ਪਾਕਿਸਤਾਨ ਦੀ।

ਇਸ ਤਰ੍ਹਾਂ ਮੰਟੋ ਦੀ ਕਹਾਣੀ ਸਿਰਫ਼ 1947 ਦੀ ਵੰਡ ਦੀਆ ਕੇਵਲ ਸਥਿਤੀਆਂ ਸਨ। ਆਤਮਜੀਤ ਨੇ ਨਾਟਕ ਵਿਚ ਅੰਮ੍ਰਿਤਸਰ ਦੇ ਹੁਣ ਦੇ ਹਾਲਾਤ ਨੂੰ ਵੀ ਸਨਮੁੱਖ ਰੱਖ ਕੇ ਨਾਟਕ ਲਿਖਿਆ। ਇਸ ਨਾਟਕ ਦੇ ਆਉਣ ਦੇ ਸਮੇਂ ਦੌਰਾਨ ਇਹ ਵਿਧੀ ਕਾਫ਼ੀ ਪ੍ਰਚੱਲਿਤ ਹੋ ਗਈ ਸੀ। ਇਸ ਲਈ ਸਾਅਦਤ ਹਸਨ ਮੰਟੋ ਦੀ ਕਹਾਣੀ ਵਿਚੋਂ ਬਚਨ ਸਿੰਘ ਪਾਤਰ ਲਿਆ ਹੈ। ਜੋ ਕਿ ਇਕ ਪਾਗਲ ਹੈ ਅਤੇ ਹਾਲਾਤ ਤੋਂ ਮਜ਼ਬੂਰ ਹੈ।

ਆਤਮਜੀਤ ਨੇ ਇਸ ਟੈਕਸਟ ਤੋਂ ਦੂਜੀ ਟੈਕਸਟ ਦੀ ਵਿਧੀ ਅਪਣਾਈ ਹੈ। ਉਸ ਨੇ ਪੁਰਾਣੀ ਰਚਨਾ ਨੂੰ ਲੈ ਕੇ ਸਮਕਾਲੀ ਪੰਜਾਬ ਦੇ ਸੰਕਟ ਨੂੰ ਨਵੀਂ ਆਲੋਚਨਾ ਵਿਚ ਪੇਸ਼ ਕੀਤਾ ਹੈ। ਇਹ ਪਰਿਵਰਤਨ ਸਰੰਚਨਾਤਮਕ ਪਰਿਵਰਤਨ ਹੈ। ਚਾਰ ਦ੍ਰਿਸ਼ਾਂ ਦੇ ਆਰੰਭ ਵਿਚ ਬਚਨ ਸਿੰਘ ਰੁੱਖਾਂ ਨੂੰ ਪਾਣੀ ਦੇ ਰਿਹਾ ਹੈ। ਬਾਕੀ ਦ੍ਰਿਸ਼ਾਂ ਵਿਚ ਉਹ 'ਨੋ ਮੈਨਜ਼ ਲੈਂਡ' ਵਿਚ ਰੁੱਖਾਂ ਦੀ ਤਲਾਸ਼ ਕਰ ਰਿਹਾ ਹੈ। ਅੰਤ ਵਿਚ ਉਹ ਜ਼ਮੀਨ ਪੁਣ ਰਿਹਾ ਹੈ। ਉਸ ਦੀ ਅੰਤਿਮ ਬਾਤਚੀਤ ਇਸ ਤਰ੍ਹਾਂ ਹੈ :-

"ਮੈਂ ਧਰਤੀ ਨੂੰ ਪੁਟਾਂਗਾ ਤੇ ਜੜਾਂ ਨੂੰ ਆਖਾਂਗਾ ਕਿ ਤੁਸੀਂ ਉਪਰਲੀ ਕੱਟ ਵੰਡ ਤੋਂ ਨਾ ਡਰੋ, ਜੜਾਂ ਨੂੰ ਜੇਰਾ ਕਰਨਾ ਚਾਹੀਦਾ ਹੈ ਟਾਹਣੀਆਂ ਜਿਨ੍ਹੀ ਮਰਜ਼ੀ ਲੜ ਭਿੜ ਲੈਣ ਜੜਾਂ ਨਹੀਂ ਵੰਡੀਆਂ ਜਾ ਸਕਦੀਆਂ।"

ਮੰਟੋ ਦੀ ਇਸ ਕਹਾਣੀ ਵਿਚ 'ਨੋ ਮੈਨਜ਼ ਲੈਂਡ' ਵਿਚ ਬਚਨ ਸਿੰਘ ਦੀ ਮੌਤ ਹੁੰਦੀ ਹੈ। ਇਥੇ ਬਚਨ ਸਿੰਘ ਰੁੱਖਾਂ ਨਾਲ, ਜੋ ਵਾਰਤਾਲਾਪ ਕਰਦਾ ਹੈ, ਉਸ ਦਾ ਸੰਬੰਧ ਉਸ ਦੀ ਸਨਕ ਨਾਲ ਨਹੀਂ ਸਗੋਂ, ਉਹ ਸਾਰੀ ਸਥਿਤੀ ਨੂੰ ਹੋੜ ਕੇ ਉਸ ਵਿਚੋਂ ਬਾਹਰ ਆ ਰਿਹਾ ਹੈ। ਉਹ ਸਥਿਤੀ ਇਕ ਆਦਰਸ਼ ਪ੍ਰਤੀਕ ਨਾਲ ਸੰਬੰਧਿਤ ਹੋ ਜਾਂਦੀ ਹੈ। ਇਹ ਨਾਟਕ ਇਹਨਾਂ ਬੋਲਾਂ ਰਾਹੀਂ ਹੀ ਆਪਣੇ ਸੰਦੇਸ਼ ਦਾ ਉਚਾਰਨ ਕਰਦਾ ਹੈ, ਜੋ ਕਿਸੇ ਵੀ ਰਚਨਾ ਲਈ ਜ਼ਰੂਰੀ ਹੈ।

ਮੰਟੋ ਨੇ ਆਪਣੀ ਰਚਨਾ ਦਾ ਕੇਂਦਰੀ ਪਾਤਰ ਬਚਨ ਸਿੰਘ ਨੂੰ ਬਣਾਇਆ ਹੈ। ਇਸੇ ਲਈ ਕਹਾਣੀ ਟੋਬਾ ਟੇਕ ਸਿੰਘ ਸੀ। ਆਤਮਜੀਤ ਨੇ ਇਸ ਵਿਚ ਕੇਵਲ ਨਾਟਕ ਨੂੰ ਬਚਨ ਸਿੰਘ ਨਾਲ ਹੀ ਸੰਬੰਧਿਤ ਨਹੀਂ ਰਹਿਣ ਦਿਤਾ ਭਾਵੇਂ ਉਹ ਨਾਟਕ ਦਾ ਕੇਂਦਰੀ ਪਾਤਰ ਹੈ। ਉਸ ਦੀ ਵਿਧੀ ਦਾ ਮੁੱਖ ਪ੍ਰਸ਼ਨ ਰਿਸ਼ਤਿਆਂ ਦੇ ਬਨਣ ਅਤੇ ਵਿਗੜਨ ਦਾ ਹੈ।

ਆਤਮਜੀਤ ਤ੍ਰਾਸਦੀ ਦਾ ਅਹਿਸਾਸ ਕਰਾਉਂਦਾ ਹੈ। ਉਹ ਪਾਠਕ ਨੂੰ ਤ੍ਰਾਸਦੀ ਵਿਚ ਨਹੀਂ ਰੱਖਣਾ ਚਾਹੁੰਦਾ, ਸਿਰਫ਼ ਤ੍ਰਾਸਦੀ ਦਾ ਅਹਿਸਾਸ ਕਰਾ ਕੇ ਪਾਠਕ ਨੂੰ ਉਸ ਵਿਚੋ ਬਾਹਰ ਕੱਢਣਾ ਚਾਹੁੰਦਾ ਹੈ। ਦੋਹਾਂ ਦੇ ਵਿਚਕ ਫ਼ਰਕ ਇਹ ਹੈ ਕਿ ਮੰਟੋ ਤ੍ਰਾਸਦੀ ਰਾਹੀਂ ਅਹਿਸਾਸ ਕਰਾਉਣਾ ਚਾਹੁੰਦਾ ਹੈ ਤੇ ਆਤਮਜੀਤ ਐਬਸਰਡ ਰਾਹੀਂ।

ਮੰਟੋ ਦੀ ਕਹਾਣੀ ਦੇ ਪਾਤਰਾਂ ਦੀ ਬੋਲਚਾਲ ਦੇ ਕੋਈ ਅਰਥ ਨਹੀਂ। 1947 ਦੀ ਦੇਸ਼ ਵੰਡ ਦਾ ਦੁੱਖ ਹੀ ਇਤਨਾ ਹੈ ਕਿ ਉਹ ਭਾਸ਼ਾ ਤੋਂ ਦੂਰ ਹੋ ਜਾਂਦੇ ਹਨ। ਪਾਤਰਾਂ ਕੋਲੋਂ ਸੰਚਾਰ ਗੁੰਮ ਹੋ ਗਿਆ ਹੈ। ਪਰੰਤੂ ਆਤਮਜੀਤ ਨੇ 'ਬਰੈਖ਼ਤ' ਦੀ ਵਿਧੀ ਨੂੰ ਅਪਣਾਇਆ ਹੈ। 'ਐਬਸਰਡ' ਨਾਟਕ ਵਿਚ ਪਾਤਰਾਂ ਦਾ ਸੰਚਾਰ ਗੁਆਚ ਜਾਣਾ ਐਬਸਰਡ ਵਿਧੀ ਨੂੰ ਸਥਾਪਿਤ ਕਰਨਾ ਹੈ। ਮੰਟੋ ਦੀ ਕਹਾਣੀ ਤੇ ਹਾਸਾ ਨਹੀਂ ਆਉਂਦਾ ਦੁੱਖ ਹੁੰਦਾ ਹੈ। ਐਬਸਰਡ ਨਾਟਕ ਵਿਚ ਪਾਤਰਾਂ ਕੋਲੋਂ ਭਾਸ਼ਾ ਦਾ ਗੁੰਮ ਹੋਣਾ ਨਾਟਕ ਵਿਚ ਹਾਸੇ ਦੀ ਸਥਿਤੀ ਉਤਪੰਨ ਕਰਦਾ ਹੈ। ਸਾਰੀ ਗੱਲ ਪਤਾ ਲਗਣ ਤੇ ਸਾਨੂੰ ਸਹਾਨੁਭੂਤੀ ਵੀ ਹੁੰਦੀ ਹੈ।

ਆਤਮਜੀਤ ਨੇ ਜਿਹੜੀ ਵੱਡੀ ਤਬਦੀਲੀ ਇਸ ਨਾਟਕ ਵਿਚ ਕੀਤੀ ਹੈ, ਜਿਹੜੀ ਪੜ੍ਹ ਕੇ ਨਹੀਂ ਰੰਗਮੰਚ ਤੇ ਨਾਟਕ ਨੂੰ ਵੇਖ ਕੇ ਸਮਝ ਆਉਂਦੀ ਹੈ। ਨਾਟਕ ਦੀ ਵੱਖਰਤਾ ਇਸ ਨੂੰ ਸਟੇਜ ਤੇ ਹੋਰ ਵੀ ਪ੍ਰਭਾਵਸ਼ਾਲੀ ਬਣਾਉਂਦੀ ਹੈ। ਇਸ ਨਾਟਕ ਦਾ ਕਾਰਜ ਭਾਵ ਬੜਾ ਤੇਜ਼ ਹੈ। ਕਾਰਜ ਦੀ ਗਤੀ ਨਾਟਕ ਦੀ ਪੇਸ਼ਕਾਰੀ ਨੂੰ ਹੋਰ ਵੀ ਪ੍ਰਭਾਵਸ਼ਾਲੀ ਬਣਾਉਂਦੀ ਹੈ। ਪਾਠਕ/ਸਰੋਤੇ ਬੋਰ ਨਹੀਂ ਹੁੰਦੇ। ਇਕ ਨਾਟਕਕਾਰ ਦੇ ਤੌਰ 'ਤੇ ਆਤਮਜੀਤ ਇਸ ਪ੍ਰਤੀ ਵਧੇਰੇ ਸੁਚੇਤ ਜਾਪਦਾ ਹੈ। ਇਸ ਨਾਟਕ ਦੇ ਆਰੰਭ ਵਿਚ ਪਾਤਰ ਪਾਗਲਖ਼ਾਨੇ ਦੀ ਅਵਸਥਾ ਵਿਚ ਹਨ। ਦੇਸ਼ ਅਤੇ ਸਮੇਂ ਦੀ ਚੇਤਨਾ ਤੋਂ ਵੱਖ ਹੋ ਗਏ ਹਨ। ਪਰੰਤੂ ਵੰਡ ਦੀ ਸਥਿਤੀ ਨਿਜੀ ਨਹੀਂ ਹੈ। ਇਸ ਸਾਰੇ ਹਾਦਸੇ ਤੋਂ ਬਾਦ ਉਲਟਾ ਇੰਜ ਜਾਪਦਾ ਹੈ ਕਿ ਬਚਨ ਸਿੰਘ ਵਾਪਸ ਚੇਤਨਾ ਵਾਲੇ ਪਾਸੇ ਪਰਤ ਰਿਹਾ ਹੈ। ਦਰਖ਼ਤ ਦੀ ਤਲਾਸ਼ ਪ੍ਰਤੀਕਾਤਮਕ ਰੂਪ ਵਿਚ ਇਸੇ ਹੀ ਪਾਸੇ ਇਸ਼ਾਰਾ ਕਰਦੀ ਹੈ। ਪ੍ਰੋਫ਼ੈਸਰ ਨੇ ਇਸ ਵੰਡ ਨੂੰ ਵਿਯਨ ਵਿਚ ਲਿਆ ਕੇ ਕਿਹਾ :-


"ਅਸੀਂ ਕਲਾਸਾਂ ਦੇ ਸਲੇਬਸ ਨਹੀਂ ਵੰਡਦੇ। ਫ਼ਰੀਦ ਵੀ ਪੜ੍ਹਾਵਾਂਗੇ ਅਤੇ ਵਾਰਿਸ ਵੀ ਪੜ੍ਹਾਵਾਂਗੇ। ਹਾਸ਼ਮ ਵੀ ਸਾਡਾ ਹੈ, ਮੁਕਬਲ ਵੀ ਸਾਡਾ ਹੈ।"

ਇਸ ਤਰ੍ਹਾਂ ਨਾਟਕਕਾਰ ਦਾ ਮੰਤਵ ਪਾਤਰਾਂ ਨੂੰ ਪਾਗਲਖ਼ਾਨੇ ਵਿਚ ਨਹੀਂ ਰੱਖਣਾ ਬਲਕਿ ਦੇਸ਼ ਕਾਲ ਦੀ ਚੇਤਨਾ ਨਾਲ ਡੂੰਘੀ ਤਰ੍ਹਾਂ ਜੋੜਨਾ ਹੈ। ਆਤਮਜੀਤ 'ਮੈਟਾ ਟੈਕਸਟ' ਦੀ ਵਿਧੀ ਤੋਂ ਪੂਰੀ ਤਰ੍ਹਾਂ ਸੁਚੇਤ ਹੈ। ਆਤਮਜੀਤ ਸਮੁੱਚੇ ਤੌਰ 'ਤੇ ਤਬਦੀਲੀ ਲਿਆਉਂਦਾ ਹੈ। ਆਤਮਾਜੀਤ ਵਿਘਟਨ ਦੀ ਸੰਭਾਵਨਾ ਦੇ ਖ਼ੌਫ਼ ਹੇਠ ਜਿਉਂਦਾ ਹੈ। ਮੰਟੋ ਦੀ ਰਚਨਾ ਦੁਰਘਟਨਾ ਤੋਂ ਫ਼ਾਸਲੇ ਉਪਰ ਹੈ। ਸੰਖੇਪ ਵਿਚ ਆਤਮਜੀਤ ਨੇ ਮੰਟੋ ਦੀ ਗਲਪ ਦਾ ਸਗੋਂ ਗਲਪੀਕਰਨ ਕੀਤਾ ਹੈ। ਇਸ ਲਈ ਗਲਪੀਕਰਣ ਦਾ ਕੁਝ ਪਤਾ ਸਾਨੂੰ ਨਾਟਕ ਦੇ ਅੰਤ ਵਿਚ ਲਗਦਾ ਹੈ। ਮੰਟੋ ਦਾ ਬਿਸ਼ਨ ਸਿੰਘ 'ਨੋ ਮੈਨਜ਼ ਲੈਂਡ' ਉਪਰ ਮਰ ਜਾਂਦਾ ਹੈ। ਇਹ ਮੌਤ ਅਲਾਮਤ ਹੈ, ਗਲਪ ਹੈ ਪਰ ਉਸ ਦੇ ਪੈਰ ਵਾਸਤਵਿਕ ਧਰਤੀ ਉਪਰ ਹਨ। ਆਤਮਜੀਤ ਦਾ ਬਚਨ ਸਿੰਘ ਮਰਦਾ ਨਹੀਂ, ਬਲਕਿ ਜ਼ਮੀਨ ਪੁੱਟਦਾ ਰਹਿੰਦਾ ਹੈ :-

"ਮੈਂ ਧਰਤੀ ਪੁਟਾਂਗਾ...
ਮੈਂ ਜੜਾਂ ਨੂੰ ਮਜ਼ਬੂਤ ਹੋਣ ਲਈ ਕਵਾਂਗਾ।"

'ਮੰਟੋ' ਦੀ ਕਹਾਣੀ ਵਿਚ ਥੋੜਾ ਬਹੁਤਾ ਤੱਥ ਸੀ, ਪਰੰਤੂ ਆਤਮਜੀਤ ਨੇ ਉਸ ਨੂੰ ਵੀ ਗਲਪ ਵਿਚ ਤਬਦੀਲ ਕਰ ਦਿਤਾ ਹੈ ਅਤੇ ਇਸ ਦੇ ਨਾਲ ਸਿਧਾਂਤ ਵੀ ਜੋੜ ਦਿਤਾ। ਪਰ ਬਾਅਦ ਵਿਚ ਅੰਤ ਵੇਖਣ ਤੋਂ ਪਤਾ ਚਲਦਾ ਹੈ ਕਿ ਅੰਤ ਮੰਟੋ ਦੀ ਕਹਾਣੀ ਦਾ ਪ੍ਰਭਾਵਸ਼ਾਲੀ ਹੈ। ਆਤਮਜੀਤ ਦਾ ਅੰਤ ਖੜੋ ਗਿਆ ਹੈ। ਕੇਵਲ ਤੇ ਕੇਵਲ ਸੰਦੇਸ਼ ਬਣ ਕੇ ਰਹਿ ਗਿਆ ਹੈ। ਨਾਟਕ ਦ੍ਰਿਸ਼ ਨਾਲ ਬਣਿਆ ਹੈ ਬਿਖਰ ਜਾਂਦਾ ਹੈ।

## ਇੰਝ ਲੜਨਾ, ਭਿੜਨਾ / ਜਗਜੀਤ ਗਿੱਲ



ਇੰਝ ਲੜਨਾ, ਭਿੜਨਾ, ਟਕਰਾਉਣਾ, ਮਰਨਾ
ਇੰਝ ਹਿੱਕ ਤਾਣ ਕੇ ਤੁਰਨਾ,
ਚਾਗੜਹੱਥੇ ਬਣਨਾ,
ਉਹਨਾਂ ਨੂੰ ਕੌਣ ਸਿਖਾਉਂਦਾ ਹੈ ?
ਪਰੇਸ਼ਾਨ ਨੇ ਸਭ
ਇਹ ਇਹਨਾਂ ਨੂੰ ਕਿੱਦਾਂ ਆਉਂਦਾ ਹੈ ?
ਜੂਠੇ ਭਾਂਡਿਆਂ ਨੂੰ
ਮਾਂਜਦਿਆਂ ਘਸੀਆਂ ਉਂਗਲ਼ਾਂ ਨੂੰ
ਮੁੱਕਾ ਕਿਵੇਂ ਬਣਾ ਲੈਂਦੇ ਨੇ ਉਹ,
ਮਾਂ ਦੀ ਸੁੱਕੀ ਛਾਤੀ 'ਚੋਂ
ਜਿਹਨਾਂ ਨੇ ਦੁੱਧ ਘੱਟ ਤੇ ਪਸੀਨਾ
ਵੱਧ ਚੁੰਘਿਆ
ਲੋਰੀ ਦੀ ਥਾਂ ਜਿਹਨਾਂ ਨੂੰ
ਛਿਲਤਰੇ ਹੱਥਾਂ ਨੇ ਥਾਪੜਿਆ
ਆਜ਼ਾਦੀ ਦੀਆਂ ਇਹ ਭਿਆਨਕ ਗੱਲਾਂ
ਉਹਨਾਂ ਨੂੰ ਕੌਣ ਸਿਖਾਉਂਦਾ ਹੈ
ਬੜੇ ਗੰਦੇ ਨੇ ਉਹ ਬੜੇ ਮੈਲ਼ੇ ਨੇ
ਛੱਡਦੇ ਨੇ ਬੋਅ ਬੜੇ ਕੁਸੈਲ਼ੇ ਨੇ,
ਦੇਸ਼ ਧਰੋਹੀ,ਆਤੰਕੀ ਨੇ ਉਹ
ਕਦੀ ਝੜੰਮ ਤੇ ਕਦੀ
ਦਲਿਤ ਤੇ ਕਦੀ ਹਰੀਜਨ
ਜੋ ਵੀ ਕਿਹਾ ਤੁਸੀਂ
ਉਹਨਾਂ ਉਸੇ ਨਾਂ 'ਤੇ ਆਵਾਜ਼ ਦਿੱਤੀ
ਉਹਨਾਂ ਤਾਂ ਮੱਚਦੇ ਰਹਿਣਾ ਹੈ
ਸਾੜ ਕੇ ਆਪਣਾ ਤਨ
ਨਿੱਘ ਤੁਹਾਨੂੰ ਦਿੰਦੇ ਰਹਿਣਾ ਹੈ
ਅੱਖਾਂ 'ਚ ਅੰਗਿਆਰ
ਭਖਾਉਣੇ ਪਰ
ਉਹਨਾਂ ਨੂੰ ਕੌਣ ਸਿਖਾਉਂਦਾ ਹੈ ?
ਹੱਥਾਂ ਨੂੰ ਹਥਿਆਰ ਬਣਾਉਣਾ
ਉਹਨਾਂ ਨੂੰ ਕੌਣ ਸਿਖਾਉਂਦਾ ਹੈ?

ਹਰ ਖੇਤਰ ਵਿੱਚ ਔਰਤ ਨੇ ਬਹੁਤ ਮੱਲਾਂ ਮਾਰੀਆਂ ਹਨ। ਭਾਵੇਂ ਉਹ ਖੇਤਰ ਸਾਹਿਤ ਦਾ ਕਿਉਂ ਨਾ ਹੋਵੇ। ਸਾਹਿਤ ਵਿੱਚ ਕਹਾਣੀ ਦੀ ਜੇ ਗੱਲ ਕਰੀਏ ਤਾ ਔਰਤ ਨੇ ਆਪਣੀ ਕਲਮ ਰਾਹੀ ਆਪਣੀ ਆਵਾਜ਼ ਨੂੰ ਲੋਕਾਂ ਤੱਕ ਲੈ ਕੇ ਆਉਂਦਾ ਹੈ। ਪੰਜਾਬੀ ਕਹਾਣੀ ਦੀ ਗੱਲ ਕਰੀਏ ਤਾਂ ਉਸ ਦਾ ਆਰੰਭ ਵੀਹਵੀਂ ਸਦੀ ਤੋਂ ਹੋ ਗਿਆ ਸੀ ਪਰ ਦੇਸ਼ ਦੀ ਵੰਡ ਤੋਂ ਪਹਿਲਾਂ ਕੁਝ ਇਸਤਰੀ ਕਹਾਣੀਕਾਰਾਂ ਨੇ ਹੀ ਆਪਣੀ ਕਹਾਣੀ ਦੀ ਵਿਧਾ ਤੇ ਹੀ ਕਲਮ ਅਜਮਾਈ ਕੀਤੀ। ਆਜ਼ਾਦੀ ਤੋਂ ਪਹਿਲਾਂ ਦਾ ਕਾਲ ਇਸਤਰੀ ਜਾਤੀ ਲਈ ਵਧੀਆ ਕਾਲ ਨਹੀਂ ਮੰਨਿਆ ਗਿਆ। ਜਿੰਨਾ ਵੀ ਦਰਦ ਇਸਤਰੀ ਕਹਾਣੀਕਾਰਾਂ ਨੇ ਦੇਖਿਆ ਉਸ ਦਾ ਬਿਆਨ ਉਹਨਾਂ ਨੇ ਆਪਣੀ ਕਹਾਣੀ ਵਿੱਚ ਕਲਮ ਰਾਹੀਂ ਬਿਆਨ ਕੀਤਾ ਹੈ। ਉਹਨਾਂ ਨੇ ਆਪਣੀ ਕਹਾਣੀਆਂ ਦੁਆਰਾ ਆਪਣਾ ਸਥਾਨ ਇਸ ਸਾਹਿਤ ਵਿੱਚ ਨਿਸਚਿਤ ਕੀਤਾ ਹੈ। ਇਥੇ ਅਸੀਂ ਕੁਝ ਕਹਾਣੀਕਾਰਾਂ ਦੀ ਰਚਨਾਵਾਂ ਤੇ ਝਾਤ ਪਾਵਾਂਗੇ।

**ਅੰਮ੍ਰਿਤਾ ਪ੍ਰੀਤਮ:–** ਅੰਮ੍ਰਿਤਾ ਪ੍ਰੀਤਮ ਦਾ ਨਾਮ ਪ੍ਰਮੱਖ ਕਹਾਣੀਕਾਰਾਂ ਵਿੱਚ ਲਿਆ ਜਾਂਦਾ ਹੈ। ਉਸ ਦੀਆਂ ਕੁਝ ਕਹਾਣੀਆਂ ਆਜ਼ਾਦੀ ਤੋਂ ਪਹਿਲਾਂ ਆਈਆਂ ਸਨ। '26 ਵਰ੍ਹੇ ਬਾਅਦ' ਅਤੇ 'ਕੁੰਜੀਆਂ' ਦੇਸ਼ ਦੀ ਆਜ਼ਾਦੀ ਤੋਂ ਪਹਿਲਾਂ ਦੀਆਂ ਕਹਾਣੀਆਂ ਮੰਨੀਆਂ ਗਈਆਂ ਹਨ। ਆਜ਼ਾਦੀ ਤੋਂ ਬਾਅਦ ਉਸਦੀਆਂ ਕਹਾਣੀਆ ਦਾ ਸੰਗ੍ਰਿਹ ਆਇਆ 'ਆਖਰੀ ਖਤ' ਤੇ 'ਚਾਨਣ ਦਾ ਹਉਕਾ'। ਅੰਮ੍ਰਿਤਾ ਪ੍ਰੀਤਮ ਦੀਆ ਕਹਾਣੀਆਂ ਵਿੱਚ ਪਿਆਰ ਅਨੁਭਵ ਨੂੰ ਵਿਸ਼ੇਸ਼ ਸਥਾਨ ਮਿਲਿਆ ਹੈ। ਉਸ ਦੀਆ ਕਹਾਣੀਆਂ ਵਿੱਚ ਮਨੋਵਿਗਿਆਨਕ ਅੰਸ਼, ਸਥਾਨਕ ਰੰਗ, ਕਲਾਤਮਕ ਹਾਸ–ਰਸ ਗੁਣ ਮਿਲਦੇ ਹਨ। ਡਾ. ਸਵਿੰਦਰ ਸਿੰਘ ਉੱਪਲ ਦੇ ਅਨੁਸਾਰ, ਕਾਮ–ਵਾਸਨਾ ਬਾਰੇ ਨਿਡਰ ਤੇ ਨਿੱਝਕ ਹੋਕੇ ਲਿਖਣ ਦੀ ਪ੍ਰੇਰਨਾ ਪਹਿਲੀ ਵਾਰ ਪੰਜਾਬੀ ਕਹਾਣੀਕਾਰਾਂ ਨੂੰ ਅੰਮ੍ਰਿਤਾ ਪ੍ਰੀਤਮ ਤੋਂ ਮਿਲੀ। ਅੰਮ੍ਰਿਤਾ ਪ੍ਰੀਤਮ ਨੇ ਇਸਤਰੀ ਕਹਾਣੀਕਾਰਾਂ ਨੂੰ ਸੇਧ ਅਤੇ ਨਿਡਰਤਾ ਨਾਲ ਕਹਾਣੀ ਲਿਖਣ ਦੀ ਅਗਾਂਹਵਾਧੂ ਸੋਚ ਲਈ ਪ੍ਰੇਰਨਾ ਦਿੱਤੀ ਹੈ ਅਤੇ ਸਮਾਜ ਵਿੱਚ ਆਪਣੀ ਪਛਾਣ ਆਪਣੀ ਕਲਮ ਰਾਹੀਂ ਵਿਚਾਰਾਂ ਦੇ ਢੰਗ ਨਾਲ ਲੋਕਾਂ ਤੱਕ ਲੈਕੇ ਆਉਣ ਦੀ ਪਹਿਲ ਕਦਮੀ ਕੀਤੀ ਹੈ।

**ਪ੍ਰਭਜੋਤ ਕੌਰ:–** ਪ੍ਰਭਜੋਤ ਕੌਰ ਦਾ ਨਾਮ ਕਵਿਤਰੀ ਦੇ ਤੌਰ ਉਤੇ ਅਤੇ ਕਹਾਣੀਕਾਰ ਦੇ ਤੌਰ ਤੇ ਲਿਆ ਜਾਂਦਾ ਹੈ ਪਰ ਉਸ ਨੇ ਕਹਾਣੀਆਂ ਵਿੱਚ ਵੀ ਆਪਣੀ ਪਛਾਣ ਆਪ ਬਣਾਉਣ ਲਈ ਯਤਨ ਕੀਤੇ। ਉਸ ਨੇ ਅੰਮ੍ਰਿਤਾ ਪ੍ਰੀਤਮ ਦਾ ਪ੍ਰਭਾਵ ਨਹੀਂ ਅਪਣਾਇਆ ਸਗੋਂ ਆਪਣਾ ਵੱਖਰਾ ਸਰੂਪ ਬਣਾਉਣ ਲਈ ਯਤਨ ਕੀਤਾ ਹੈ। ਇੱਕ ਚਿੰਤਕ ਹੋਣ ਕਾਰਣ, ਕਲਾਤਮਕ ਸੂਝ, ਬੋਧਿਕ ਪੁਖਤਗੀ ਅਤੇ ਵਿਚਾਰਾਂ ਦੀ ਡੂੰਘਾਈ ਉਸ ਨੂੰ ਫਿਸਲਣ ਤੋਂ ਬਚਾਈ ਰੱਖਦੇ ਹਨ। ਉਸ ਦਾ ਗੱਲ ਕਰਨ ਦਾ ਢੰਗ ਦਲੀਲ ਤੇ ਆਧਰਿਤ ਹੁੰਦਾ ਹੈ। 'ਕਿਣਕੇ', 'ਅਮਨ ਦੇ ਨਾਂ', 'ਜਿੰਦਗੀ ਦੇ ਕੁਝ ਪਲ' ਉਸ ਦੇ ਕਹਾਣੀ ਸੰਗ੍ਰਿਹ ਹਨ। ਇਸ ਦੀਆਂ ਕਹਾਣੀਆਂ ਦਾ ਵਿਸ਼ਾ ਇਸਤਰੀ ਸਮੱਸਿਆ ਦੇ ਇਰਦ ਗਿਰਦ ਹੀ ਹੁੰਦਾ ਹੈ। ਇਸ ਦੀਆਂ ਕਹਾਣੀਆਂ ਵਿੱਚ ਨਿਰਾਸ਼ਵਾਦ ਸੋਚ ਨਹੀਂ ਸਗੋਂ ਆਸ਼ਾਵਾਦੀ ਸੋਚ ਦੇ ਨੇੜੇ ਹੁੰਦੀਆਂ ਹਨ। ਪ੍ਰਭਜੋਤ ਕੌਰ ਦੀਆਂ ਕਹਾਣੀਆਂ ਵਿੱਚ ਸੰਵੇਦਨਸ਼ੀਲਤਾ ਦੇ ਝਲਕਾਰੇ ਵੀ ਦੇਖਣ ਨੂੰ ਮਿਲਦੇ ਹਨ। ਉਸ ਨੇ ਆਪਣੀ ਕਹਾਣੀਆਂ ਵਿੱਚ ਇਸਤਰੀ ਪਾਤਰਾਂ ਦਾ ਮਨੋਵਿਸ਼ਲੇਸ਼ਣ ਬਹੁਤ ਸੋਹਣੇ ਢੰਗ ਨਾਲ ਕਰਨ ਵਿੱਚ ਸਫ਼ਲਤਾ ਹਾਸਲ ਕੀਤੀ ਹੈ।

**ਦਲੀਪ ਕੌਰ ਟਿਵਾਣਾ:–** ਅੰਮ੍ਰਿਤਾ ਪ੍ਰੀਤਮ ਅਤੇ ਪ੍ਰਭਜੋਤ ਕੌਰ ਤੋਂ ਬਾਅਦ ਦਲੀਪ ਕੌਰ ਟਿਵਾਣਾ ਨੇ ਵੀ ਆਪਣੀ ਕਲਮ ਰਾਹੀਂ ਕਹਾਣੀ ਦੇ ਮੈਦਾਨ ਵਿੱਚ ਉਤਰੀ ਅਤੇ ਪਾਠਕਾਂ ਤੱਕ ਆਪਣੇ ਕਹਾਣੀ ਸੰਗ੍ਰਿਹ ਲੈਕੇ ਆਉਂਦੇ। ਉਸ ਦੇ ਕਹਾਣੀ ਸੰਗ੍ਰਿਹ ਬਹੁਤ ਤੇਜ਼ੀ ਨਾਲ ਆਉਣੇ ਸ਼ੁਰੂ ਹੋ ਗਏ। ਉਸ ਨੇ ਕਦੇ ਵੀ ਪਿਛੇ ਮੁੜ ਕੇ ਨਹੀਂ ਦੇਖਿਆ। 'ਪ੍ਰਬਲ ਵਹਿਣ', 'ਤਰਾਟਾਂ', 'ਵੈਰਾਗੇ ਨੈਣ', 'ਸਾਧਨਾ', 'ਯਾਤਰਾ', 'ਕਿਸੇ ਦੀ ਧੀ' ਅਤੇ 'ਲੰਮੀ ਉਡਾਰੀ' ਆਦਿ ਕਹਾਣੀ ਸੰਗ੍ਰਿਹ ਸਾਡੇ ਤੱਕ ਆ ਚੁੱਕੇ ਹਨ। ਡਾ. ਸਵਿੰਦਰ ਸਿੰਘ ਉੱਪਲ ਅਨੁਸਾਰ, "ਬਹੁਤ ਛੇਤੀ ਤੇ ਉਹ ਵੀ ਉਪਭਾਵੁਕਤਾ ਅਧੀਨ ਲਿਖਣ ਕਾਰਨ ਉਸ ਦੀਆਂ ਕਹਾਣੀਆਂ ਵਿੱਚ ਪੇਤਕਾਪਣ ਆ ਗਿਆ ਹੈ। ਉਹ ਜ਼ਿੰਦਗੀ ਦੀ ਕਿਸੇ ਘਟਨਾ ਦੇ ਪ੍ਰਤੀਕਰਮ ਵਜੋਂ ਪੇਸ਼ ਹੋਏ ਤਜ਼ੁਰਬੇ ਨੂੰ ਅਨੁਭਵ ਪੱਧਰ ਤੇ ਹੀ ਪੇਸ਼ ਕਰ ਦਿੰਦੀ ਹੈ। ਅਨੁਭਵ ਵਿੱਚ ਪਲਟਣ ਦੀ ਉਸ ਕੋਲ ਸਮੱਰਥਾ ਨਹੀਂ। ਉਸ ਦੀਆ ਕਹਾਣੀਆਂ ਦਾ ਵਿਸ਼ਾ ਇਸਤਰੀ ਸਮੱਸਿਆਵਾਂ ਤੱਕ ਹੀ ਸੀਮਤ ਹੁੰਦੇ ਹਨ ਉਸ ਦੀਆ ਕਹਾਣੀਆਂ ਵਿੱਚ ਔਰਤ ਦੇ ਦੁੱਖ, ਕਲੇਸ਼, ਅਰਮਾਨ ਅਤੇ ਹਉਕੇ ਆਮ ਦੇਖਣ ਨੂੰ ਮਿਲਦੇ ਹਨ। ਇਹਨਾਂ ਸਾਰੇ ਕਾਰਣਾਂ ਕਰਕੇ ਉਸ ਦਾ ਦ੍ਰਿਸ਼ਟੀਕੋਣ ਜੀਵਨ ਪ੍ਰਤੀ ਨਿਰਾਸ਼ਾਵਾਦੀ ਹੈ।

**ਅਜੀਤ ਕੌਰ:–** ਅਜੀਤ ਕੌਰ ਨੇ ਵੀ ਸਾਹਿਤ ਦੇ ਖੇਤਰ ਵਿੱਚ ਬਹੁਤ ਮੱਲਾਂ ਮਾਰੀਆਂ ਹਨ। ਅਜੀਤ ਕੌਰ ਨੇ ਪੰਜਾਬੀ ਕਹਾਣੀਕਾਰ ਦੇ ਤੌਰ ਤੇ ਵੀ ਨਾਮ ਖੱਟਿਆ ਹੈ। ਉਸ ਦੇ ਗੁਲਬਾਨੋ ਤੋਂ ਲੈ ਕੇ ਫਾਲਤੂ ਔਰਤ, ਬੁਤ ਸ਼ਿਕਨ, ਪੋਸਟ ਮਾਰਟਮ, ਸਾਵੀਆਂ ਚਿੜੀਆਂ ਤੋਂ ਲੈ ਕੇ ਅਤੇ ਨਾ ਮਾਰੋ ਤੱਕ ਅਨੇਕਾਂ ਕਹਾਣੀ ਸੰਗ੍ਰਿਹ ਪੰਜਾਬੀ ਸਾਹਿਤ ਦੀ ਝੋਲੀ ਪਾਏ ਹਨ। ਉਸ ਦੀਆਂ ਕੁਝ ਕਹਾਣੀਆਂ ਮਨੁੱਖੀ ਕਾਮਵਾਸਨਾ ਤੇ ਆਧਿਰਤ ਹਨ ਜਿਸਨੂੰ ਉਸ ਨੇ ਸਮਾਜ ਦੇ ਸਨਮੁੱਖ ਰੱਖਿਆ ਹੈ। ਉਸ ਦੀ ਕਹਾਣੀ ਨੇ ਡਰ ਤੋਂ ਨਿਡਰ ਹੋਣ ਪੱਖੋਂ ਵਿਕਾਸ

ਕੀਤਾ ਹੈ। ਇਹ ਤਬਦੀਲੀ ਉਸ ਦੀਆਂ ਕਹਾਣੀਆਂ 'ਮੌਤ ਅਲੀ ਬਾਬੇ ਦੀ' ਵਿੱਚ ਵੇਖਣ ਨੂੰ ਮਿਲਦੀ ਹੈ। ਇਸ ਨਾਲ ਉਸ ਦੀ ਕਹਾਣੀ ਕਲਾ ਦਾ ਨਵਾਂ ਦੌਰ ਸ਼ੁਰੂ ਕੀਤਾ ਹੈ। ਡਾ. ਹਰਿਭਜਨ ਸਿੰਘ ਅਨੁਸਾਰ, ਉਹ ਕਹਾਣੀ ਰਚਦੀ ਨਹੀਂ, ਪ੍ਰਗਟਾਉਂਦੀ ਹੈ। ਡਾ. ਧਾਲੀਵਾਲ ਅਨੁਸਾਰ, "ਉਸ ਦੀ ਰਚਨਾ ਦ੍ਰਿਸ਼ਟੀ ਆਧੁਨਿਕ ਨਾਰੀ-ਚੇਤਨਾ ਤੋਂ ਪ੍ਰੇਰਿਤ ਹੈ। ਉਹ ਔਰਤ-ਮਰਦ ਦੇ ਰਿਸ਼ਤਿਆਂ ਦੇ ਨੰਗੇ ਸੱਚ ਦੀ ਬੇਬਾਕ ਬਿਆਨਕਾਰ ਹੈ। ਕਾਵਿਕ ਬਿਆਨੀ, ਤਿੱਖਾ ਵਿਅੰਗ ਅਤੇ ਗੜ੍ਹਕਵੀਂ ਗਲਪ ਭਾਸ਼ਾ ਦੀ ਵਰਤੋਂ ਉਸ ਦੀਆਂ ਵਿਸ਼ੇਸ਼ ਕਥਾ ਜੁਗਤਾਂ ਹਨ। ਫਾਲਤੂ ਔਰਤ ਦਾ ਚਿਹਨ ਉਸ ਦੀਆਂ ਕਹਾਣੀਆਂ ਵਿੱਚ ਕੇਂਦਰੀ ਸਥਾਨ ਗ੍ਰਹਿਣ ਕਰ ਚੁੱਕਿਆ ਹੈ।

**ਰਾਜਿੰਦਰ ਕੌਰ:-** ਬਾਲ ਸਾਹਿਤ ਵਿੱਚ ਰਾਜਿੰਦਰ ਕੌਰ ਨੇ ਆਪਣਾ ਯੋਗਦਾਨ ਪਾਇਆ ਹੈ। ਪਰ ਉਸ ਨੇ ਆਪਣੀ ਪਛਾਣ ਕਹਾਣੀਕਾਰ ਵਜੋਂ ਵੀ ਕੀਤੀ ਹੈ। ਉਸ ਨੇ ਪੰਜਾਬੀ ਸਾਹਿਤ ਦੀ ਝੋਲੀ ਵਿੱਚ 'ਸਤਰੰਗੀ ਕਲਪਨਾ', 'ਆਪਣਾ ਸ਼ਹਿਰ', 'ਸੱਤੇ ਹੀ ਕੁਆਰੀਆਂ', 'ਦਖਲ ਦੂਜੇ ਦਾ' ਅਤੇ 'ਤੇਰੇ ਜਾਣ ਤੋਂ ਬਾਅਦ' ਕਹਾਣੀ ਸੰਗ੍ਰਿਹ ਪਾਏ ਹਨ। ਉਹ ਆਪਣੀਆਂ ਕਹਾਣੀਆਂ ਦਾ ਵਿਸ਼ਾ ਸ਼ਹਿਰੀ ਮੱਧ ਵਰਗ ਦੀਆਂ ਪਰਿਵਾਰਕ ਗੁੰਝਲਾਂ ਨੂੰ ਬਣਾਉਂਦੀ ਹੈ। ਅਤ੍ਰਿਪਤ ਔਰਤ ਦੀ ਪੀੜ੍ਹ ਨੂੰ ਰੂਪਾਂਤ੍ਰਰਿਤ ਕੀਤਾ ਹੈ।

**ਬਚਿੰਤ ਕੌਰ:-** ਬਚਿੰਤ ਕੌਰ ਨੇ ਪੰਜਾਬੀ ਸਾਹਿਤ ਵਿੱਚ ਕਹਾਣੀ ਨਾਲ ਆਪਣਾ ਸਫ਼ਰ ਸ਼ੁਰੂ ਕੀਤਾ ਹੈ। ਉਸ ਨੇ ਜੋ ਜੀਵਨ ਵਿੱਚ ਹੰਢਾਇਆ ਹੈ, ਉਸ ਨੂੰ ਹੀ ਆਪਣੀ ਕਲਮ ਰਾਹੀਂ ਲਿਖਤੀ ਰੂਪ ਦਿੱਤਾ ਹੈ। ਉਸ ਨੇ ਆਪਣਾ ਜੀਵਨ ਸ਼ੰਘਰਸ਼, ਗਰੀਬੀ, ਦੁੱਖ ਨਾਲ ਲੜ ਕੇ ਜਿੱਤ ਪ੍ਰਾਪਤ ਕੀਤੀ ਹੈ। ਉਸ ਨੇ ਆਪਣੇ ਜੀਵਨ ਵਿੱਚ ਇੰਨੇ ਦੁੱਖ ਦੇਖਣ ਤੋਂ ਬਾਅਦ ਵੀ ਹਾਰ ਨਹੀਂ ਮੰਨੀ ਨਾ ਹੀ ਕਦੇ ਪਿਛੇ ਮੁੜ ਕੇ ਦੇਖਿਆ। ਦੁੱਖ ਹੰਢਾਉਣ ਦੇ ਬਾਵਜੂਦ ਉਹ ਜੀਵਨ ਵਿੱਚ ਆਸ਼ਾਵਾਦੀ ਸੋਚ ਰੱਖਦੀ ਹੈ। ਬਚਿੰਤ ਕੌਰ ਦੀਆਂ ਕਹਾਣੀਆਂ ਵਿੱਚ ਇਸਤਰੀ ਜਾਤੀ ਦੀਆਂ ਸਮੱਸਿਆਵਾਂ ਤੋਂ ਇਲਾਵਾ ਮਰਦ ਜਾਤ ਦੀਆਂ ਸਮੱਸਿਆਵਾਂ ਦਾ ਵੀ ਪ੍ਰਗਟਾਵਾ ਹੋਇਆ ਹੈ। ਕਈ ਕਹਾਣੀਆਂ ਵਿੱਚ ਕਾਮ -ਵਾਸਨਾ ਨੂੰ ਵੀ ਅੰਗ ਬਣਾਇਆ ਹੈ ਇਸ ਤੇ ਆਧਿਰਤ ਉਸ ਦੀ ਕਹਾਣੀ 'ਮੇਮਣਾ' ਨੂੰ ਰੱਖਿਆ ਜਾ ਸਕਦਾ ਹੈ। ਉਸ ਦੀਆਂ ਕਹਾਣੀਆ ਦੇ ਪਾਤਰ ਕਾਲਪਨਿਕ ਨਹੀ ਸਗੋਂ ਜੀਵਨ-ਸੰਘਰਸ਼ ਵਿੱਚ ਮਿਲੇ ਲੋਕ ਹੀ ਉਸ ਦੀਆ ਕਹਾਣੀਆਂ ਦੇ ਪਾਤਰ ਬਣ ਗਏ ਹਨ। ਬਚਿੰਤ ਕੌਰ ਨੇ ਪੰਜਾਬੀ ਵਿੱਚ ਕਹਾਣੀ ਸੰਗ੍ਰਹਿ 'ਮੰਜ਼ਿਲ', 'ਸੂਹਾ ਰੰਗ ਸਿਆਹ ਰੰਗ', 'ਭੁੱਬਲ ਦੀ ਅੱਗ', ' ਕਿਆਰੀ ਲੋਂਗਾਂ ਦੀ', 'ਮੁਕਲਾਵੇ ਵਾਲੀ ਰਾਤ', 'ਖੁਰੇ ਹੋਏ ਰੰਗ', 'ਵਾਟਾਂ ਅਧੂਰੀਆਂ' ,'ਕੰਧਾਂ ਕੋਹਲੇ'ਅਤੇ 'ਰਸ਼ੇਮੀ ਰੁਮਾਲ' ਲਿਖੇ ਹਨ। ਇਸ ਤੋਂ ਇਲਾਵਾ ਉਸ ਨੇ ਹਿੰਦੀ ਵਿੱਚ ਵੀ ਕਹਾਣੀ ਸੰਗ੍ਰਹਿ ਦਿੱਤੇ ਹਨ।

**ਚੰਦਨ ਨੇਗੀ:-** ਅੰਮ੍ਰਿਤਾ ਪ੍ਰੀਤਮ ਤੇ ਅਜੀਤ ਕੌਰ ਦੇ ਰਸਤੇ ਤੇ ਚੱਲਣ ਵਾਲੀ ਚੰਦਨ ਨੇਗੀ ਵੀ ਇਕ ਕਹਾਣੀਕਾਰ ਵਜੋਂ ਉਭਰ ਕੇ ਸਾਹਿਤ ਦੇ ਖੇਤਰ ਵਿੱਚ ਕਦਮ ਰੱਖਿਆ ਹੈ। ਉਸ ਦੇ ਕਹਾਣੀ ਸੰਗ੍ਰਹਿ 'ਮੇਰਾ ਆਪਾ ਮੋੜ ਦੇ' 'ਚਿੱਤਰਗੁਪਤ', 'ਕਰੜਾ ਸਾਰ', 'ਗੰਧ ਕਥੂਰੀ', 'ਬਾਰਿ ਪਰਾਇ-ਸੰਗਲ ਸੰਗ', 'ਚੋਣਵੀਆਂ ਕਹਾਣੀਆਂ', 'ਹਰਖ ਸੋਗ' ਅਤੇ 'ਕਾਨਿਕ ਕਾਮਨੀ' ਆਦਿ। ਸਭ ਤੋਂ ਪਹਿਲੀ ਕਹਾਣੀ 'ਲੱਖੀ' ਸੀ ਜੋ ਕਿ ਸੀਰਾਜਾ ਵਿੱਚ ਛਪੀ। ਉਹ ਇੱਕ ਸੰਵੇਦਨਸ਼ੀਲ ਕਹਾਣੀਕਾਰ ਹੈ। ਉਸ ਦੀਆ ਕਹਾਣੀਆਂ ਵਿੱਚ ਔਰਤ ਦੀ ਜ਼ਿੰਦਗੀ ਦੇ ਵੱਖ-ਵੱਖ ਪਹਿਲੂ ਹੁੰਦੇ ਹਨ। ਉਸ ਦੀਆਂ ਕਹਾਣੀਆਂ ਪੜ੍ਹ ਕੇ ਇਹ ਅਨੁਭਵ ਹੁੰਦਾ ਹੈ ਕਿ ਉਹ ਅਜੋਕੇ ਪ੍ਰਤੀਮਾਨਾਂ ਅਨੁਸਾਰ ਅਨੈਤਿਕ ਆਖੇ ਜਾਣ ਵਾਲੇ ਵਿਸ਼ਿਆਂ ਬਾਰੇ ਗੱਲ ਕਰਨ ਤੋਂ ਨਹੀਂ ਪਿਛੇ ਹੱਟਦੀ। ਉਸ ਨੇ ਕਹਾਣੀਆਂ ਵਿੱਚ ਇਸਤਰੀਆਂ ਦਾ ਮਨੋਵਿਸ਼ਲੇਸ਼ਣ ਪੇਸ਼ ਕੀਤਾ ਹੈ।

**ਸੁਖਵੰਤ ਕੌਰ ਮਾਨ:-** ਇਸਤਰੀ ਕਹਾਣੀਕਾਰਾਂ ਵਿੱਚ ਸੁਖਵੰਤ ਕੌਰ ਮਾਨ ਦਾ ਵੀ ਆਪਣਾ ਸਥਾਨ ਹੈ ਭਾਵੇਂ ਉਸ ਨੇ ਜ਼ਿਆਦਾ ਕਹਾਣੀਆਂ ਨਹੀਂ ਲਿਖੀਆਂ ਜੋ ਕਹਾਣੀਆਂ ਨੂੰ ਲਿਖਤ ਰੂਪ ਦਿੱਤਾ ਉਹ ਬਹੁਤ ਮਕਬੂਲ ਹੋਈਆਂ। ਜੋ ਉਸ ਨੇ ਕਹਾਣੀ ਸੰਗ੍ਰਹਿ ਲਿਖੇ ਉਹ ਹਨ- 'ਭੱਖੜੇ ਦੇ ਫੁਲ', 'ਤ੍ਰੇੜ', 'ਇਸ ਦੇ ਬਾਵਜੂਦ', 'ਮਿੱਟੀ ਦਾ ਮੋਹ', 'ਚਾਦਰ ਹੇਠਲਾ ਬੰਦਾ' ਅਤੇ 'ਮਨਮਤੀਆਂ'। ਡਾ. ਬਲਦੇਵ ਸਿੰਘ ਧਾਲੀਵਾਲ ਅਨੁਸਾਰ, 'ਸੁਖਵੰਤ ਕੌਰ ਮਾਨ ਦੀਆਂ ਕਹਾਣੀਆਂ ਦਾ ਰਚਨਾ-ਵਸਤੂ ਮੁੱਖ ਤੌਰ ਤੇ ਕਿਸਾਨ-ਸੰਸਕ੍ਰਿਤੀ ਅਤੇ ਪੇਂਡੂ-ਔਰਤ ਦੀ ਸਥਿਤੀ ਨਾਲ ਸੰਬੰਧਿਤ ਹੁੰਦਾ ਹੈ। ਪਰ ਉਸ ਨੇ ਪੰਜਾਬ ਸੰਕਟ ਅਤੇ ਸ਼ਹਿਰੀ ਮੱਧ ਵਰਗ ਬਾਰੇ ਬਹੁਤ ਵਧੀਆ ਕਹਾਣੀਆਂ ਲਿਖੀਆਂ ਹਨ। ਉਹ ਤਰਕਮਈ ਮਾਨਵਵਾਦੀ ਦ੍ਰਿਸ਼ਟੀਕੋਣ ਵਾਲੀ ਲੇਖਿਕਾ ਹੋਣ ਕਰਕੇ ਵਸਤੂ ਯਥਾਰਾਂ ਵਿਸ਼ੇਸ਼ ਕਰਕੇ ਔਰਤ ਦੀ ਤ੍ਰਾਸਦੀ ਵੀ ਨਿਰਪੱਖ ਢੰਗ ਨਾਲ ਵੇਖਦੀ ਹੈ। ਇਸ ਕਰਕੇ ਉਸ ਦੀਆਂ ਔਰਤ ਪਾਤਰ ਸਵੈ-ਤਰਸ ਅਤੇ ਸਵੈ-ਪ੍ਰਸ਼ੰਸਾ ਦੀਆਂ ਸ਼ਿਕਾਰ ਨਹੀਂ ਸਗੋਂ ਮਨੁੱਖੀ ਗੌਰਵ ਦੀਆਂ ਇੱਛਾਵਾਨ ਹਨ।

**ਸਿੱਟਾ-** ਅੰਮ੍ਰਿਤਾ ਪ੍ਰੀਤਮ ਤੋਂ ਸ਼ੁਰੂ ਹੋਇਆ ਇਸਤਰੀ ਪੰਜਾਬੀ ਕਹਾਣੀ ਦਾ ਸਫ਼ਰ ਵੱਖ-ਵੱਖ ਦਿਸ਼ਾਵਾਂ ਅਤੇ ਸਰਹੱਦਾਂ ਤੱਕ ਫੈਲ ਚੁੱਕਾ ਹੈ। ਨਾਰੀ ਕਹਾਣੀਕਾਰਾਂ ਨੇ ਸ਼ਹਿਰੀ ਅਤੇ ਪੇਂਡੂ ਦੋਵੇਂ ਜੀਵਨਾਂ ਨੂੰ ਆਧਾਰ ਬਣਾ ਕੇ ਕਹਾਣੀਆਂ ਲਿਖੀਆਂ ਹਨ। ਔਰਤ ਸੰਵੇਦਨਾ ਇਹਨਾਂ ਲੇਖਕਾਵਾਂ ਦੀ ਉਭਰਦੀ ਸੁਰ ਹੈ। ਹਰ ਕਹਾਣੀ ਦੀ ਰਚਨਾਕਾਰ ਆਪਣੀ ਲਿਖਣ ਸ਼ੈਲੀ ਦਾ ਪ੍ਰਗਟਾਵਾ ਕਰਦੇ ਹੋਏ ਆਪਣੇ ਜੀਵਨ ਦੇ ਅਨੁਭਵਾਂ ਨੂੰ ਆਪਣੀਆਂ ਕਹਾਣੀਆਂ ਵਿੱਚ ਪੇਸ਼ ਕਰਨ ਦੀ ਪ੍ਰਭਾਵਸ਼ਾਲੀ ਕੋਸ਼ਿਸ਼ ਕੀਤੀ ਹੈ।

## ਵਾਹ! ਓ ਰੱਬਾ! / ਬੇਬੀ ਕੌਰ



ਵਾਹ! ਓ ਰੱਬਾ! ਤੇਰੀ ਰਚੀ
ਸ੍ਰਿਸ਼ਟੀ ਨੂੰ
ਤੂੰ ਆਪ ਹੀ ਠੱਲ੍ਹ ਪਾ ਸਕਦੈਂ
ਬੰਦਾ ਕਰੇ ਹੰਕਾਰ
ਭੁੱਲ ਤੇਰੀ ਹਕੂਮਤ ਨੂੰ
ਸੋਚੇ... ਦੁਨੀਆਂ ਨੂੰ
ਆਪ ਚਲਾ ਸਕਦੈ
ਜਿਸ ਕੋਲ ਸਮਾਂ
ਨਹੀਂ ਸੀ ਖੜ੍ਹਨੇ ਦਾ
ਤੂੰ ਚੇਤੇ ਕਰਵਾ ਦਿੱਤਾ
ਹੱਥ ਬੰਨ੍ਹ ਘਰੇ ਬਿਠਾ ਸਕਦੈਂ
ਵਾਹ! ਓ ਰੱਬਾ! ਤੇਰੀ
ਰਚੀ ਸ੍ਰਿਸ਼ਟੀ ਨੂੰ
ਤੂੰ ਆਪ ਹੀ ਠੱਲ੍ਹ ਪਾ ਸਕਦੈਂ

ਸੁੰਨੀਆ ਸੜਕਾਂ ਅੰਬਰ ਗੂੰਜੇ
ਮਨੁੱਖ ਲਾ ਰੱਖਿਆ ਤੂੰ ਖੂੰਜੇ
ਕਰਦੇ ਸੀ ਜੋ ਕੈਦ
ਪਸ਼ੂ-ਪੰਛੀਆਂ ਨੂੰ ਤੂੰ
ਦੱਸ ਦਿੱਤਾ...ਕੈਦੀ
ਉਹਨਾਂ ਨੂੰ ਬਣਾ ਸਕਦੈਂ
ਵਾਹ! ਓ ਰੱਬਾ!.....

ਫੁੱਲ ਪੱਤੀਆਂ
ਮੁਸਕਾਉਂਦੇ ਦਿੱਸਦੇ
ਰੁੱਖ ਪਏ
ਲਹਿਰਾਉਂਦੇ ਦਿੱਸਦੇ
ਪੰਛੀ ਵੀ
ਗੁਣਗੁਣਾਉਂਦੇ ਦਿੱਸਦੇ
ਲਾ ਬਹਾਰਾਂ ਚਾਰੇ ਪਾਸੇ
ਚੌਗਿਰਦਾ ਤੂੰ
ਮਹਿਕਾ ਸਕਦੈਂ
ਵਾਹ! ਓ ਰੱਬਾ!.....

ਸਾਗਰ ਲਹਿਰਾਂ ਵਿੱਚ
ਝੂੰਮਣ ਮਸਤੀ
ਸ਼ੁੱਧ ਹੋਈ
ਜਲ ਧਾਰਾ ਦੱਸਦੀ
ਪਾ ਗਲਵੱਕੜੀ
ਇੱਕ ਦੂਜੇ ਨੂੰ
ਅੰਬਰਾਂ ਤੋ ਮੋਤੀ ਵਰਸਾ ਕੇ
ਤੂੰ ਹਵਾਵਾਂ ਤੋਂ
ਗੀਤ ਗਵਾ ਸਕਦੈਂ
ਵਾਹ! ਓ ਰੱਬਾ.....

ਗਰੀਬ ਗੁਰਬੇ ਦਾ
ਫ਼ਿਕਰ ਤੂੰ ਕਰਦਾ
ਬੇਜ਼ੁਬਾਨ ਵੀ
ਭੁੱਖਾ ਨੀਂ ਮਰਦਾ
ਉਹਨਾਂ ਦੀ
ਖ਼ਾਤਿਰ ਤੂੰ ਆਪ
ਉੱਤਰ ਜਮੀਂ ਤੇ ਆ ਸਕਦੈਂ
ਵਾਹ! ਓ ਰੱਬਾ...

ਕਰੇ ਇੱਕ ਇਨਸਾਨ ਤੇ
ਭੁਗਤੇ ਸਾਰਾ ਜਹਾਨ
ਤੂੰ ਆਪਣੇ ਸਿਰ ਨਾ ਲਵੇਂ ਗੁਨਾਹ
ਖ਼ੂਨ ਹੋਵੇਗਾ ਸਫੇਦ
ਢਿੱਡੋਂ ਜਾਇਆਂ ਦਾ
ਦੱਸ ਇਹ ਕੋਈ
ਕਿਵੇਂ ਭੁਲਾ ਸਕਦੈ
ਤੂੰ ਬੰਦੇ ਨੂੰ ਓਹਦੀ ਔਕਾਤ
ਯਾਦ ਕਰਾ ਸਕਦੈ
ਵਾਹ! ਓ ਰੱਬਾ!......

ਕਿਵੇਂ ਸਿਫ਼ਤ
ਭੁੱਲਾਂ ਮੈਂ ਕਰਨੀ
ਡਾਕਟਰ, ਪੁਲਿਸ, ਸਫਾਈ ਕਰਮੀ
ਰਿਪੋਰਟਰ ਤੇ ਨਰਸਾਂ ਦੀ
ਹਮਾਇਤ ਕਰਨੀ
ਰੱਬ ਦਾ ਦਰਜਾ
ਦੇ ਇਨ੍ਹਾਂ ਨੂੰ
ਤੂੰ ਫ਼ਰਸ਼ੋਂ,
ਅਰਸ਼ ਪਹੁੰਚਾ ਸਕਦੈਂ
ਵਾਹ! ਓ ਰੱਬਾ!
ਤੇਰੀ ਰਚੀ ਸ੍ਰਿਸ਼ਟੀ ਨੂੰ
ਤੂੰ ਆਪ ਹੀ ਠੱਲ੍ਹ ਪਾ ਸਕਦੈ
ਤੂੰ ਆਪ ਹੀ ਠੱਲ੍ਹ ਪਾ ਸਕਦੈਂ

**ਹਵਾਲੇ**


-ਉਪੱਲ, ਸਵਿੰਦਰ ਸਿੰਘ (1970), ਪੰਜਾਬੀ ਕਹਾਣੀਕਾਰ, ਪੁਸ਼ਪ ਪ੍ਰਕਾਸ਼ਨ, ਦਿੱਲੀ।

-ਅਜੀਤ ਕੌਰ (1984), ਸਾਵੀਆਂ ਚਿੜ੍ਹੀਆਂ, ਨਵਯੁੱਗ ਪਬਲਿਸ਼ਰਜ, ਚਾਂਦਨੀ ਚੌਂਕ, ਦਿੱਲੀ।

-ਨੇਗੀ ਚੰਦਨ (1989), ਸਗਲ ਸੰਗ, ਨੈਸ਼ਨਲ ਬੁੱਕ ਸ਼ਾਪ, ਦਿੱਲੀ।

-ਪ੍ਰਭਜੋਤ ਕੌਰ (1956), ਅਮਨ ਦੇ ਨਾਂ ਤੇ ਹੋਰ ਕਹਾਣੀਆਂ, ਪੰਜਾਬੀ ਪਬਲਿਸ਼ਰਜ, ਜਲੰਧਰ।

-ਅੰਮ੍ਰਿਤਾ ਪ੍ਰੀਤਮ (1992), ਉਹ ਆਦਮੀ, ਸ਼ਿਲਾਲੇਖ ਦਿੱਲੀ।

-ਬਚਿੰਤ ਕੌਰ (1982), ਕਿਆਰੀ ਲੌਂਗਾਂ ਦੀ, ਆਰਸੀ ਪਬਲਿਸ਼ਰਜ, ਚਾਂਦਨੀ ਚੌਂਕ, ਦਿੱਲੀ।



**ਸਹਾਇਕ ਪ੍ਰੋਫ਼ੈਸਰ**
**ਦੇਸ਼ ਭਗਤ ਯੂਨੀਵਰਸਿਟੀ, ਮੰਡੀ ਗੋਬਿੰਦਗੜ੍ਹ**

## ਸਵਾਗਤ ਜ਼ਿੰਦਗੀ / ਡਾ. ਪੁਸ਼ਵਿੰਦਰ ਕੌਰ



**ਸ਼੍ਰੀ ਕ੍ਰਿਸ਼ਨ ਕੁਮਾਰ**
**ਸਕੱਤਰ, ਸਿੱਖਿਆ ਪੰਜਾਬ**



**ਡਾ. ਦਵਿੰਦਰ ਬੋਹਾ**

ਸਵਾਗਤ ਜ਼ਿੰਦਗੀ, ਇਸ ਨਿਵੇਕਲੇ ਵਿਸ਼ੇ ਨੂੰ ਸਕੂਲ ਸਿੱਖਿਆ ਵਿਭਾਗ ਪੰਜਾਬ ,ਆਪਣੇ ਸਕੂਲ ਪਾਠਕ੍ਰਮ ਵਿੱਚ ਇਸ ਸ਼ੈਸ਼ਨ ਤੋਂ ਸ਼ਾਮਿਲ ਕਰਨ ਜਾ ਰਿਹਾ ਹੈ। ਜ਼ਿੰਦਗੀ ਨੂੰ ਜਿਉਣਾ ਤੇ ਮਾਨਣਾ ਇਕ ਹੁਨਰ ਹੈ । ਅੱਜ ਦਾ ਯੁਗ ਹੁਨਰਾਂ ਤੇ ਮੁਹਾਰਤ ਦਾ ਯੁਗ ਹੈ। ਅੱਜ ਉਹ ਇਨਸਾਨ ਹੀ ਕਾਮਯਾਬ ਹੈ ਜਿਸ ਕੋਲ ਕੋਈ ਮੁਹਾਰਤ ਜਾ ਹੁਨਰ ਹੈ। ਸਿੱਖਿਆ ਦਾ ਉਦੇਸ਼ ਜ਼ਿੰਦਗੀ ਨੂੰ ਬਿਹਤਰ ਬਣਾਉਣਾ ਹੈ। ਅਸੀਂ ਅੱਜ ਜਿਸ ਦੌਰ ਵਿੱਚੋਂ ਗੁਜ਼ਰ ਰਹੇ ਹਾਂ ਉੱਥੇ ਸਭ ਕੁਝ ਹੁੰਦੇ ਹੋਏ ਵੀ ਮਨੁੱਖ ਖੁਸ਼ ਨਹੀਂ । ਮਾਨਸਿਕ ਰੋਗ ਵੱਧ ਰਹੇ ਹਨ , ਕਈ ਸਥਿਤੀਆਂ ਵਿੱਚ ਤਾਂ ਜ਼ਿੰਦਗੀ ਬੋਝ ਬਣ ਕੇ ਰਹਿ ਜਾਂਦੀ ਹੈ।


ਜੇਕਰ ਅਸੀਂ ਆਪਣੇ ਬਜੁਰਗਾਂ ਦੀ ਜ਼ਿੰਦਗੀ ਵੱਲ ਝਾਤੀ ਮਾਰੀਏ ਤਾਂ ਦੇਖਦੇ ਹਾਂ ਕਿ ਉਹਨਾਂ ਕੋਲ ਸਾਡੇ ਜਿੰਨੀਆਂ ਸੁੱਖ ਸੁਵਿਧਾਵਾਂ ਨਹੀਂ ਸਨ ਪਰ ਸਕੂਨ , ਅਰਾਮ ਤੇ ਖੇੜਾ ਸੀ ਜੋ ਕਿ ਅੱਜ ਕੱਲ ਮਨਫੀ ਹੁੰਦਾ ਜਾ ਰਿਹਾ। ਵਿਦਿਆਰਥੀ ਵਰਗ ਮੁਕਾਬਲੇ ਦੀ ਦੁਨੀਆ ਵਿੱਚ ਤਣਾਓ ਦਾ ਸ਼ਿਕਾਰ ਹੈ। ਸੋ ਅਜਿਹੇ ਹਾਲਾਤਾਂ ਵਿੱਚ ਸਿੱਖਿਆ ਦਾ ਅਹਿਮ ਉਦੇਸ਼ ਚੰਗੇ ਇਨਸਾਨ ਦੀ ਸਿਰਜਣਾ ਅਤਿ ਜ਼ਰੂਰੀ ਹੈ ਕਿ ਬੱਚਿਆ ਨੂੰ ਜ਼ਿੰਦਗੀ ਦੀਆ ਚੁਨੌਤੀਆਂ ਦਾ ਸਾਹਮਣਾ ਕਰਨ ਤੇ ਜੀਵਨ ਜਿਊਣ ਦਾ ਹੁਨਰ ਸਿਖਾਇਆ ਜਾਵੇ । ਸਿੱਖਿਆ ਵਿਭਾਗ ਵੱਲੋਂ ਇਸ ਦੀ ਅਹਿਮੀਅਤ ਸਮਝਦਿਆਂ ਇਸ ਨੂੰ ਇਕ ਵਿਸ਼ੇ ਵਜੋਂ ਪੜਾਉਣ ਦਾ ਫੈਸਲਾ ਲੈਣਾ ਬਹੁਤ ਹੀ ਸ਼ਲਾਘਯੋਗ ਹੈ

ਜੀਵਨ ਨੂੰ ਸ਼ਾਨਦਾਰ ਢੰਗ ਨਾਲ ਜਿਉਣ ਲਈ ਸਾਨੂੰ ਜੀਵਨ ਮੁੱਲਾਂ ਦੀ ਪਛਾਣ ਜ਼ਰੂਰੀ ਹੈ । ਸਭ ਤੋਂ ਪਹਿਲਾ ਤੇ ਅਹਿਮ ਮੁੱਲ ਹੈ ਕਿ ਸਾਨੂੰ ਆਪਣੀ ਸਿਹਤ ਪ੍ਰਤੀ ਜਾਗਰੂਕਤਾ ਹੋਵੇ । ਚੰਗੀ ਸਿਹਤ ਲਈ , ਚੰਗਾ ਭੋਜਨ ਤੇ ਸਵੱਛਤਾ ਅਹਿਮ ਹਨ । ਚੰਗੇ ਸਮਾਜਿਕ ਮੁੱਲ, ਸਿਹਤਮੰਦ ਸਮਾਜ ਦੀ ਸਿਰਜਣਾ ਲਈ ਅਹਿਮ ਹਨ ਜੋ ਬੱਚੇ ਦੇ ਸੁਭਾਅ ਤੇ ਚਰਿੱਤਰ ਵਿੱਚ ਸਹਿਜ ਰੂਪ ਵਿੱਚ ਆਉਣੇ ਜ਼ਰੂਰੀ ਹਨ ਜਿਵੇਂ ਕਿ ਸਮੇਂ ਦੀ ਕਦਰ , ਸਤਿਕਾਰ, ਪਿਆਰ,ਇਮਾਨਦਾਰੀ , ਸਹਿਨਸ਼ੀਲਤਾ, ਸਹਿਯੋਗ, ਸੁਰੱਖਿਆ , ਸਵੈ ਵਿਸ਼ਵਾਸ ਤੇ ਉਸਾਰੂ ਸੋਚ , ਪਰਿਵਾਰ, ਸਮਾਜ ਤੇ ਰਾਸ਼ਟਰ ਪ੍ਰਤੀ ਪਿਆਰ ਅਤੇ ਵਧੀਆ ਪਰਿਵਾਰਿਕ ਕਦਰਾਂ ਕੀਮਤਾਂ ਆਦਿ ਕਿੰਨੇ ਸਾਰੇ ਮੁੱਲ ਹਨ ਜੋ ਜ਼ਿੰਦਗੀ ਵਿੱਚ ਖੇੜਾ ਲਿਆਉਂਦੇ ਹਨ । ਜ਼ਿੰਦਗੀ ਦਾ ਮਕਸਦ ਸਿਰਫ ਜਿੱਤਣਾ ਹੀ ਨਹੀਂ ਸਗੋਂ ਹਾਰਾਂ ਨੂੰ ਵੀ ਹੱਸਦੇ ਹੋਏ ਗਲ ਲਾ ਕੇ  ਉਹਨਾਂ ਤੋਂ ਸੇਧ ਲੈਣਾ ਹੁੰਦਾ ਹੈ। ਸਾਹਿਤ ਨਾਲ ਬਾਲ ਉਮਰ ਤੋਂ ਪਿਆ ਪਿਆਰ ਜੀਵਨ ਨੂੰ ਰੁਸ਼ਨਾ ਦਿੰਦਾ ਹੈ।

ਇਹਨਾ ਵਧੀਆ ਗੁਣਾਂ ਨੂੰ ਇੱਕ ਮੋਤੀਆ ਦੀ ਮਾਲਾ ਵਾਂਗ ਪਰੋ ਕੇ ਹਰ ਵਿਦਿਆਰਥੀ ਦੇ ਸੁਭਾਅ , ਆਦਤ ਤੇ ਚਰਿੱਤਰ ਦਾ ਹਿੱਸਾ ਬਣਾਉਣ ਲਈ ਸਿੱਖਿਆ ਵਿਭਾਗ ਪੰਜਾਬ  ਵਚਨਵੱਧ ਹੈ । 'ਸਵਾਗਤ ਜ਼ਿੰਦਗੀ' ਦੇ ਪਾਠਕ੍ਰਮ ਵਿੱਚ ਇਹ ਸਾਰੇ ਗੁਣ ਵਿਦਿਆਰਥੀਆਂ ਦੇ ਮਾਨਸਿਕ ਪੱਧਰ ਅਨੁਸਾਰ ਵਿਉਂਤ ਕੇ ਨਿਯਮਿਤ ਰੂਪ ਵਿੱਚ ਪੜ੍ਹਾਈ ਦੀ ਹਿੱਸਾ ਬਣਾਏ ਜਾ ਰਹੇ ਹਨ ਜੋ ਕਿ ਨਿਵੇਕਲਾ ਤੇ ਪ੍ਰਸੰਸਾ ਯੋਗ ਉਪਰਾਲਾ ਹੈ।

ਇਸ ਮਹੱਤਵ ਪੂਰਨ ਵਿਸ਼ੇ ਨੂੰ ਸਕੂਲ ਸਿੱਖਿਆ ਵਿੱਚ ਸ਼ਾਮਿਲ ਕਰਨ ਦੇ ਵਿਚਾਰ ਤੋਂ ਲੈ ਕੇ ਪਾਠਕ੍ਰਮ ਨੂੰ ਨਿਰਧਾਰਿਤ ਕਰਨਾ, ਇਸਨੂੰ ਕਿਤਾਬੀ ਰੂਪ ਤੱਕ ਪੇਸ਼  ਕਰਨ ਲਈ ਸਾਡੇ ਮਾਣਯੋਗ ਸਿੱਖਿਆ ਸਕੱਤਰ ਸ੍ਰੀ ਕ੍ਰਿਸ਼ਨ ਕੁਮਾਰ ਜੀ ਨੇ ਸਕੂਲ ਸਿੱਖਿਆ ਵਿਭਾਗ ਵਿੱਚ ਸੇਵਾ ਨਿਭਾ ਰਹੇ ਵਿਸ਼ਾ ਮਾਹਿਰ ਅਧਿਆਪਕਾ ਦੀ ਇੱਕ ਟੀਮ ਦਾ ਗਠਿਨ ਕਰਦਿਆਂ ਬਹੁਤ ਹੀ ਅਨੁਸ਼ਾਸਿਤ ਢੰਗ ਤੇ ਲਗਾਤਾਰ ਫਾਲੋਅਪ ਨਾਲ ਸੀਮਤ ਸਮੇਂ ਵਿੱਚ ਸਾਰਾ ਪਰੇਜੈਕਟ ਲਗ-ਪਗ ਨੇਪਰੇ ਚਾੜ੍ਹ ਕੇ ਇਸ ਨੂੰ ਜਲਦੀ ਹੀ ਵਿਦਿਆਰਥੀਆ ਦੇ ਰੂਬਰੂ ਕੀਤਾ ਜਾ ਰਿਹਾ ਹੈ । ਪ੍ਰੀ ਪ੍ਰਾਇਮਰੀ ਤੋਂ ਬਾਰ੍ਹਵੀਂ ਤੱਕ ਸਾਰੇ ਵਿਦਿਆਰਥੀ ਇਸ ਵਿਸ਼ੇ ਨੂੰ ਪੌੜੀ ਦਰ ਪੌੜੀ  ਪੜ੍ਹਦੇ ਹੋਏ ਆਪਣੇ ਜੀਵਨ ਦਾ ਇੱਕ ਹਿੱਸਾ ਬਣਾਉਣਗੇ ਤੇ ਜ਼ਿੰਦਗੀ ਨੂੰ ਜੀ ਆਇਆ ਕਹਿਣ ਦੇ ਸਮਰੱਥ ਬਣਨਗੇ ਅਜਿਹਾ ਮੇਰਾ ਵਿਸ਼ਵਾਸ ਹੈ ।

ਡਾ. ਦਵਿੰਦਰ ਸਿੰਘ ਬੋਹਾ ਜੀ ਦੀ ਸੁਯੋਗ ਨਿਰਦੇਸ਼ਨਾ ਅਧੀਨ ਮੈਨੂੰ ਪ੍ਰਾਇਮਰੀ ਪੱਧਰ ਤੇ ਇਸ ਵਿਸ਼ੇ ਲਈ ਕੰਮ ਕਰਦਿਆਂ ਸੁਪ੍ਰਸਿੱਧ ਸਾਹਿਤਕਾਰਾਂ, ਸਤਪਾਲ ਭੀਖੀ ਜੀ, ਡਾ. ਸਾਵਲ ਧਾਮੀ ਜੀ,ਡਾ. ਸ਼ਮਸ਼ੇਰ ਮੋਹੀ ਜੀ,ਪ੍ਰਗਟ ਸਤੌਜ ( ਢਾਹਾਂ ਪੁਰਸਕਾਰ ਜੇਤੂ) ਗੁਰਪ੍ਰੀਤ ਜੀ, ਮਨਜੀਤ ਪੁਰੀ ,ਤਰਸੇਮ ਜੀ ਤੇ ਮਦਨ ਵੀਰਾ ਜੀ ਦੇ ਨਾਲ ਨਵੇਂ ਚਿਹਰਿਆਂ ਸੁਖਵਿੰਦਰ, ਅਵਤਾਰ ਤੇ ਡਾ. ਲਖਵਿੰਦਰ ਕੌਰ ਨਾਲ ਕੰਮ ਕਰਦਿਆਂ ਬਹੁਤ ਕੁੱਝ ਸਿੱਖਣ ਲਈ ਮਿਲ੍ਹਿਆ । ਲਾਕ ਡਾਊਨ ਦਾ ਸਮਾਂ ਸਾਡੇ ਲਈ ਬਾਲ ਸਾਹਿਤ  ਸਿਰਜਣਾ ਦੀ ਵਰਕਸ਼ਾਪ ਹੋ ਨਿੱਬੜਿਆ। ਧੰਨਵਾਦ ਸਿੱਖਿਆ ਵਿਭਾਗ ਪੰਜਾਬ....... ਜੀ ਆਇਆਂ !



**ਡਾ. ਪੁਸ਼ਵਿੰਦਰ ਕੌਰ**

# ਸੁਰਿੰਦਰ ਗੀਤ ਦਾ ਰਚਨਾ ਸੰਸਾਰ




ਤੁਰੀ ਸਾਂ ਮੈਂ ਉਥੋਂ, ਸੁਣ ਨੀ ਜਿੰਦੇ, ਚੰਦ ਸਿਤਾਰੇ ਮੇਰੇ ਵੀ ਨੇ, ਮੋਹ ਦੀਆਂ ਛੱਲਾਂ, ਕਾਨੇ ਦੀਆਂ ਕਲਮਾਂ ਅਤੇ ਰੁੱਖ ਤੇ ਪੰਛੀ ਤੋਂ ਬਾਅਦ ਕੈਨੇਡਾ ਵਸਦੀ ਸ਼ਾਇਰਾ ਸੁਰਿੰਦਰ ਗੀਤ ਦੀਆਂ ਨਵੀਆਂ ਪੁਸਤਕਾਂ


## ਸ਼ਬਦ ਸੁਨੱਖੇ, ਧੀ ਦਾ ਕਰਜ਼ , ਸੁਰਿੰਦਰ ਗੀਤ ਕਾਵਿ: ਦ੍ਰਿਸ਼ਟੀਗਤ ਪ੍ਰਵਚਨ






RNI NO. PUNPUN / 2006 / 16230 April-September 2020 ISSN: 2277-9930



## ਪ੍ਰਤੀਕ ਪਬਲੀਕੇਸ਼ਨਜ਼ ਦੀਆਂ ਨਵ-ਪ੍ਰਕਾਸ਼ਿਤ ਪੁਸਤਕਾਂ
































ਪ੍ਰਕਾਸ਼ਨ ਦੀ ਦੁਨੀਆਂ ਵਿੱਚ ਭਰੋਸੇਯੋਗ ਨਾਮ

**ਪ੍ਰਤੀਕ ਪਬਲੀਕੇਸ਼ਨਜ਼, ਪਟਿਆਲਾ**

ਸੰਪਰਕ: 98773-58869, 97810-33133

PARTEEK PUBLICATIONS